ਸਮੂਹ ਸਾਧ ਸੰਗਤ ਨੂੰ ਵਿਸਾਖੀ ਦੇ ਪਵਿੱਤਰ ਦਿਹਾੜੇ ਅਤੇ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਥਾਪਿਤ "ਖਾਲਸਾ ਪੰਥ" ਦੀ ਸਥਾਪਨਾ ਦਿਵਸ 'ਤੇ ਲੱਖ-ਲੱਖ ਵਧਾਈਆਂ

ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 1
April 9, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com

ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦੇ 124ਵੇਂ ਜਨਮ ਦਿਹਾੜੇ 'ਤੇ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ। ਸਾਡਾ ਅਗਲਾ ਅੰਕ ਡਾ. ਅੰਬੇਦਕਰ ਦੇ ਜਨਮ ਦਿਨ ਨੂੰ ਸਮਰਪਿਤ ਹੋਵੇਗਾ।

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## 17ਵਾਂ ਮਹਾਨ ਸਥਾਪਨਾ ਦਿਵਸ ਅਤੇ ਨਗਰ ਕੀਰਤਨ 12 ਅਪ੍ਰੈਲ ਨੂੰ



**ਸਟਾਕਟਨ–** ਗਦਰੀ ਬਾਬਿਆਂ ਦੇ ਇਤਿਹਾਸਕ ਸਥਾਨ ਗੁਰਦੁਆਰਾ ਸਟਾਕਟਨ ਵਿਖੇ 17ਵਾਂ ਮਹਾਨ ਸਥਾਪਨਾ ਦਿਵਸ ਅਤੇ ਨਗਰ ਕੀਰਤਨ ਧੂੰਮ ਧਾਮ ਨਾਲ ਮਨਾਇਆ ਜਾ ਰਿਹਾ ਹੈ।12 ਅਪ੍ਰੈਲ ਦਿਨ ਐਤਵਾਰ ਨੂੰ ਮਨਾਏ ਜਾ ਰਹੇ 317ਵੇਂ ਸਾਜਨਾ ਦਿਵਸ ਅਤੇ ਵਿਸਾਖੀ ਪੁਰਬ ਮੌਕੇ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਪੰਜਾਂਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਆਰੰਭ ਹੋਵੇਗਾ ਅਤੇ 4 ਘੰਟੇ ਦੀ ਨਗਰ ਯਾਤਰਾ ਪਿੱਛੋਂ ਗੁਰੂ ਘਰ ਵਾਪਸ ਪਰਤੇਗਾ। ਗੁਰਦੁਆਰਾ ਸਾਹਿਬ ਸਟਾਕਟਨ, ਕੈਲੀਫੋਰਨੀਆ ਦੀ ਸਮੂਹ ਕਮੇਟੀ ਵੱਲੋਂ ਸੰਗਤਾਂਨੂੰ ਅਪੀਲ ਕੀਤੀ ਗਈ ਕਿ ਉਹ ਹੁੰਮ ਹੁੰਮਾ ਕੇ ਇਸ ਨਗਰ ਕੀਰਤਨ ਅਤੇ ਵਿਸਾਖੀ ਪੁਰਬ ਮੌਕੇ ਗੁਰੂ ਘਰ ਹਾਜ਼ਰੀ ਲਵਾਉਣ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

## ਇਤਿਹਾਸਿਕ ਇਕੱਠ ਦੇ ਵਿਚ ਸੰਪਨ ਹੋਇਆ 15ਵਾਂ ਮੇਲਾ ਗਦਰੀ ਬਾਬਿਆਂ ਦਾ'

### ਵਿਦੇਸ਼ਾਂ ਵਿਚ ਨਿੱਕਾ ਪੰਜਾਬ ਬਣਾਉਣ ਵਾਲਿਓ ਕਦੇ ਪੰਜਾਬ ਵਿਚ ਨਿੱਕਾ ਵਿਦੇਸ਼ ਵੀ ਸਿਰਜ ਕੇ ਵੇਖੋ - ਜਤਿੰਦਰ ਪੰਨੂ




**ਫਰਿਜ਼ਨੋਂ (ਕੁਲਵੀਰ ਹੇਅਰ, ਗੁਰਰੀਤ ਬਰਾੜ)–** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਗਦਰੀ ਬਾਬਿਆ ਦੀ ਸੋਚ ਨੂੰ ਸਲਾਮ ਕਰਨ ਲਈ ਹਰ ਸਾਲ ਕਰਵਾਏ ਜਾਦੇ ਮੇਲਿਆਂ ਦੀ ਲੜੀ ਵਿਚ ਇਸ ਸਾਲ ਦਾ 15 ਵਾਂ ਮੇਲਾ ਮਾਰਚ 29, 2015 ਨੂੰ ਰੀਜੈਂਸੀ ਪੈਲੇਸ ਫਰਿਜ਼ਨੋ ਵਿਚ ਪੂਰੀ ਸਫਲਤਾ ਨਾਲ ਕਰਵਾਇਆ ਗਿਆ। ਹਰ ਸਾਲ ਦੀ ਤਰਾਂ ਇਸ ਵਾਰ ਵੀ ਇਹ ਮੇਲਾ ਸਾਹਿਤਕ, ਸਭਿਆਚਾਰਕ ਅਤੇ ਕਲਾ ਖੇਤਰ ਦੇ ਨਾਲ ਨਾਲ ਸਮਾਜਕ ਸਰੋਕਾਰਾਂ ਲਈ ਇਕ ਅਦੁੱਤੀ ਮੰਚ ਹੋ ਨਿਬੜਿਆ ਜਿਸ ਦਾ ਅਨੰਦ ਖਚਾ-ਖਚ ਭਰੇ ਹਾਲ ਵਿਚ ਲੋਕਾਂ ਨੇ ਕਈ ਘੰਟੇ ਮਾਣਿਆ। ਇਹ ਮੇਲਾ ਗਦਰ ਲਹਿਰ

(ਬਾਕੀ ਸਫਾ 15 ਤੇ)

## ਅਫਸਰ ਭਰਤੀ ਕਰਕੇ ਕਰੋੜਾਂ ਹਾਸਲ ਕਰਨ ਵਾਲੇ ਰਵੀ ਸਿੱਧੂ ਨੂੰ ਹੁਣ ਮਿਲੇਗੀ 25 ਰੁਪਏ ਦਿਹਾੜੀ

**ਪਟਿਆਲਾ–** ਹਜ਼ਾਰਾਂ ਗਜ਼ਟਿਡ ਅਫਸਰ ਭਰਤੀ ਕਰਨ ਸਮੇਤ ਕਰੋੜਾਂ ਵਿੱਚ ਖੇਡਦਾ ਰਿਹਾ ਰਵਿੰਦਰ ਪਾਲ ਸਿੰਘ ਉਰਫ ਰਵੀ ਸਿੱਧੂ (ਸਾਬਕਾ ਚੇਅਰਮੈਨ ਪੀ ਪੀ ਐਸ ਸੀ) ਨੂੰ ਹੁਣ ਜੇਲ੍ਹ ਵਿੱਚ ਹੋਰ ਕੈਦੀਆਂ ਵਾਂਗ ਕੰਮ ਕਰਨਾ ਪਵੇਗਾ। ਉਸ ਨੂੰ ਰੋਜ਼ਾਨਾ 25 ਤੋਂ 35 ਰੁਪਏ ਦਿਹਾੜੀ ਮਿਲਿਆ ਕਰੇਗੀ। ਉਂਜ ਪਹਿਲੇ ਤਿੰਨ ਮਹੀਨੇ ਭਾਵੇਂ ਕੰਮ ਕਰਨਾ ਪਵੇਗਾ ਪਰ ਪੈਸਾ ਕੋਈ ਨਹੀਂ ਮਿਲੇਗਾ ਕਿਉਂਕਿ ਇਹ ਟਰੇਨਿੰਗ ਪੀਰੀਅਡ ਹੁੰਦਾ ਹੈ।

ਰਵੀ ਸਿੱਧੂ ਨੂੰ 13 ਸਾਲ ਪੁਰਾਣੇ ਕੇਸ ਵਿੱਚ ਪਟਿਆਲਾ ਦੀ ਅਦਾਲਤ ਵੱਲੋਂ ਸੱਤ ਸਾਲਾਂ ਦੀ ਬਾਮੁਸ਼ੱਕਤ ਕੈਦ ਦੀ ਸਜ਼ਾ ਸੁਣਾਈ ਗਈ ਹੈ। ਨਾਲ ਹੀ ਇਕ ਕਰੋੜ ਰੁਪਏ ਤੋਂ ਵੱਧ ਦਾ ਜੁਰਮਾਨਾ ਵੀ ਕੀਤਾ ਗਿਆ ਹੈ। ਜੇਲ੍ਹ ਨਿਯਮਾਂ ਅਨੁਸਾਰ ਬਾਮੁਸ਼ੱਕਤ ਸਜ਼ਾ ਵਾਲੇ ਕੈਦੀਆਂ ਕੋਲੋਂ ਜੇਲ੍ਹ ਵਿੱਚ ਕੰਮ ਲਿਆ ਜਾਂਦਾ ਹੈ। ਕੇਂਦਰੀ ਜੇਲ੍ਹ ਪਟਿਆਲਾ ਵਿੱਚ ਕੁਝ ਰਕਬੇ



ਵਿੱਚ ਕਾਸ਼ਤ ਵੀ ਕੀਤੀ ਜਾਂਦੀ ਹੈ, ਜਿਥੇ ਕੈਦੀ ਹੀ ਕੰਮ ਕਰਦੇ ਹਨ। ਕਈ ਕੈਦੀ ਜੇਲ੍ਹ ਵਿਚਲੀ ਫੈਕਟਰੀ ਵਿੱਚ ਫਰਨੀਚਰ ਬਣਾਉਣ ਸਮੇਤ ਦਰੀਆਂ ਅਤੇ ਖੇਸ ਆਦਿ ਵੀ ਬੁਣਦੇ ਹਨ। ਕਈਆਂ ਤੋਂ ਜੇਲ੍ਹ ਵਿਚਲੇ ਮੁੱਖ ਦਫ਼ਤਰ ਵਿੱਚ ਕੰਪਿਊਟਰ ਚਲਾਉਣਾ ਜਾਂ ਫੇਰ ਹੋਰ ਲਿਖਤ ਪੜ੍ਹਤ ਆਦਿ ਦਾ ਕੰਮ ਲਿਆ ਜਾਂਦਾ ਹੈ।

ਸੰਪਰਕ ਕਰਨ 'ਤੇ ਵਧੀਕ ਜੇਲ੍ਹ ਸੁਪਰਡੈਂਟ ਰਾਜਨ ਕਪੂਰ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਰਵੀ ਸਿੱਧੂ ਨੂੰ ਹੋਰ ਕੈਦੀਆਂ ਵਾਂਗ ਭਲਕੇ ਤੋਂ ਕੰਮ 'ਤੇ ਲਾਇਆ ਜਾ ਰਿਹਾ ਹੈ। ਉਂਜ ਕੈਦੀ ਦੇ ਸਰੀਰਕ ਪੱਖੋਂ ਫਿੱਟ ਹੋਣ, ਉਸ ਦੀ ਵਿਦਿਅਕ ਯੋਗਤਾ ਤੇ ਕਿਸੇ ਕੰਮ ਵਿੱਚ ਮੁਹਾਰਤ ਰੱਖਣ ਆਦਿ ਗੱਲਾਂ ਨੂੰ ਆਂਕਣ ਉਪਰੰਤ ਹੀ ਕੰਮ ਦੀ ਚੋਣ ਕੀਤੀ ਜਾਂਦੀ ਹੈ। ਜੇਲ੍ਹ ਅਧਿਕਾਰੀ ਨੇ ਕੰਮ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਪਰ ਸੰਭਾਵਨਾ ਹੈ ਕਿ ਰਵੀ ਸਿੱਧੂ ਤੋਂ ਜੇਲ੍ਹ ਦਫ਼ਤਰ ਵਿਖੇ ਕੰਪਿਊਟਰ ਜਾਂ ਪੜ੍ਹਨ ਲਿਖਣ 'ਤੇ ਆਧਾਰਿਤ ਕੰਮ ਲਿਆ ਜਾ ਸਕਦਾ ਹੈ। ਰਵੀ ਸਿੱਧੂ ਦੇ ਨਾਲ ਹੀ ਪੀਪੀਐਸਸੀ ਦੇ ਸਾਬਕਾ ਸਕੱਤਰ ਪ੍ਰਿਤਪਾਲ ਸਿੰਘ ਅਤੇ ਪਰਮਜੀਤ ਸਿੰਘ ਨੂੰ ਵੀ ਜੇਲ੍ਹ ਵਿੱਚ ਕੰਮ ਕਰਨਾ ਪਵੇਗਾ।

## ਪਾਠਕਾਂ ਦੇ ਲਈ ਖੁਸ਼ਖਬਰੀ

ਸਤਿਕਾਰਯੋਗ ਸਮੂਹ ਇਸ਼ਤਿਹਾਰਦਾਤਾਵਾਂ ਅਤੇ ਪਾਠਕਾਂ ਸਾਹਿਬਾਨ, ਲੇਖਕਾਂ ਅਤੇ ਪ੍ਰਸ਼ੰਸਕਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ 13 ਅਪ੍ਰੈਲ ਨੂੰ ਹਫਤਾਵਾਰੀ 'ਦੇਸ਼ ਦੁਆਬਾ' ਚੌਥੇ ਸਾਲ ਵਿਚ ਪ੍ਰਵੇਸ ਕਰ ਰਿਹਾ ਹੈ। ਹੱਥਲਾ ਅੰਕ ਚੌਥੇ ਸਾਲ ਦਾ ਪਹਿਲਾ ਅੰਕ ਹੈ। ਇਹ ਤੁਹਾਡੇ ਸਹਿਯੋਗ ਸਦਕਾ ਹੀ ਸੰਭਵ ਹੋ ਸਕਿਆ ਹੈ। ਅਸੀਂ ਇਹ ਉਮੀਦ ਕਰਦੇ ਹਾਂ ਕਿ ਭਵਿੱਖ ਵਿਚ ਸਾਨੂੰ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ। ਅਸੀਂ ਵੀ ਤੁਹਾਡੀਆਂ ਆਸ਼ਾਵਾਂ ਤੇ ਖਰੇ ਉਤਰਨ ਲਈ ਪੂਰੀ ਕੋਸ਼ਿਸ਼ ਕਰਾਂਗੇ।

**-ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**

KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager

50 % Off
On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674


SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
MANDEEP SANDHU
msandhu2014@gmail.com
3222 PENELOPE DR.
STOCKTON, CA- 95212
(NEAR HWY 99 ON MORADA LANE)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing

Prop: Jasbir Singh Takhar
510-755-2132
510- 733- 2222
1421 Industrial PKWY
West#F Hayward, CA 94544
Harmandeep Singh


MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਖਾਲਸਾ ਜੀ ਦੇ 317ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 17ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਾਰੀ ਦੁਨੀਆਂ ਵਿਚ ਵੱਸਦੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ ਲੱਖ ਲੱਖ ਵਧਾਈਆਂ







## Baba Deep Singh Welfare Society USA



ਖਾਲਸਾ ਜੀ ਦੇ ਖਾਲਸਾ
ਜੀ ਦੇ 317ਵੇਂ
ਪ੍ਰਗਟ ਦਿਹਾੜੇ, ਸਟਾਕਟਨ ਦੇ
17ਵੇਂ ਨਗਰ ਕੀਰਤਨ ਅਤੇ
ਵਿਸਾਖੀ ਦੀਆਂ ਸਾਰੀ ਦੁਨੀਆਂ
ਵਿਚ ਵੱਸਦੀ ਸਿੱਖ ਕੌਮ ਅਤੇ
ਪੰਜਾਬੀ ਭਾਈਚਾਰੇ ਨੂੰ
ਲੱਖ ਲੱਖ ਵਧਾਈਆਂ

ਵੱਲੋਂ

# ਪ੍ਰੀਤਮ ਸਿੰਘ ਗਰੇਵਾਲ
# ਦੇਵ ਸਿੰਘ ਗਰੇਵਾਲ



ਸ. ਦੇਵ ਸਿੰਘ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ

# ਇਕ ਸਧਾਰਨ ਬਿਜ਼ਨਸਮੈਨ

# 18 ਅਪ੍ਰੈਲ ਦੇ ਵਿਸਾਖੀ ਮੇਲੇ ਦੀਆਂ ਤਿਆਰੀਆਂ ਮੁਕੰਮਲ



**ਸੈਕਰਾਮੈਂਟੋ/ ਬਿਊਰੋ ਨਿਊਜ਼:** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ 26ਵਾਂ ਵਿਸਾਖੀ ਮੇਲਾ 18 ਅਪ੍ਰੈਲ 2015 ਸ਼ਨਿਚਰਵਾਰ ਨੂੰ ਸ਼ਾਮੀਂ 3:00 ਵਜੇ S.E.S.Hall : 10427 E. Stockton Blv, CA 95624 ਵਿਖੇ ਮਨਾਇਆ ਜਾ ਰਿਹਾ ਹੈ। ਇਸ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸੈਕਰਾਮੈਂਟੋ ਵਿੱਚ ਮੈਕ ਰੋਡ ਤੇ ਸਥਿਤ 'ਮਾਊਂਟੇਨ ਮਾਈਕ ਪੀਜ਼ਾ' ਵਿਖੇ ਇੱਕ ਮੀਟਿੰਗ ਸੱਦੀ ਗਈ। ਮੀਟਿੰਗ ਦਾ ਆਰੰਭ ਸੰਸਥਾ ਦੇ ਬਾਨੀ ਰਛਪਾਲ ਸਿੰਘ ਫਰਵਾਲਾ ਵਲੋਂ ਹਾਜ਼ਰ ਮੈਂਬਰਾਂ ਨੂੰ ਜੀ ਆਇਆਂ ਕਹਿਣ ਉਪਰੰਤ ਹੋਇਆ।

ਰਾਜ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਚਲੀ ਇਸ ਮੀਟਿੰਗ ਵਿਚ ਮੇਲੇ ਦੇ ਪ੍ਰਬੰਧਾਂ ਦਾ ਸੰਪੂਰਨ ਜਾਇਜ਼ਾ ਲਿਆ ਗਿਆ। ਮੀਟਿੰਗ ਵਿਚ ਮੌਜੂਦ ਮੈਂਬਰਾਂ ਨੇ ਇਸ ਨਾਲ ਤਸਲੀ ਦਾ ਪ੍ਰਗਟਾਵਾ ਕੀਤਾ। ਇਸ ਵਾਰ ਵੀ ਸ਼ਾਨਦਾਰ ਪਰਿਵਾਰਕ ਰਵਾਇਤ ਵਾਲੇ ਇਸ ਮੇਲੇ ਵਿਚ ਕਈ ਸਕੂਲਾਂ ਅਤੇ ਕਾਲਜਾਂ ਦੀਆਂ ਟੀਮਾਂ ਆਪਣੀਆਂ ਨਵੇਕਲੀਆਂ ਆਈਟਮਾਂ ਲੈ ਕੇ ਬੜੇ ਉਤਸ਼ਾਹ ਨਾਲ ਪਹੁੰਚ ਰਹੀਆਂ ਹਨ। ਮੇਲੇ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਪੰਜਾਬੀ ਸਭਿਆਚਾਰ ਨਾਲ ਜੁੜੇ ਹਰਮਨ ਪਿਆਰੇ ਗਾਇਕ ਵੀ ਆਪਣੀ ਕਲਾ ਦੇ ਰੰਗ ਬਿਖੇਰਨਗੇ। ਇਸ ਸੰਸਥਾ ਵਲੋਂ ਇਸ ਵਾਰ ਸਮਾਜ ਸੇਵੀਆਂ ਨੂੰ ਮਾਣ ਬਖ਼ਸ਼ਣ ਦੀ ਪਾਈ ਪਿਰਤ ਤੇ ਚਲਦਿਆਂ ਪੱਤਰਕਾਰੀ ਦੇ ਖੇਤਰ ਵਿਚ ਹਫਤਾਵਾਰੀ ਅਖ਼ਬਾਰ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ: ਪ੍ਰੇਮ ਕੁਮਾਰ ਚੁੰਬਰ ; 'ਸਾਡੇ ਲੋਕ' ਦੇ ਚੀਫ ਐਡੀਟਰ : ਸਤਨਾਮ ਸਿੰਘ ਖਾਲਸਾ ਅਤੇ ਇਸ ਸੰਸਥਾ ਦਾ ਲਗਾਤਾਰ 20 ਸਾਲਾਂ ਤੋਂ ਸਾਥ ਨਿਭਾਉਂਦੇ ਆ ਰਹੇ: ਬਖ਼ਸ਼ੀਸ ਸਿੰਘ ਗਿੱਲ ਤੇ ਤੀਰਥ ਸਿੰਘ ਸਹੋਤਾ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ।

ਮੇਲੇ ਸਬੰਧੀ ਇਸ ਮੀਟਿੰਗ ਤੇ ਪਹੁੰਚੇ ਮੈਂਬਰਾਂ ਵਿਚ ਹਰਜਿੰਦਰ ਪੰਧੇਰ, ਤੀਰਥ ਸਿੰਘ ਸਹੋਤਾ, ਕਮਲ ਬੰਗਾ, ਜਸਵੰਤ ਸਿੰਘ ਸ਼ਾਦ, ਅਜੈਬ ਸਿੰਘ ਕਾਹਲੋਂ, ਪਰਮਿੰਦਰ ਵਿਰਕ, ਬਖਸ਼ੀਸ ਸਿੰਘ ਗਿੱਲ, ਰਾਜ ਸਿੰਘ ਬਰਾੜ, ਗੁਰਨੇਕ ਸਿੰਘ ਢਿਲੋਂ ਅਤੇ ਸ਼ਿੰਗਾਰਾ ਰਾਮ ਨੇ ਭਾਗ ਲਿਆ। ਮੇਲੇ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਮੈਂਬਰਾਂ ਵਲੋਂ ਮੇਲੇ ਦਾ ਭਰਭੂਰ ਅਨੰਦ ਮਾਣਨ ਲਈ ਇਲਾਕਾ ਨਿਵਾਸੀਆਂ ਨੂੰ ਪਰਿਵਾਰਾਂ ਸਮੇਤ ਹੁੰਮ ਹੁਮਾ ਕੇ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ। ਮੇਲਾ ਦੇਖਣ ਆਉਣ ਵਾਲਿਆਂ ਦੀ ਕੋਈ ਦਾਖਲਾ ਫੀਸ ਨਹੀਂ ਹੋਵੇਗੀ। ਸਕਿਉਰਟੀ ਦਾ ਪੂਰਾ ਪ੍ਰਬੰਧ ਕੀਤਾ ਜਾਵੇਗਾ ।

**ਵਲੋਂ: ਸਮੂਹ ਪ੍ਰਬੰਧਕ ਕਮੇਟੀ**
**ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ।**

## ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵਿਚ ਅਪ੍ਰੈਲ ਮਹੀਨੇ ਦੇ ਹੋਣ ਵਾਲੇ ਪ੍ਰੋਗਰਾਮ

**ਨਿਊਯਾਰਕ–** ਗੁਰੂ ਰਵਿਦਾਸ ਗੁਰੂ ਘਰ 61-01 ਬਰਾਡਵੇ ਨਿਊਯਾਰਕ ਵਿਖੇ ਪ੍ਰਬੰਧਕੀ ਸੇਵਾਦਾਰਾਂ ਨੇ ਸਾਧ ਸੰਗਤ ਦੇ ਸਹਿਯੋਗ ਨਾਲ ਅਪ੍ਰੈਲ ਮਹੀਨੇ ਵਿਚ ਆ ਰਹੇ ਮਹਾਨ ਦਿਹਾੜਿਆਂ ਨੂੰ ਹੇਠ ਲਿਖੇ ਅਨੁਸਾਰ ਮਨਾਉਣ ਲਈ ਪ੍ਰੋਗਰਾਮ ਉਲੀਕੇ ਹਨ।

1 12 ਅਪ੍ਰੈਲ ਦਿਨ ਐਤਵਾਰ ਨੂੰ ਖਾਲਸੇ ਦਾ ਪ੍ਰਗਟ ਦਿਵਸ ਵਿਸਾਖੀ ਅਤੇ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਮਨਾਇਆ ਜਾਵੇਗਾ।

2 26 ਅਪ੍ਰੈਲ ਦਿਨ ਐਤਵਾਰ ਨੂੰ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਅਤੇ ਗਿਆਨੀ ਦਿੱਤ ਸਿੰਘ ਦਾ ਜਨਮ ਦਿਨ ਮਨਾਇਆ ਜਾਵੇਗਾ।

3 3 ਮਈ ਦਿਨ ਐਤਵਾਰ ਨੂੰ ਭਾਰਤ ਰਤਨ ਡਾ. ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ ਜਾਵੇਗਾ।

ਇਹਨਾਂ ਸਾਰੇ ਪ੍ਰੋਗਰਾਮਾਂ ਵਿਚ ਗੁਰੂ ਦੇ ਕੀਰਤਨੀਏ, ਕਥਾਵਾਚਕ, ਢਾਡੀ ਸਾਹਿਬਾਨ ਹਾਜ਼ਰੀ ਭਰ ਕੇ ਸੰਗਤਾਂ ਨੂੰ ਗੁਰੂ ਵਿਚਾਰਾਂ ਨਾਲ ਜੋੜਨਗੇ। ਬੁਲਾਰੇ ਆਪਣੇ ਵਿਚਾਰਾਂ ਨਾਲ ਸਾਂਝ ਪਾਉਣਗੇ। ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਸੰਗਤਾਂ ਨੂੰ ਹੁੰਮ ਹੁੰਮਾ ਕੇ ਪਹੁੰਚਣ ਲਈ ਨਿਮਰਤਾ ਸਹਿਤ ਬੇਨਤੀ ਹੈ ਜੀ। **ਸਮੂਹ ਪ੍ਰਬੰਧਕੀ ਸੇਵਾਦਾਰ**

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) 26 ਅਪ੍ਰੈਲ ਨੂੰ ਡਾ.ਅੰਬੇਦਕਰ ਜੈਯੰਤੀ ਮਨਾਵੇਗੀ

**ਯੂਨੀਅਨ ਸਿਟੀ (ਦੇਸ਼ ਦੁਆਬਾ ਬਿਊਰੋ)–** ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਵਾਈਸ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਅਦਾਰਾ ''ਦੇਸ਼ ਦੁਆਬਾ'' ਨੂੰ ਦੱਸਿਆ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਦਕਰ ਜੀ ਦਾ 124ਵਾਂ ਜਨਮ ਦਿਹਾੜਾ 26 ਅ੍ਰਪੈਲ ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਾਪਰਟੀ 31252 ਵੈਸੀ ਸਟ੍ਰੀਟ, ਯੂਨੀਅਨ ਸਿਟੀ, 'ਕੈਲੀਫੋਰਨੀਆ) 94587 ਵਿਖੇ 26 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ ਬਾਅਦ 3 ਵਜੇ ਤੱਕ ਮਨਾਇਆ ਜਾਵੇਗਾ। ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪੋ ਆਪਦੇ ਕੀਮਤੀ ਰੁਝੇਵਿਆਂ ਵਿਚੋਂ ਵਿਹਲ ਕੱਢ ਕੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ।

ਪ੍ਰੋਗਰਾਮ ਸਬੰਧਤ ਹੋਰ ਜਾਣਕਾਰੀ ਲਈ ਸੰਤੋਖ ਸਿੰਘ ਸਰੋਇਆ 408-509-9697, ਵਿਨੋਦ ਕੁਮਾਰ ਚੁੰਬਰ 510-219-5672, ਸੋਹਣ ਲਾਲ 510-552-6107 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਫੀਨਿਕਸ਼ ਦੇਸੀ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਛੇਵਾਂ ਵਿਸਾਖੀ ਮੇਲੇ 'ਤੇ ਲੱਗੀਆਂ ਰੌਣਕਾਂ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ, ਨੀਟਾ ਮਾਛੀਕੇ):** ਅਮਰੀਕਾ ਦੀ ਸਟੇਟ ਐਰੀਜ਼ੋਨਾਂ ਵਿੱਚ ਪੰਜਾਬੀ ਭਾਈਚਾਰੇ ਦੀ ਵਧਦੀ ਹੋਈ ਵਸੋਂ ਦੇ ਨਾਲ-ਨਾਲ ਹੁਣ ਖੇਡਾ ਅਤੇ ਸੱਭਿਆਚਾਰਕ ਮੇਲਿਆ ਦੀ ਆਵਾਜ਼ ਵੀ ਗੂਜ਼ਣ ਲੱਗੀ ਹੈ। ਇਸੇ ਆਵਾਜ਼ ਨੂੰ ਹੋਰ ਬੁਲੰਦ ਕਰਦੇ ਹੋਏ ਅਤੇ ਆਪਣੀ ਪਹਿਚਾਣ ਬਣਾਉਦੇ ਹੋਏ ਫੀਨਿਕਸ਼ ਸ਼ਹਿਰ ਦੇ "ਫੀਨਿਕਸ਼ ਦੇਸੀ ਸਪੋਰਟਸ਼ ਐਂਡ ਕਲਚਰਲ ਕਲੱਬ" ਦੇ ਸਮੂੰਹ ਪ੍ਰਬੰਧਕਾ ਵੱਲੋਂ ਛੇਵਾਂ ਵਿਸਾਖੀ ਮੇਲਾ 'ਹੈਮਰ ਪਾਰਕ' (Hammers Park) ਵਿੱਚ ਕਰਵਾਇਆ ਗਿਆ। ਸਾਰਾ ਦਿਨ ਚੱਲੇ ਵਿੱਚ ਮੇਲੇ ਦੀ ਸੁਰੂਆਤ ਬੱਚਿਆਂ ਦੇ ਖੇਡ ਮੁਕਾਬਲੇ ਨਾਲ ਕੀਤੀ ਗਈ। ਜਿਸ ਸਮੇਂ ਆਦਮੀਆਂ ਅਤੇ ਔਰਤਾਂ ਦੇ ਰੱਸਾਕਸ਼ੀ ਮੁਕਾਬਲੇ ਦੇਖਣਯੋਗ ਸਨ। ਇਸ ਉਪਰੰਤ ਬਾਅਦ ਦੁਪਿਹਰ ਅਗਲੇ ਦੌਰ ਵਿੱਚ ਸੱਭਿਆਚਾਰਕ ਮੇਲੇ ਦਾ ਆਗਾਜ਼ ਕੀਤਾ ਗਿਆ। ਜਿਸ ਵਿੱਚ ਗਿੱਧੇ-ਭੰਗੜੇ, ਸਕਿੱਟਾਂ, ਗੀਤ-ਸੰਗੀਤ ਤੋਂ ਇਲਾਵਾ ਬੱਚਿਆ ਨੂੰ ਪੰਜਾਬੀ ਸੱਭਿਆਚਾਰ ਅਤੇ ਧਰਮ ਨਾਲ ਜੋੜਨ ਲਈ ਸਵਾਲ-ਜਵਾਬ ਦੇ ਮੁਕਾਬਲੇ ਵੀ ਹੋਏ। ਇਸ ਚੱਲੇ ਚਾਰ ਘੰਟੇ ਤੋਂ ਵਧੀਕ ਸਟੇਜ਼ ਅਦਾਕਾਰੀ ਨੇ ਦਰਸ਼ਕਾਂ ਨੂੰ ਮੰਨੋਰੰਜ਼ਨ ਰਾਹੀ ਕੀਲੀ ਰੱਖਿਆਂ।

ਸਾਰੇ ਹਿੱਸਾ ਲੈਣ ਵਾਲੇ ਬੱਚਿਆ ਨੂੰ ਦਿਲਕਸ਼ ਇਨਾਮ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਮੇਲੇ ਦੀ ਪ੍ਰਬੰਧਕੀ ਕਮੇਟੀ ਦੇ ਅਣਥੱਕ ਮੈਂਬਰ ਸ. ਚਮਕੌਰ ਸਿੰਘ ਰਾਏਕੇ ਨੂੰ 'ਜਗਦੇਵ ਸਿੰਘ ਜੱਸੋਵਾਲ' ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਮੇਲੇ ਦੌਰਾਨ ਸਟੇਜ਼ ਸੰਚਾਲਨ ਗੁਰਸ਼ਰਨ ਕੌਰ ਗਿੱਲ ਅਤੇ ਹਰਦੀਪ ਸਿੰਘ ਸੋਢੀ ਨੇ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ।

ਮੇਲੇ ਦੌਰਾਨ ਵੱਖ-ਵੱਖ ਤਰ੍ਹਾਂ ਦੇ ਪੰਜਾਬੀ ਖਾਣੇ ਦੇ ਸਟਾਲ ਅਤੇ ਰਾਤਰੀ ਦੇ ਖਾਣੇ ਦਾ ਪ੍ਰਬੰਧ ਵੀ ਹਾਜ਼ਰੀਨ ਲਈ ਪ੍ਰਬੰਧਕਾਂ ਵੱਲੋ ਫਰੀ ਵਿੱਚ ਕੀਤਾ ਗਿਆ ਸੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਸਟਾਲ ਅਤੇ ਦੁਕਾਨਾ ਪੰਜਾਬ ਦੇ ਮੇਲੇ ਦੀ ਤਸਵੀਰ ਪੇਸ਼ ਤਾਜ਼ਾ ਕਰ ਰਹੇ ਸਨ।

ਇਸ ਸਮੁੱਚੇ ਪਰਿਵਾਰਕ ਪ੍ਰੋਗਰਾਮ ਦਾ ਸਿੱਧਾ ਪ੍ਰਸ਼ਾਰਣ 'ਗਲੋਬਲ ਪੰਜਾਬ ਟੀ. ਵੀ.' ਵੱਲੋਂ ਕੀਤਾ ਗਿਆ ਸੀ। ਇਸ ਮੇਲੇ ਦੀ ਕਾਮਯਾਬੀ ਲਈ ਸਮੂੰਹ ਪ੍ਰਬੰਧਕ ਵਧਾਈ ਦੇ ਪਾਤਰ ਹਨ।

ਜਿੰਨ੍ਹਾਂ ਵਿੱਚ ਸ. ਸੁਰਿੰਦਰ ਸਿੰਘ ਸੋਢੀ, ਸ. ਚਮਕੌਰ ਸਿੰਘ ਰਾਏਕੇ, ਸ. ਹਰਮਿੰਦਰ ਸਿੰਘ ਧਨੋਆ, ਸ. ਦਵਿੰਦਰ ਸਿੰਘ ਸੇਖੋ, ਸ. ਦਰਸਨ ਸਿੰਘ ਗਿੱਲ, ਸ. ਜਗਦੀਪ ਸਿੰਘ ਭੱਠਲ, ਸ. ਪਵਿੱਤਰ ਸਿੰਘ, ਸ. ਮਨਜਿੰਦਰ ਸਿੰਘ ਦੁਸਾਂਝ, ਸ. ਪਰਮਜੀਤ ਸਿੰਘ ਨਾਗਰਾ, ਸ. ਸੁਖਜੀਤ ਸਿੰਘ ਹੁੰਦਲ, ਸ. ਮਿੰਟੂ ਕਲਸੀ ਅਤੇ ਪਰਮਿੰਦਰ ਸਿੰਘ ਮਾਂਗਟ ਆਦਿਕ ਦੇ ਨਾਂ ਜ਼ਿਕਰਯੋਗ ਹਨ।

ਆਪਣੀਆਂ ਯਾਦਗਾਰੀ ਅਮਿੱਟ ਪੈੜਾ ਛੱਡਦਾ ਹੋਇਆ ਫਿਰ ਤੋਂ ਅਜਿਹੇ ਮੇਲੇ ਕਰਵਾਉਣ ਦੇ ਵਾਅਦੇ ਨਾਲ ਇਹ ਵਿਸਾਖੀ ਮੇਲਾ ਯਾਦਗਾਰੀ ਹੋ ਨਿਬੜਿਆ।

## ਸਾਲ ਦੇ ਅਖੀਰ ਤਕ ਸਮੁੱਚੀ ਸਰਕਾਰ ਹੋਵੇਗੀ ਆਨਲਾਈਨ : ਸੁਖਬੀਰ

**ਧੂਰੀ—**ਇਸ ਸਾਲ ਦੇ ਅਖੀਰ ਤਕ ਪੰਜਾਬ ਸਰਕਾਰ ਦੇ ਸਾਰੇ ਮਹਿਕਮਿਆਂ ਦਾ ਕੰਮ ਆਨਲਾਈਨ ਹੋ ਜਾਵੇਗਾ ਅਤੇ ਇਹ ਦੇਸ਼ ਦੀ ਪਹਿਲੀ ਸਰਕਾਰ ਹੋਵੇਗੀ, ਜਿਹੜੀ ਪੂਰੀ ਤਰ੍ਹਾਂ ਆਨਲਾਈਨ ਹੋਵੇਗੀ। ਇਹ ਗੱਲ ਪੰਜਾਬ ਦੇ ਡਿਪਟੀ ਮੁੱਖ ਸੁਖਬੀਰ ਬਾਦਲ ਨੇ ਧੂਰੀ ਵਿਧਾਨ ਸਭਾ ਹਲਕੇ ਦੀ ਉੱਪ ਚੋਣ ਸਮੇਂ ਪਾਰਟੀ ਉਮੀਦਵਾਰ ਗੋਬਿੰਦ ਸਿੰਘ ਲੌਂਗੋਵਾਲ ਦੇ ਹੱਕ 'ਚ ਪਬਲਿਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੀ। ਡਿਪਟੀ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਦੀ ਸਹੂਲਤ ਅਤੇ ਉਨ੍ਹਾਂ ਦੇ ਕੰਮ ਛੇਤੀ ਨੇਪਰੇ ਚਾੜ੍ਹਨ ਲਈ ਹਰੇਕ ਸ਼ਹਿਰ ਦੇ 2-2 ਵਾਰਡਾਂ ਨੂੰ ਇਕੱਠੇ ਕਰਕੇ ਸੇਵਾ ਕੇਂਦਰ ਖੋਲ੍ਹੇ ਜਾ ਰਹੇ ਹਨ ।

ਅਤੇ ਬਹੁਤ ਸਾਰੇ ਵਾਰਡਾਂ 'ਚ ਇਹ ਕੰਮ ਛੇਤੀ ਹੀ ਸ਼ੁਰੂ ਹੋ ਜਾਵੇਗਾ। ਇਸੇ ਤਰ੍ਹਾਂ ਪਿੰਡਾਂ 'ਚ ਸੇਵਾ ਕੇਂਦਰ ਖੋਲ੍ਹੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸੇਵਾ ਕੇਂਦਰਾਂ ਵਿਚ 200 ਸੇਵਾਵਾਂ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਕਿ ਉਨ੍ਹਾਂ ਨੂੰ ਕੰਮਾਂ ਲਈ ਕਿਤੇ ਦੂਰ ਨਾ ਜਾਣਾ ਪਵੇ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਜਨਤਾ ਦੀ ਭਲਾਈ ਲਈ ਸਰਕਾਰ ਹੋਰ ਵੀ ਕਈ ਅਹਿਮ ਫੈਸਲੇ ਲੈ ਰਹੀ ਹੈ। ਸ਼ਹਿਰਾਂ 'ਚ ਵਿਕਾਸ ਕੰਮਾਂ ਦਾ ਜ਼ਿਕਰ ਕਰਦਿਆਂ ਡਿਪਟੀ ਮੁੱਖ ਮੰਤਰੀ ਨੇ ਕਿਹਾ ਕਿ ਅਗਲੇ ਡੇਢ ਸਾਲ ਤਕ ਸਾਰੇ ਸ਼ਹਿਰਾਂ ਤੇ ਕਸਬਿਆਂ 'ਚ 100 ਫੀਸਦੀ ਸੀਵਰੇਜ ਸਿਸਟਮ ਤੇ ਵਾਟਰ ਸਪਲਾਈ ਮੁਹੱਈਆ ਕਰਵਾਈ ਜਾਵੇਗੀ। ਸ਼ਹਿਰ ਦੀਆਂ ਸੜਕਾਂ ਦੇ ਕੰਮ ਵੀ ਛੇਤੀ ਕਰਵਾਏ ਜਾਣਗੇ ਅਤੇ ਇਸ ਸੰਬੰਧੀ ਟੈਂਡਰ ਪ੍ਰਕਿਰਿਆ ਜਲਦ ਹੀ ਆਰੰਭ ਹੋ ਜਾਵੇਗੀ। ਅਕਾਲੀ-ਭਾਜਪਾ ਦੇ ਰਿਸ਼ਤਿਆਂ ਦੀ ਗੱਲ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਦੋਵਾਂ ਪਾਰਟੀਆਂ 'ਚ ਨਹੁੰ-ਮਾਸ ਦਾ ਰਿਸ਼ਤਾ ਹੈ। ਦੋਵਾਂ ਪਾਰਟੀਆਂ ਨੇ ਕਦੇ ਵੀ ਸ਼ਰਤਾਂ ਰੱਖ ਕੇ ਗੱਲ ਨਹੀਂ ਕੀਤੀ। ਜਿਹੜੇ ਲੋਕ ਦੋਵਾਂ ਪਾਰਟੀਆਂ ਦੇ ਰਿਸ਼ਤਿਆਂ ਬਾਰੇ ਉਂਗਲੀ ਚੁੱਕਦੇ ਸਨ, ਹੁਣ ਉਨ੍ਹਾਂ ਨੂੰ ਵੀ ਸਮਝ ਪੈ ਗਈ ਹੈ ਕਿ ਇਹ ਗੱਠਜੋੜ ਟੁੱਟਣ ਵਾਲਾ ਨਹੀਂ ਹੈ। ਇਸ ਮੌਕੇ 'ਤੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਪੀ. ਡਬਲਯੂ. ਡੀ. ਮੰਤਰੀ ਜਨਮੇਜਾ ਸਿੰਘ ਸੇਖੋਂ, ਚਰਨਜੀਤ ਸਿੰਘ ਬਰਾੜ ਤੇ ਪਰਮਜੀਤ ਸਿੰਘ ਸਿੱਧਵਾਂ (ਦੋਵੇਂ ਓ. ਐੱਸ. ਡੀ. ਡਿਪਟੀ ਮੁੱਖ ਮੰਤਰੀ), ਭਾਜਪਾ ਨੇਤਾ ਮਨੋਰੰਜਨ ਕਾਲੀਆ ਤੇ ਹੋਰ ਆਗੂ ਮੌਜੂਦ ਸਨ।

## ਹਿੰਦੂਆਂ ਦੀ ਚੜ੍ਹਤ ਦਾ ਸਮਾਂ ਆ ਗਿਆ ਹੈ, ਈਸਾਈ ਮਿਸ਼ਨਰੀ ਇਸ ਦੇਸ਼ 'ਚੋਂ ਵਾਪਸ ਚਲੇ ਜਾਣ: ਆਰ.ਐਸ.ਐਸ.

**ਨਵੀਂ ਦਿੱਲੀ–** ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਨੇ ਅਪਣੇ ਇਕ ਪ੍ਰੋਗਰਾਮ 'ਚ ਅੱਜ ਕਿਹਾ ਕਿ ਇਕ ਹਜ਼ਾਰ ਸਾਲਾਂ ਬਾਅਦ ਹਿੰਦੂਆਂ ਦੀ ਚੜ੍ਹਤ ਦਾ ਸਮਾਂ ਆ ਗਿਆ ਹੈ ਅਤੇ ਈਸਾਈ ਮਿਸ਼ਨਰੀ ਕ੍ਰਿਪਾ ਕਰ ਕੇ ਇਸ ਦੇਸ਼ 'ਚੋਂ ਵਾਪਸ ਚਲੇ ਜਾਣ। ਅਜਿਹਾ ਆਰ.ਐਸ.ਐਸ. ਦੇ ਰਾਸ਼ਟਰੀ ਸੇਵਾ ਭਾਰਤੀ ਵਲੋਂ ਸਮਾਜ ਦੇ ਵੱਖੋ-ਵੱਖ ਵਰਗਾਂ 'ਚ ਕੰਮ ਕਰ ਰਹੇ ਸੰਘ ਨਾਲ ਜੁੜੀਆਂ ਲਗਭਗ 800 ਸੰਸਥਾਵਾਂ ਦੇ ਪੰਜ ਸਾਲਾਂ ਬਾਅਦ ਹੋਣ ਵਾਲੇ ਸੰਮੇਲਨ 'ਰਾਸ਼ਟਰੀ ਸੇਵਾ ਸੰਗਮ' 'ਚ ਕਿਹਾ ਗਿਆ। ਪ੍ਰੋਗਰਾਮ 'ਚ ਵੰਡੇ ਗਏ 'ਰਾਸ਼ਟਰੀ ਸਵੈਮਸੇਵਕ ਸੰਘ ਦਾ ਦ੍ਰਿਸ਼ਟੀਕੋਣ' ਨਾਮ ਦੇ ਕਿਤਾਬਚੇ 'ਚ 'ਈਸਾਈਅਤ ਅਤੇ ਕੌਮੀ ਏਕਤਾ' ਨਾਮਕ ਪਾਠ 'ਚ ਕਿਹਾ ਗਿਆ ਹੈ, "ਵਿਦੇਸ਼ੀ ਮਿਸ਼ਨਰੀ ਕ੍ਰਿਪਾ ਕਰ ਕੇ ਤੁਸੀਂ ਵਾਪਸ ਚਲੇ ਜਾਉ।

## ਆਮ ਆਦਮੀ ਪਾਰਟੀ ਦਾ ਹੱਥ ਫੜ੍ਹ ਸਕਦੇ ਹਨ ਸ੍ਰ ਮਨਜੀਤ ਸਿੰਘ ਕਲਕੱਤਾ ਦੇ ਕਰੀਬੀ ਸਾਥੀ

**ਅੰਮ੍ਰਿਤਸਰ–**ਸਾਬਕਾ ਅਕਾਲੀ ਮੰਤਰੀ ਸ੍ਰ ਮਨਜੀਤ ਸਿੰਘ ਕਲਕੱਤਾ ਦੇ ਕਰੀਬੀ ਸਾਥੀਆਂ ਦਾ ਇਕ ਵੱਡਾ ਸਮੂੰਹ ਆਣਵਾਲੇ ਦਿਨ੍ਹਾਂ ਵਿੱਚ ਆਮ ਆਦਮੀ ਪਾਰਟੀ ਦਾ ਹੱਥ ਫੜ੍ਹ ਸਕਦਾ ਹੈ ।ਇਹ ਸੰਕੇਤ ਮਿਲੇ ਹਨ ਬੀਤੇ ਕੱਲ ਆਮ ਆਦਮੀ ਪਾਰਟੀ ਦੇ ਸੂਬਾਈ ਪ੍ਰਧਾਨ ਸ੍ਰ ਸੁੱਚਾ ਸਿੰਘ ਛੋਟੇਪੁਰ ਅਤੇ ਸ੍ਰ ਮਨਜੀਤ ਸਿੰਘ ਕਲਕੱਤਾ ਦਰਮਿਆਨ ਹੋਈ ਇੱਕ ਅਹਿਮ ਮੁਲਾਕਾਤ ਤੋਂ । ਸ੍ਰ ਛੋਟੇਪੁਰ ਇਥੇ ਕੇਬਲ ਅਪਰੇਟਰ ਜਸਵਿੰਦਰ ਸਿੰਘ ਜੱਸੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਪੁਜੇ ਸਨ ।ਇਥੋਂ ਸ੍ਰ ਛੋਟੇਪੁਰ ਸਿੱਧੇ ਹੀ ਸ੍ਰ ਮਨਜੀਤ ਸਿੰਘ ਕਲਕੱਤਾ ਪਾਸ ਪੁਜੇ ਤੇ ਕੋਈ ਇੱਕ ਘੰਟਾ ਬੰਦ ਕਮਰਾ ਮੁਲਾਕਾਤ ਕੀਤੀ ।ਇਸ ਮੌਕੇ ਸ੍ਰ ਕਲਕੱਤਾ ਨੇ ਅਤਿ ਕਰੀਬੀ ਸਮਝੇ ਜਾਂਦੇ ਸ੍ਰ ਪ੍ਰਦੀਪ ਸਿੰਘ ਵਾਲੀਆ ਵਿਸ਼ੇਸ਼ ਤੌਰ ਤੇ ਮੌਜੂਦ ਸਨ।ਦੱਸਿਆ ਗਿਆ ਹੈ ਕਿ ਸ੍ਰ ਛੋਟੇਪੁਰ ਅਤੇ ਸ੍ਰ ਕਲਕੱਤਾ ਮੁਲਾਕਾਤ ਦਾ ਮੁੱਖ ਏਜੰਡਾ ਆਣ ਵਾਲੇ ਦਿਨ੍ਹਾਂ ਵਿੱਚ ਸੂਬੇ ਅੰਦਰ ਆਮ ਆਦਮੀ ਪਾਰਟੀ ਦੇ ਪੈਰ ਮਜਬੂਤ ਕਰਨਾ ਰਿਹਾ। ਸ੍ਰ ਵਾਲੀਆ, ਪੰਥ ਰਤਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੋਹੜਾ ਦੇ ਵੀ ਕਰੀਬੀ ਰਹੇ ਹਨ ,ਅਕਾਲੀ ਜਥਾ ਸ਼ਹਿਰੀ ਦੇ ਉਹ ਅਜੇਹੇ ਪਹਿਲੇ ਪ੍ਰਧਾਨ ਸਨ ਜਿਸਨੇ ਦਲ ਨੂੰ ਵਾਰਡ ਪੱਸ਼ਰ ਤੀਕ ਲਾਮਬੱਧ ਕੀਤਾ ।ਜਥੇਦਾਰ ਟੋਹੜਾ ਦੇ ਅਕਾਲ ਚਲਾਣੇ ਉਪਰੰਤ ਜਦੋਂ ਅਕਾਲੀ ਦਲ ਇੱਕ ਪ੍ਰੀਵਾਰ ਦੀ ਨਿੱਜੀ ਮਲਕੀਅਤੀ ਬਨਣਾ ਸ਼ੁਰੂ ਹੋਇਆ ਤਾਂ ਦਲ ਦੇ 15 ਸਾਲ ਸਕੱਤਰ ਜਨਰਲ ਅਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਰਹੇ ਸ੍ਰ ਕਲਕੱਤਾ ਨੂੰ ਵੀ ਘਰ ਬੈਠਣ ਲਈ ਮਜਬੂਰ ਕਰ ਦਿੱਤਾ ਗਿਆ। ਸ੍ਰ ਪ੍ਰਦੀਪ ਸਿੰਘ ਵਾਲੀਆ ਪਿਰ ਵੀ ਘਰ ਨਾ ਬੈਠੇ ਬਲਕਿ ਸਾਲ 2012 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਵਿੱਚ ਸ਼ਾਮਿਲ ਹੋਏ ।ਕਾਂਗਰਸ ਦੀ ਘਰੋਗੀ ਲੜਾਈ ਸਦਕਾ ਉਹ ਅੱਗੇ ਨਾ ਵੱਧ ਸਕੇ ਤੇ ਬਸਪਾ ਵਿੱਚ ਸ਼ਾਮਿਲ ਹੋਕੇ ਸਾਲ 2014 ਦੀ ਲੋਕ ਸਭਾ ਚੋਣ ਵੀ ਲੜੀ। ਹਲਾਂਕਿ ਸ੍ਰ ਵਾਲੀਆ ਦਾ ਇਹ ਫੈਸਲਾ ਆਤਮਘਾਤੀ ਸੀ ਲੇਕਿਨ ਉਨ੍ਹਾਂ ਨੇ ਖੁਦ ਨੂੰ ਰਾਜਸੀ ਤੌਰ ਤੇ ਜਿਉਂਦਾ ਰੱਖਣ ਲਈ ਇਹ ਕਦਮ ਚੁੱਕਿਆ। ਇਸ ਸਬੰਧ ਵਿੱਚ ਜਦੋਂ ਸ੍ਰ ਮਨਜੀਤ ਸਿੰਘ ਕਲਕੱਤਾ ਨਾਲ ਗਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸ੍ਰ ਛੋ-ਟੇਪੁਰ ਨਾਲ ਉਨ੍ਹਾਂ ਦੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਮੌਕੇ ਦੇ ਚੰਗੇ ਸਬੰਧ ਹਨ ,ਇਹ ਕੋਈ ਪਹਿਲੀ ਮੁਲਾਕਾਤ ਨਹੀ ਸੀ ਲੇਕਿਨ ਇਸ ਵਾਰ ਸ੍ਰ ਛੋਟੇਪੁਰ ਆਪਣੀ ਪਾਰਟੀ ਦੇ ਭੱਵਿਖ ਨੂੰ ਸਵਾਰਨ ਲਈ ਕੁਝ ਵਿਚਾਰਾਂ ਕਰਨ ਆਏ ਸਨ। ਸ੍ਰ: ਕਲਕੱਤਾ ਨੇ ਦੱਸਿਆ ਕਿ ਉਨ੍ਹਾਂ ਨੇ ਸ੍ਰ ਛੋਟੇਪੁਰ ਨੂੰ ਸਾਫ ਦਸ ਦਿੱਤਾ ਹੈ ਕਿ ਉਹ ਖੁਦ ਐਸ ਸਟੇਜ 'ਤੇ ਆਮ ਆਦਮੀ ਪਾਰਟੀ ਪਾਸੋਂ ਕਿਸੇ ਅਹੁੱਦੇ ਦੀ ਆਸ ਨਹੀ ਕਰਦੇ ਲੇਕਿਨ ਇਹ ਜਰੂਰ ਚਾਹੁਣਗੇ ਕਿ ਜਿਹੜੇ ਅਕਾਲੀ, ਮੌਜੂਦਾ ਦਲ ਦੀਆਂ ਨੀਤੀਆਂ ਕਾਰਣ ਖਾਮੋਸ਼ ਹੋ ਗਏ ਹਨ ਉਨ੍ਹਾਂ ਨੂੰ ਨਾਲ ਤੋਰਨ ਲਈ ਯਤਨ ਹੋਣ। ਉਨ੍ਹਾਂ ਦੱਸਿਆ ਕਿ ਉਹ ਤਾਂ ਚਾਹੁਣਗੇ ਕਿ ਉਨ੍ਹਾਂ ਦੇ ਕਰੀਬੀ ਰਾਜਨੀਤਕ ਸਾਥੀ ਜਿਨਹਾਂ ਨੇ ਉਨ੍ਹਾ ਨਾਲ ਨੇੜਤਾ ਕਾਰਣ ਸੰਤਾਪ ਹੰਢਾਇਆ ਹੈ ,ਨੂੰ ਆਮ ਆਦਮੀ ਪਾਰਟੀ ਸਤਿਕਾਰ ਸਾਹਿਤ ਆਪਣੇ ਨਾਲ ਤੋਰੇ ਅਤੇ ਪੰਜਾਬ ਵਿਚੋਂ ਇਕ ਪ੍ਰੀਵਾਰ ਦਾ ਸਾਮਰਾਜ ਖਤਮ ਕਰਨ ਲਈ ਯਤਨ ਤੇਜ ਕਰੇ ।

# ਸ੍ਰੀਮਤੀ ਕਰਮੀ ਲੱਧੜ ਜੀ ਦੇ ਅਕਾਲ ਚਲਾਣੇ ਤੇ ਅੰਤਿਮ ਅਰਦਾਸ


















ਸ੍ਰੀਮਤੀ ਕਰਮੀ ਲੱਧੜ ਜੋ ਕਿ 93 ਵਰ੍ਹਿਆਂ ਦੇ ਸਨ, ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਉਹਨਾਂ ਦੇ ਪੰਜ ਭੌਤਿਕੀ ਸਰੀਰ ਨੂੰ ਬੀਤੀ 5 ਅਪ੍ਰੈਲ ਦਿਨ ਐਤਵਾਰ ਨੂੰ ਸਟਾਕਟਨ ਬੁਲੇਵਰਡ ਸੈਕਰਾਮੈਂਟੋ ਵਿਖੇ ਅਗਨੀ ਭੇਟ ਕੀਤਾ ਗਿਆ।

ਉਹਨਾਂ ਦੇ ਰਿਸ਼ਤੇਦਾਰ ਸੱਜਣ ਮਿੱਤਰ ਦੂਰੋਂ-ਨੇੜਿਉਂ ਭਾਰੀ ਇਕੱਠ ਵਿਚ ਪਹੁੰਚੇ ਹੋਏ ਸਨ। ਅੰਤਿਮ ਸੰਸਕਾਰ ਤੋਂ ਪਿੱਛੋਂ ਸ਼ੁੱਕਰਵਾਰ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੰਜ ਅਪ੍ਰੈਲ ਨੂੰ ਹੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਪਾਏ ਗਏ।

ਅੰਤਿਮ ਸੰਸਕਾਰ ਤੋਂ ਪਿੱਛੋਂ ਸੰਗਤਾਂ ਗੁਰੂ ਘਰ ਵਿਖੇ ਪਹੁੰਚੀਆਂ ਹੋਈਆਂ ਸਨ, ਜਿਹਨਾਂ ਗੁਰਮੁਖ ਪਿਆਰਿਆਂ ਨੇ ਅੰਤਿਮ ਸ਼ਰਧਾਂਜਲੀ ਭੇਂਟ ਕੀਤੀਆਂ, ਉਹਨਾਂ ਵਿਚ ਕਰਨ ਲੱਧੜ,ਸਿਮਰਨ ਕੁਮਾਰ, ਧੀਰਜ ਸਿੰਘ, ਦਿਨੇਸ਼ ਬਰਪੱਗਾ, ਸੰਜੇ ਕਾਜਲਾ, ਸੰਜੀਵ ਉਜਾਗਰ, ਮਾਈਕਲ ਘੇੜਾ ਕੈਨੇਡਾ, ਵਿਨੋਦ ਚੁੰਬਰ, ਜੀਵਨ ਰੱਤੂ, ਪਰਮਜੀਤ ਭੁੱਟਾ, ਜਸਵੰਤ ਜੱਸੀ ਸ਼ੀਮਾਰ, ਹੰਸ ਰਾਜ ਕਾਜਲਾ, ਓ. ਪੀ. ਬਾਲੀ, ਜੈਕ ਰਾਮ, ਰਾਜ ਕੁਮਾਰ ਸੂਦ, ਮਹਿੰਦਰ ਸੰਧੂ ਅਤੇ ਪ੍ਰੇਮ ਕੁਮਾਰ ਚੁੰਬਰ। ਵਰਣਨਯੋਗ ਹੈ ਕਿ ਕਰਮੀ ਰਾਮ ਲੱਧੜ ਜੀ ਪਹਿਲੇ ਪਰਿਵਾਰਾਂ ਵਿਚੋਂ ਸਨ ਜੋ ਅਮਰੀਕਾ ਆਏ ਸਨ।

ਉਹ ਮੋਤੀ ਰਾਮ ਕਰਨਾਣਾ ਦੇ ਧਰਮ ਪਤਨੀ ਅਤੇ ਗੁਰੂ ਘਰ ਦੇ ਸਾਬਕਾ ਸਕੱਤਰ ਹੰਸ ਰਾਜ ਕਾਜਲਾ ਦੇ ਸੱਸ ਮਾਤਾ ਸਨ। ਉਹ ਪਿੱਛੇ ਕਾਫੀ ਵੱਡਾ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ। ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਉਹਨਾਂ ਦੀ ਰੂਹ ਨੂੰ ਸ਼ਾਂਤੀ ਬਖਸ਼ੇ।

# 28ਵੀਆਂ ਆਸਟ੍ਰੇਲੀਅਨ ਸਿੱਖ ਖੇਡਾਂ ਸ਼ਾਨੋ ਸ਼ੌਕਤ ਨਾਲ ਸਮਾਪਤ

**ਸਿਡਨੀ-** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਆਸਟ੍ਰੇਲੀਅਨ ਸਿੱਖ ਖੇਡਾਂ ਜੋ ਕਿ ਇਸ ਸਾਲ ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ-ਪੰਜਾਬੀਆਂ ਦੇ ਗੜ੍ਹ ਕੋਫਸ ਹਾਰਵਰ ਵੂਲਗੂਲਗਾ 'ਚ ਹੋ ਰਹੀਆਂ 28ਵੀਆਂ ਆਸਟ੍ਰੇਲੀਅਨ ਸਿੱਖ ਖੇਡਾਂ ਪੂਰੀ ਸ਼ਾਨੋ ਸ਼ੌਕਤ ਨਾਲ ਸਮਾਪਤ ਹੋ ਗਈਆਂ। ਇਹ ਖੇਡਾਂ ਸਪੋਰਟਸ ਕਲੱਬ, ਐਨਜੈਕ ਕਮੇਟੀ ਅਤੇ ਸਥਾਨਿਕ ਭਾਈਚਾਰੇ ਦੇ ਸਹਿਯੋਗ ਨਾਲ ਸੰਪੰਨ ਹੋਈਆਂ। ਇਹ ਖੇਡ ਮੇਲਾ ਸਿਡਨੀ, ਮੈਲਬੌਰਨ, ਐਡੀਲੇਡ, ਬ੍ਰਿਸਬੇਨ, ਪਰਥ ਵਿਖੇ ਹੋਈਆਂ। ਇਨ੍ਹਾਂ ਖੇਡਾਂ 'ਚ ਮਲੇਸ਼ੀਆ ਦੀ ਹਾਕੀ ਟੀਮ ਨੇ ਪਹਿਲਾ, ਕ੍ਰਿਕਟ 'ਚ ਫਤਿਹ ਬੀ ਬ੍ਰਿਸਬੇਨ ਨੇ ਪਹਿਲਾ, ਕਬੱਡੀ ਸਿੰਘ ਸਭਾ ਸਪੋਰਟਸ ਕਲੱਬ ਮੈਲਬੌਰਨ ਨੇ ਪਹਿਲਾ, ਨੈਟਬਾਲ 'ਚ ਸਿਡਨੀ ਦੀਆਂ ਕੁੜੀਆਂ ਨੇ ਮੈਚ ਜਿੱਤਿਆ, ਵਾਲੀਬਾਲ ਵਿਚ ਸਿਡਨੀ ਖ਼ਾਲਸਾ ਜੇਤੂ ਰਿਹਾ। ਭਾਰੀ ਮੀਂਹ ਕਾਰਨ ਦੂਜੇ ਦਿਨ ਕਬੱਡੀ ਦੇ ਮੈਚ ਨਹੀਂ ਹੋ ਸਕੇ। ਭਾਰਤੀ ਹਾਕੀ ਖਿਡਾਰੀ ਸਨਦੀਪ ਸਿੰਘ ਵਿਸੇਸ਼ ਤੌਰ 'ਤੇ ਇਥੇ ਪਹੁੰਚੇ ਅਤੇ ਰਾਤ ਸਮੇ ਗਿੱਧਾ ਤੇ ਭੰਗੜੇ ਦਾ ਸੱਭਿਆਚਾਰਕ ਪ੍ਰੋਗਰਾਮ ਦਾ ਇੱਕ ਵਿਸੇਸ਼ ਪ੍ਰੋਗਰਾਮ ਕੀਤਾ ਗਿਆ, ਜਿਸ 'ਚ ਹਜ਼ਾਰਾਂ ਦੀ ਗਿਣਤੀ 'ਚ ਦਰਸ਼ਕਾਂ ਨੇ ਹਿੱਸਾ ਲਿਆ ਅਤੇ ਅਖਰੀ ਦਿਨ ਕਬੱਡੀ ਦੇ ਮੈਚ ਦੇਖਣ ਲਈ ਹਜ਼ਾਰਾਂ ਦੀ ਗਿਣਤੀ 'ਚ ਦਰਸ਼ਕ ਪਹੁੰਚੇ। ਦਰਸ਼ਕਾਂ ਦੇ ਮਨੋਰੰਜਨ ਲਈ ਰਾਤ ਸ਼ੈਰੀ ਮਾਨ, ਜੱਸੀ ਗਿੱਲ ਅਤੇ ਹੋਰ ਕਲਾਕਾਰ ਪਹੁੰਚੇ ਅਤੇ ਅਖੀਰਲੇ ਦਿਨ ਖੇਡਾਂ 'ਚ 'ਹਰਭਜਨ ਮਾਨ ਨੇ

ਦਰਸ਼ਕਾਂ ਦਾ ਮਨੋਰੰਜਨ ਕੀਤਾ। ਇਨ੍ਹਾਂ ਖੇਡਾਂ 'ਚ ਕੈਨੇਡਾ ਤੋਂ ਮੱਖਣ ਸਿੰਘ ਅਤੇ ਕਬੱਡੀ ਕੋਚ ਸਮਰਾਲਾ ਤੋਂ ਕੰਵਲਜੀਤ ਮਿੰਨੀ ਖਾਸ ਤੌਰ 'ਤੇ



ਰੈਫ਼ਰੀ ਦੀਆਂ ਸੇਵਾਵਾਂ ਦੇਣ ਪਹੁੰਚੇ ਵਿਸੇਸ਼ ਹੈ ਕਿ ਇਹਨਾ ਖੇਡਾ ਵਿੱਚ ਕਰੀਬ ਹਰ ਵਰਗ ਦੀਆਂ ਖੇਡਾ ਲਈ ਵੱਖ-ਵੱਖ ਦੇਸ਼ਾਂ 'ਚ ਕਰੀਬ 1600 ਤੋ ਜ਼ਿਆਦਾ ਦੇ ਕਰੀਬ ਆਸਟ੍ਰੇਲੀਆ ਅਤੇ ਬਾਹਰਲੇ ਦੇਸ਼ਾਂ ਤੋਂ ਖਿਡਾਰੀ ਹਿੱਸਾ ਬਣੇ ਸਨ।ਇਸ ਖੇਡ ਮੇਲੇ 'ਚ ਦਸਤਾਰ ਮੁਕਾਬਲੇ ਵੀ ਕਰਵਾਏ ਗਏ, ਮੇਲੇ 'ਚ ਸਟੇਜ ਕੁਮੈਂਟਰੀ ਰਣਜੀਤ ਖੇੜਾ, ਰੋਜ਼ੀ ਖਹਿਰਾ, ਗੱਗੀ ਬ੍ਰਿਸਬੇਨ, ਸਤਨਾਮ ਸੱਤਾ, ਚਰਨਾਮਤ ਸਿੰਘ ਨੇ ਨਿਭਾਈ।

ਜ਼ਿਕਰਯੋਗ ਹੈ ਇਸ ਵਾਰ ਐਨਜੈਕ ਕਮੇਟੀ ਦਾ ਪ੍ਰਧਾਨ ਅਮਨਦੀਪ ਸਿੱਧੂ ਨੇ ਮਨਜੀਤ ਸਿੰਘ ਬੋਪਾਰਾਏ ਨੂੰ ਤਿੰਨ ਵੋਟਾਂ ਨਾਲ ਹਰਾ ਕੇ ਚੁਣ ਲਿਆ ਅਤੇ ਅਗਲੇ ਸਾਲ ਸਿੱਖ ਖੇਡਾਂ ਬ੍ਰਿਸਬੇਨ 'ਚ ਹੋਣਗੀਆਂ। ਜਿਸ ਬਾਰੇ ਜਾਣਕਾਰੀ ਦਿੰਦਿਆਂ ਬ੍ਰਿਸਬੇਨ ਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।


MAHEY
ARCHITECT DESIGNER

Bhupinder Kumar
Architect
98151-19953
Contact Us:
Khambra Gate, Nakodar Road Jalandhar
Email : Maheyarch.designer@gmail.com

San Felipe Realty
Jaswant S. Sheemar (Jassi)
REALTOR
DRE # 01846339 Residential/ Commercial
Cell 916-293-6030
Office 916-635-8882
Fax 916-635-8883
SAN FELIPE
REALTY & MORTGAGE. INC.
"The greatest compliment I can receive is your referral."
jaswantsheemar@yahoo.com

10956 Hayeshill way Mather, CA 95655

Mikasa
HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014

Rakesh Chander
Realtor
Cell: (916) 698-3808
Fax: (916) 725-5812
Mikasa Homes & Funding
DRE Lic.: 01866732
Email: mchander@comcast.net, Web: www.mikasafunding.com

# ਸੰਪਾਦਕੀ ਬੈਸਾਖ ਸੁਹਾਵਾ ਤਾ ਲਗੈ.

ਵਿਸਾਖ ਮਹੀਨਾ ਬਿਕਰਮੀ ਸੰਮਤ ਅਤੇ ਨਾਨਕਸ਼ਾਹੀ ਸੰਮਤ ਦਾ ਪਹਿਲਾ ਮਹੀਨਾ ਅਤੇ ਈਸਵੀਂ ਸੰਨ ਦਾ ਚੌਥਾ ਮਹੀਨਾ ਹੈ। ਸਿੱਖ ਧਰਮ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਵਿਸਾਖ ਨੂੰ ਮਹੀਨੇ ਨੂੰ ਇਵੇਂ ਚਿਤਰਿਆ ਹੈਨਾਨਕ ਕੀ ਪ੍ਰਭ ਬੇਨਤੀ ਪ੍ਰਭੁ ਮਿਲਿਉ ਪ੍ਰਾਪਤ ਤੋਈ ਹੋਇ, ਬੈਸਾਖ ਸੁਹਾਵਾ ਤਾ ਲਗੈ ਜਾ ਸੰਤ ਭੇਟੇ ਹਰਿ ਸੋਏ।

ਵਿਸਾਖ ਦਾ ਮਹੀਨਾ ਕੁਦਰਤ ਦੀ ਮਿਹਰ ਨਾਲ ਕਿਰਤੀ ਕਿਸਾਨਾਂ ਦੀ ਖ਼ੂਨ ਪਸੀਨੇ ਦੀ ਸਾਂਝੀ ਮਿਹਨਤ ਨੂੰ ਫਲ ਦੇਵਣ, ਪੱਕਣ ਅਤੇ ਘਰ ਲਿਆ ਕੇ ਬਚਦੀ ਮੰਡੀਆਂ ਵਿੱਚ ਵੇਚਣ ਦਾ ਮਹੀਨਾ ਹੁੰਦਾ ਹੈ। ਭਾਰਤੀ ਉੱਪ ਮਹਾਂਦੀਪ ਦੇ ਕਿਰਤੀਆਂ ਕਿਸਾਨਾਂ ਦੇ ਆਰਥਿਕ ਅਤੇ ਸਾਮਾਜਿਕ ਏਕਤਾ ਦੀ ਪ੍ਰੀਖਿਆ ਦੇ ਨਤੀਜੇ ਸੁਣਨ ਦਾ ਮਹੀਨਾ ਹੁੰਦਾ ਹੈ। ਵਿਦਿਆਰਥੀਆਂ ਦੇ ਪੇਪਰ ਦੇ ਨਤੀਜਿਆਂ ਦੀਆਂ ਉਡੀਕਾਂ ਜਾਂ ਕਾਲਜਾਂ, ਯੂਨੀਵਰਸਿਟੀਆਂ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ ਦਾ ਮਹੀਨਾ ਹੁੰਦਾ ਹੈ। ਅਪ੍ਰੈਲ ਦਾ ਦੂਸਰਾ ਅਤੇ ਮਈ ਦਾ ਪਹਿਲਾ ਅੱਧ ਮਿਲ ਕੇ ਵਿਸਾਖ ਬਣਦਾ ਹੈ। ਵਿਸਾਖੀ ਮਹੀਨੇ ਦੀ ਆਮਦ ਦੀ ਪਹਿਲੀ ਤਰੀਕ ਦੇ ਤਿਉਹਾਰ ਦਾ ਨਾਂ ਹੈ ਜੋ ਸਿੰਧੂ ਘਾਟੀ ਸੱਭਿਅਤਾ ਤੋਂ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿੱਚ ਮਨਾਉਂਦੇ ਰਹੇ ਹਾਂ। ਚਾਹੇ ਇਸਲਾਮ ਵਿੱਚ ਵਿਸਾਖੀ ਦੇ ਤਿਉਹਾਰ ਦਾ ਕੋਈ ਮਹੱਤਵ ਨਹੀਂ ਹੈ, ਪਰ ਪਾਕਿਸਤਾਨ ਦੇ ਮੁਸਲਮਾਨ ਅਜੇ ਵੀ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ, ਜੋ ਸਿੰਧੂ ਘਾਟੀ ਸੱਭਿਅਤਾ ਦਾ ਪ੍ਰਭਾਵ ਦਰਸਾਉਂਦਾ। ਵਿਸਾਖੀ ਦੇ ਤਿਉਹਾਰ ਨੂੰ ਅਮਰੀਕਾ ਵਿੱਚ ਅਬਰਾਹਮਲਿੰਕਨ ਰਾਸ਼ਟਰਪਤੀ ਨੇ 1863 ਈ. ਵਿੱਚ ਕੌਮੀ ਤਿਉਹਾਰ ਦੀ ਮਾਨਤਾ ਦਿੱਤੀ।

ਅਮਰੀਕਾ ਵਿੱਚ ਫਸਲ ਦੀ ਵਾਢੀ ਤੋਂ ਬਾਅਦ 1625 ਈ. ਤੋਂ ਇਹ ਤਿਉਹਾਰ ਸ਼ੁਰੂ ਹੋਇਆ ਅਤੇ ਨਵੰਬਰ ਦੇ ਚੌਥੇ ਵੀਰਵਾਰ ਛੁੱਟੀ ਹੁੰਦੀ ਹੈ। ਸਿੰਧੂ ਘਾਟੀ ਸੱਭਿਅਤਾ ਵਾਂਗ ਚੀਨ, ਮਿਸਰ, ਯੂਨਾਨ ਅਤੇ ਰੋਮਨ ਦੀਆਂ ਪੁਰਾਣੀਆਂ ਸੱਭਿਅਤਾਵਾਂ ਵਿੱਚ ਵੀ ਫਸਲਾਂ ਦੀ ਵਾਢੀ ਸਮੇਂ ਇਹ ਤਿਉਹਾਰ ਮਨਾਉਣ ਦੀ ਰੀਤ ਸੀ।

ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਵੱਖ-ਵੱਖ ਨਾਵਾਂ ਅਧੀਨ ਵਿਸਾਖੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਦੱਖਣੀ ਭਾਰਤ ਦੀ ਕੇਰਲ ਪ੍ਰਾਂਤ ਵਿੱਚ 'ਪੂਰਮ' ਤਾਮਿਲਨਾਡੂ ਪ੍ਰਾਂਤ ਵਿੱਚ ਵਿਸਾਖ ਮਹੀਨੇ ਨੂੰ 'ਵਿਸ਼ੂ' ਕਿਹਾ ਜਾਂਦਾ ਹੈ ਅਤੇ ਤਿਉਹਾਰ ਨੂੰ 'ਪੁਥਾਂਡੂ' ਅਤੇ ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਵੀ ਵਿਸਾਖੀ ਤਿਉਹਾਰ ਮਨਾਉਂਦੇ ਹਨ। ਭਾਰਤ ਦੇ ਆਸਾਮ ਅਤੇ ਨਾਲ ਲੱਗਦੇ ਸੱਤ ਪੂਰਬੀ ਰਾਜਾਂ ਵਿੱਚ ਵੀ ਰੰਗਲੀ 'ਬਿਹੂ' ਆਦਿ ਦੇ ਨਾਂ ਤੇ ਮਨਾਇਆ ਜਾਂਦਾ ਹੈ। ਹਰਿਦੁਆਰ, ਹਰਿਆਣਾ, ਹਿਮਾਚਲ ਪ੍ਰਦੇਸ਼ ਵਿੱਚ ਵਿਸਾਖੀ ਦਾ ਤਿਉਹਾਰ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਹੈ। ਆਦਿ ਧਰਮੀ ਵੀ ਹਰ ਸਾਲ ਗੁਰੂ ਰਵਿਦਾਸ ਧਰਮ ਸਥਾਨ, ਖੁਰਾਲਗੜ੍ਹ (ਹੁਸ਼ਿਆਰਪੁਰ) ਵਿਖੇ ਮਨਾਉਂਦੇ ਹਨ। ਇਹ ਤਾਂ ਹੋਈ ਵਿਸਾਖੀ ਦੇ ਆਰਥਿਕ ਅਤੇ ਸਾਮਾਜਿਕ ਪਿਛੋਕੜ ਬਾਰੇ ਸਿੱਖ ਧਰਮ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਵਿਸਾਖੀ ਦਾ ਤਿਉਹਾਰ ਮਨਾਉਂਦਾ ਰਿਹਾ ਹੈ। ਗੁਰੂ ਤੇਗ ਬਹਾਦਰ ਜੀ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਮਨਾਉਣ ਤੋਂ ਮਹੰਤਾਂ ਨੇ ਰੋਕਣ, ਉਨ੍ਹਾਂ ਦੇ ਗੁਰੂ ਬਣਨ ਦੀ ਰੁਕਾਵਟ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਵੱਲੋਂ ਅਸਫਲ ਕਰਨਾ, ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਇਕ ਦਲਿਤ ਭਾਈ ਜੈਤਾ ਵੱਲੋਂ ਸੀਸ ਤਲੀ ਤੇ ਧਰ ਕੇ ਦਿੱਲੀ ਤੋਂ ਆਨੰਦਪੁਰ ਪਹੁੰਚਾਉਣਾ ਅਤੇ ਇੱਕ ਹੋਰ ਦਲਿਤ ਭਾਈ ਲੱਖੀਸ਼ਾਹ ਵਣਜਾਰਾ ਲੁਬਾਣਾ ਵੱਲੋਂ ਆਪਣੇ ਘਰ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਧੜ ਨੂੰ ਰੱਖ ਕੇ ਘਰ ਨੂੰ ਅਗਨ ਭੇਂਟ ਕਰਕੇ ਅੰਤਿਮ ਸੰਸਕਾਰ ਕਰਨਾ ਵਰਗੇ ਦਲੇਰਾਨਾ ਕਾਰਵਾਈਆਂ ਅਤੇ ਗੁਰੂ ਗਰੰਥ ਸਾਹਿਬ ਵਿੱਚ 'ਜੇ ਤਉ ਪ੍ਰੇਮ ਖੇਲਣ ਕਾ ਚਾਓ ਸਿਰ ਧਰ ਤਲੀ ਗਲੀ ਮੇਰੀ ਆਓ' ਜਿਹੇ ਦਲਿਤ ਗੁਰਬਾਣੀਕਾਰ ਸੰਤ ਕਬੀਰ ਸਾਹਿਬ ਦੇ ਸ਼ਬਦਾਂ, ਗੁਰੂ ਹਰਗੋਬਿੰਦ ਰਾਇ ਦੇ ਮੀਰੀ-ਪੀਰੀ ਦੇ ਸਿਧਾਂਤ ਦੇ ਮੰਥਨ ਵਿੱਚੋਂ 30 ਮਾਰਚ 1696 ਈ. ਨੂੰ 33 ਸਾਲਾ ਦੀ ਉਮਰ ਦੌਰਾਨ ਗੁਰੂ ਗੋਬਿੰਦ ਸਿੰਘ ਨੇ ਵਿਸਾਖੀ ਦੇ ਤਿਉਹਾਰ ਤੇ ਮਨੂੰਵਾਦੀ ਸਾਮਾਜਿਕ ਆਰਥਿਕ ਵਿਵਸਥਾ ਅਤੇ ਪੰਨਡਤ ਪਹਾੜੀ ਰਾਜਿਆਂ ਅਤੇ ਮੁਗਲਾਂ ਦੀ ਸਲਤਨਤ ਨੂੰ ਸੰਤ ਸਿਪਾਹੀ ਬਣਕੇ ਸ਼ੂਦਰਾਂ ਅਤੇ ਵੈਸ਼ਾਂ ਵਿਚੋਂ ਪੰਜ ਪਿਆਰਿਆਂ ਨੂੰ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਅਤੇ ਫਿਰ ਸ਼ੂਦਰਾਂ ਅਤੇ ਵੈਸ਼ਾਂ ਵਿੱਚੋਂ ਸਜੇ ਪੰਜ ਪਿਆਰਿਆਂ ਹੱਥੋਂ ਉਸੇ ਬਾਟੇ ਵਿਚੋਂ ਅੰਮ੍ਰਿਤ ਛੱਕ ਕੇ 'ਖ਼ਾਲਸਾ ਪੰਥ' ਦੀ ਨੀਂਹ ਰੱਖੀ ਜੋ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਉਸ ਸਮੇਂ ਸਥਾਪਿਤ ਜਾਤੀਵਾਦੀ ਅਤੇ ਮਨਮੁਖ ਮਹੰਤਾਂ ਲਈ ਵੀ ਚੈਲਿੰਜ ਸੀ, ਜਿਸ ਨੇ ਭਾਈ ਜੈਤਾ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦਰਸ਼ਨ ਅਤੇ ਇਸ਼ਨਾਨ ਦੀ ਇਜਾਜਤ ਨਹੀਂ ਦਿੱਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਸੀ. ਆਈ. ਡੀ. ਰਿਪੋਰਟ ਵਿੱਚ ਅਹਿਮਦ ਸ਼ਾਹ ਬਟਾਲਵੀ ਨੇ ਔਰੰਗਜ਼ੇਬ ਨੂੰ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਨੇ ਐਲਾਨਿਆ, "ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇੱਕ ਰਾਹ ਦੇ ਉੱ ਚੱਲੋਂ, ਇੱਕੋਂ ਧਰਮ ਅਪਣਾਓ, ਵੱਖ-ਵੱਖ ਜਾਤਾਂ ਦੇ ਵਖਰੇਵੇਂ ਮਿਟਾ ਦਿਓ। ਹਿੰਦੂਆਂ ਦੀਆਂ ਚਾਰ ਜਾਤਾਂ ਜਿਨ੍ਹਾਂ ਦਾ ਵਰਨਣ ਸ਼ਾਸਤਰਾਂ ਵਿੱਚ ਆਇਆ ਹੈ, ਜੜੋਂ ਹੀ ਮੁਕਾ ਦਿਓ ਅਤੇ ਇਕ ਦੂਜੇ ਨਾਲ ਖੁੱਲ ਕੇ ਮਿਲੋ। ਕੋਈ ਇਕ ਦੂਜੇ ਨਾਲੋਂ ਆਪਣੇ ਆਪ ਨੂੰ ਉੱਚਾ ਜਾਂ ਵੱਡਾ ਨਾ ਸਮਝੇ। ਰਾਮ, ਕ੍ਰਿਸ਼ਨ, ਬ੍ਰਹਮਾ ਅਤੇ ਦੁਰਗਾ ਆਦਿ ਨੂੰ ਪੂਜਣ ਦੀ ਕੋਈ ਲੋੜ ਨਹੀਂ। ਸਿਰਫ ਗੁਰੂ ਨਾਨਕ ਅਤੇ ਬਾਕੀ ਗੁਰੂਆਂ ਤੇ ਵਿਸ਼ਵਾਸ ਲਿਆਓ, ਸਾਰੇ ਇੱਕੋਂ ਖੰਡੇ ਬਾਟੇ ਵਿੱਚੋਂ ਅੰਮ੍ਰਿਤ ਛਕੋ ਅਤੇ ਇੱਕ ਦੂਜੇ ਨੂੰ ਪਿਆਰ ਕਰੋ।"

ਇਉਂ ਲਗਦੈ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਡੂੰਘੇ ਅਧਿਐਨ ਬਾਅਦ ਗੀਤਾ ਦੇ ਨੌਂਵੇਂ ਚੈਪਟਰ ਦੇ 32ਵੀਂ ਸਲੋਕ ਦੇ ਪ੍ਰਤੀਕਰਮ ਅਤੇ ਉਸ ਦੇ ਨਿਸ਼ੇਧ ਲਈ ਖ਼ਾਲਸਾ ਪੰਥ ਨੂੰ ਜੁਝਾਰੂ ਰੂਪ ਵਿੱਚ ਸੰਗਠਿਤ ਕੀਤਾ ਕਿ ਇਸ ਮਨੂੰਵਾਦੀ ਵਿਵਸਥਾ ਨੂੰ ਨਾ ਸੰਤ ਅਤੇ ਨਾ ਸਿਪਾਹੀ ਇਕੱਲੇ-ਇਕੱਲੇ ਖਤਮ ਕਰ ਸਕਦੇ ਹਨ। ਦੋਵਾਂ ਕ੍ਰਿਸ਼ਨ ਅਤੇ ਅਰਜੁਨ ਜਾ ਚਾਣਕਿਆ ਅਤੇ ਚੰਦਰਗੁਪਤ ਮੌਰੀਆ ਦੇ ਸੁਮੇਲਾਂ ਵਾਂਗ ਹੀ ਮਨੂੰਵਾਦੀ ਵਿਵਸਥਾ ਨੂੰ ਵੀ ਮਾਨਵਵਾਦੀ ਖਾਲਸਾ ਸੰਤ ਅਤੇ ਮਾਨਵਵਾਸੀ ਖ਼ਾਲਸਾ ਸਿਪਾਹੀ ਬੋਤਾ ਸਿੰਘ, ਗਰਜਾ ਸਿੰਘ ਵਾਂਗ ਪਿੱਠ ਨਾਲ ਪਿੱਠ ਜੋੜ ਕੇ ਟੱਕਰ ਦੇ ਸਕਦੇ ਹਨ। ਗੀਤਾ ਦੇ ਉਕਤ ਸਲੋਕ ਵਿੱਚ ਕ੍ਰਿਸ਼ਨ ਨੇ ਐਲਾਨਿਆ ਹੈ ਕਿ ਸਾਰੀਆਂ ਜਾਤਾਂ ਵਰਣਾਂ ਧਰਮਾਂ ਦੀਆਂ ਔਰਤਾਂ ਸ਼ੂਦਰ (ਐਸ.ਸੀ., ਪੱਛੜੀਆਂ ਸ਼੍ਰੇਣੀਆਂ, ਜੱਟ ਆਦਿ) ਅਤੇ ਵੈਸ਼ (ਖੱਤਰੀ ਜਿਨ੍ਹਾਂ ਵਿਚੋਂ ਦੱਸ ਗੁਰੂ ਹੋਏ) ਪਾਪ ਯੋਨੀ ਭਾਵ ਜਨਮ ਤੋਂ ਨੀਚ ਹਨ। ਪੰਜ ਪਿਆਰਿਆਂ ਵਿੱਚ ਚਾਰ ਸ਼ੂਦਰ ਅਤੇ ਇਕ ਵੈਸ਼ ਸਨ। ਉਨ੍ਹਾਂ ਕੋਲੋਂ ਅੰਮ੍ਰਿਤ ਛੱਕਣ ਵਾਲੇ ਗੁਰੂ ਗੋਬਿੰਦ ਸਿੰਘ ਵੈਸ਼ ਖੱਤਰੀ ਸਨ ਅਤੇ ਅੰਮ੍ਰਿਤ ਬਣਾਉਣ ਲਈ ਪਤਾਸੇ ਘੋਲਣ ਵਾਲੇ ਮਾਤਾ ਸਾਹਿਬ ਕੌਰ ਔਰਤ ਜਾਤੀ ਦੇ ਪ੍ਰਤੀਨਿਧ ਸਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉੱਘੇ ਸਿੱਖ ਇਤਿਹਾਸਕਾਰ ਇੰਦੂ ਭੂਸ਼ਨ ਬੈਨਰਜੀ ਵੱਲੋਂ ਖ਼ਾਲਸੇ ਦੀ ਉਤਪਤੀ ਲਿਖੀ ਛਾਪੀ ਪੁਸਤਕ ਵਿੱਚ ਸ੍ਰੀ ਬੈਨਰਜੀ ਲਿਖਦੇ ਹਨ ਕਿ ਸ਼ੂਦਰ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਦਾ ਜੁਝਾਰੂਪਣ ਪ੍ਰੇਰਨਾ ਦਿੰਦਾ ਹੈ, ਪਰ ਵੈਸ਼ ਸਿੱਖਾਂ ਨੂੰ ਖਿੱਚਦਾ ਨਹੀਂ। ਇਸੇ ਕਾਰਣ ਵੈਸ਼ ਸਿੱਖਾਂ ਦੀ ਸੰਸਥਾ ਚੀਫ ਖ਼ਾਲਸਾ ਦੀਵਾਨ ਦੇ ਕਦੇ ਵੀ ਗੁਰੂ ਗੋਬਿੰਦ ਸਿੰਘ ਦੇ ਨਾਂ ਤੇ ਸਕੂਲ ਜਾਂ ਕਾਲਜ ਨਹੀਂ ਖੋਲਿਆ ਅਤੇ ਬੀਬੀ ਜਗੀਰ ਕੌਰ ਦੇ ਪ੍ਰਧਾਨਗੀ ਦੇ ਸਮੇਂ ਨੂੰ ਛੱਡ ਕੇ ਸ਼੍ਰੋਮਣੀ ਕਮੇਟੀ ਨੇ ਕਦੇ ਸਿੱਖ ਗੁਰੂਆਂ ਦੀਆਂ ਪਤਨੀਆਂ ਦੇ ਨਾਂ ਤੇ ਕਾਲਜ ਨਹੀਂ ਖੋਲ੍ਹੇ। ਜੱਟ ਸਿੱਖਾਂ ਨੇ ਮਾਸਟਰ ਤਾਰਾ ਸਿੰਘ ਖੱਤਰੀ ਨੂੰ 'ਜੱਟ ਸਿੱਖ' ਗਰੁੱਪ ਦੇ ਪੱਤੇ ਨਾਲ ਅਕਾਲੀ ਦਲ ਤੋਂ ਲਾਹ ਕੇ ਸਦਾ ਲਈ ਪ੍ਰਧਾਨਗੀ ਜੱਟ ਸਿੱਖ ਲਈ ਰਾਖਵੀਂ ਕਰਕੇ 'ਖ਼ਾਲਸਾ ਪੰਥ' ਦੀ ਵਿਚਾਰਧਾਰਾ ਨੂੰ ਕਮਜ਼ੋਰ ਕਰ ਲਿਆ। ਗੁਰੂ ਗੋਬਿੰਦ ਸਿੰਘ ਨੇ ਬ੍ਰਾਹਮਣਾਂ ਨੂੰ ਚੈਲਿੰਜ ਕਰਦਿਆਂ ਕਿਹਾ ਸੀ, "ਖੱਤਰੀ ਕਾ ਪੂਤ ਹੂੰ, ਬਾਮਣ ਕਾ ਨਾਂਹੀਂ।" ਅੱਜ ਖ਼ਾਲਸਾ ਪੰਥ ਨੂੰ ਰਾਜਸੀ, ਸਾਮਾਜਿਕ, ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਪੱਖੋਂ ਬ੍ਰਾਹਮਣਵਾਦ ਨੂੰ ਇਤਿਹਾਸ ਵਿੱਚ ਆਇਆ ਸੱਭ ਤੋਂ ਵੱਡਾ ਖਤਰਾ ਹੈ। ਬ੍ਰਾਹਮਣਵਾਦ ਨੇ 'ਖ਼ਾਲਸਾ ਪੰਥ' ਦੇ ਮਲਿਕ ਭਾਗੋਆ ਨੂੰ ਗੰਢ ਕੇ 'ਭਾਈ ਲਾਲੋਆ' ਦਾ ਸਰਵਪੱਖੀ ਸ਼ੋਸ਼ਣ ਕਰਨ ਦਾ ਦਸਤੂਰ ਜਾਰੀ ਰੱਖਿਆ ਹੋਇਆ ਹੈ, ਜਿਸ ਨੂੰ ਰੋਕਣ ਲਈ ਪ੍ਰੋ. ਦਿੱਤ ਰਾਮ ਗਿਆਨੀ ਉਰਫ ਪ੍ਰੋ. ਦਿੱਤ ਸਿੰਘ ਗਿਆਨੀ ਵਰਗਿਆਂ ਕਲਮ ਦੇ ਧਨੀਆਂ ਸੰਤ-ਸਿਪਾਹੀਆਂ ਦੀ ਲੋੜ ਹੈ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਰਾਹੀਂ ਸਿੱਖ ਸਮਾਜ ਨੂੰ ਮਹੰਤਵਾਦ ਅਤੇ ਬ੍ਰਾਹਮਣਵਾਦ ਤੋਂ ਬਚਾ ਕੇ 20ਵੀਂ ਸਦੀ ਦੇ ਹਾਣੀ ਬਣਾਇਆ ਸੀ। ਪ੍ਰੋ. ਸਾਹਿਬ ਦਾ ਜਨਮ ਇਸੇ ਮਹੀਨੇ ਦੇ 21 ਅਪ੍ਰੈਲ ਨੂੰ 1850 ਈ. ਵਿੱਚ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਕਲੌੜ ਵਿੱਚ ਹੋਇਆ ਸੀ। ਉਨ੍ਹਾਂ ਨੂੰ ਆਰੀਆ ਸਮਾਜ ਦੇ ਬਾਨੀ ਸੁਆਮੀ ਦਇਆ ਨੰਦ ਨੂੰ ਤਿੰਨ ਬਹਿਸਾਂ ਵੇਦਾਂ ਦੀ ਉਤਪਤੀ ਪੁਨਰ ਜਨਮ ਤੇ ਹਰਾਇਆ। ਵੇਦਾਂ ਵਿੱਚ ਅਗਿਆਨਤਾ ਤੋਂ ਸਿਵਾਏ ਕੁਝ ਵੀ ਨਹੀਂ, ਐਲਾਨਣ ਵਾਲੇ ਅਤੇ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਡਾ. ਭੀਮ ਰਾਓ ਰਾਮਜੀ ਅੰਬੇਡਕਰ ਦਾ ਜਨਮ ਅਪ੍ਰੈਲ ਮਹੀਨੇ ਦੀ 14 ਤਰੀਕ ਨੂੰ ਹੋਇਆ ਸੀ। ਵਿਸਾਖੀ ਵਾਲੇ ਦਿਨ 99ਵੇਂ ਵਰ੍ਹੇ ਪਹਿਲੇ 1913 ਈ. ਨੂੰ ਅਮਰੀਕਾ ਦੀ ਧਰਤੀ ਉੱਤੇ ਪੰਜਾਬੀਆਂ ਨੇ ਭਾਰਤ ਨੂੰ ਅੰਗ੍ਰੇਜ਼ ਸਾਮਰਾਜ ਦੇ ਜੂਲੇ ਤੋਂ ਅਜ਼ਾਦ ਕਰਾਉਣ ਲਈ ਹਥਿਆਰਬੰਦ ਸਿਧਾਂਤਕ ਅੰਦੋਲਨ ਗਦਰ ਪਾਰਟੀ ਦੀ ਨੀਂਹ ਰੱਖੀਂ, ਜਿਸ ਨੇ ਅੰਗਰੇਜ਼ ਸਾਮਰਾਜ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਸ਼ਹੀਦੀਆਂ, ਕਾਲੇ ਪਾਣੀ ਦੀਆਂ ਸਜ਼ਾਵਾਂ, ਜਮੀਨਾਂ ਜਾਇਦਾਦਾਂ ਜ਼ਬਤ ਕਰਵਾਉਣ ਵਿੱਚ ਗਦਰ ਪਾਰਟੀ ਵਰਗੀ ਪ੍ਰਵਾਸੀ ਅੰਤਰਰਾਸ਼ਟਰੀ ਸੰਸਥਾ ਨਾ ਹੋਈ ਹੈ ਨਾ ਹੋਣੀ ਹੈ। ਅੰਗਰੇਜ਼ਾਂ ਦੀਆਂ ਵਾਰਿਸ ਸਰਕਾਰਾਂ ਨੇ ਗਦਰ ਪਾਰਟੀ ਨੂੰ ਭੁਲਾ ਦਿੱਤਾ ਹੈ। ਗਦਰੀ ਬਾਬਾ ਅਤੇ ਆਦਿ-ਧਰਮੀਆਂ ਦੇ ਰਹਿਨੁੰਮਾ, ਆਦਿ ਧਰਮ ਦੇ ਬਾਨੀ ਦੀਆਂ ਕੁਰਬਾਨੀਆਂ ਨੂੰ ਸਿੱਟ ਬਸਿੱਟੇ ਕਰਕੇ, ਉਨ੍ਹਾਂ ਦਾ ਉਜਾਗਰ ਕਰਨ ਵਾਲਿਆਂ ਨੂੰ ਐਕਸੀਡੈਂਟਾਂ ਵਿੱਚ ਮਰਵਾਇਆ ਅਤੇ ਯੂ.ਪੀ. ਵਿੱਚ ਐਫ਼ ਆਈ ਆਰ ਦਰਜ ਕਰਕੇ ਮਨੁੱਖਤਾ ਹੀਣੇ ਕੰਮ ਕੀਤੇ ਜਾ ਰਹੇ ਹਨ। ਗਦਰੀ ਬਾਬੇ ਅਤੇ ਆਦਿ-ਧਰਮੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਦੀ ਬਰਸੀ ਵੀ 22 ਅਪ੍ਰੈਲ 1980 ਈ. ਨੂੰ ਆਉਂਦੀ ਹੈ। 1919 ਈ. ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਖੇ ਜਲਿਆਂਵਾਲਾ ਕਾਂਡ ਹੋਇਆ ਜਿਸ ਵਿੱਚ ਸੈਂਕੜੇ ਪੰਜਾਬੀ ਜਨਰਲ ਓਡਵਾਇਰ ਅਤੇ ਡਾਇਰ ਦੇ ਹੁਕਮ ਨਾਲ ਸ਼ਹੀਦ ਹੋਏ, ਜਿਸ ਦਾ ਬਦਲਾ ਸ਼ਹੀਦ ਰਾਮ ਮੁਹੰਮਦ ਸਿੰਘ ਅਜ਼ਾਦ ਉਰਫ ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਇੰਗਲੈਂਡ ਵਿਖੇ ਓਡਵਾਇਰ ਨੂੰ ਸ਼ਰੇਆਮ ਗੋਲੀ ਮਾਰ ਕੇ ਭਾਰਤ ਦੀ ਅਜ਼ਾਦੀ ਦੀ ਚਿਣਗ ਨੂੰ ਅੰਤਰਰਾਸ਼ਟਰੀ ਪੱਧਰ ਤੇ ਮਘਾਇਆ।

14 ਅਪ੍ਰੈਲ 1984 ਨੂੰ ਪੰਜਾਬੀ ਸਾਹਿਬ ਕਾਂਸ਼ੀ ਰਾਮ ਨੇ ਦਿੱਲੀ ਵਿਖੇ ਬਹੁਜਨ ਸਮਾਜ ਪਾਰਟੀ ਬਣਾਈ ਜਿਸ ਦਾ ਚੋਣ ਮੈਨੀਫੈਸਟੋ ਗੁਰੂ ਗ੍ਰੰਥ ਸਾਹਿਬ ਸੀ। 1996 ਈ. ਦੀ ਲੋਕ ਸਭਾ ਚੋਣ ਵਿੱਚ ਉਨ੍ਹਾਂ ਨੇ ਸਟਾਰ ਨਿਊਜ਼ ਟੀ.ਵੀ. ਚੈਨਲ ਨੂੰ ਇਕ ਮੁਲਾਕਾਤ ਵਿੱਚ ਕਿਹਾ ਕਿ ਉਹ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਰਕਾਰ ਬਣਾ ਕੇ ਲਾਗੂ ਕਰਨਗੇ। ਪੰਜਾਬ ਦੀ ਮੌਜੂਦਾ ਸਰਕਾਰ ਬੀ.ਐਸ.ਪੀ ਦੀ ਸਿੱਧੀ ਅਸਿੱਧੀ ਦੇਣ ਹੈ। ਦੇਖਣਾ ਹੈ ਇਹ ਪੰਥਕ ਸਰਕਾਰ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਕਿਵੇਂ ਕਿੰਨਾ ਅਤੇ ਕਦੋਂ ਲਾਗੂ ਕਰਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ 'ਖ਼ਾਲਸਾ ਪੰਥ' ਦਾ ਅਕਸ ਕਿੰਨਾ ਕੁ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਲਿਸ਼ਕਾਉਂਦੀ। ਵਿਸਾਖੀ ਦੇ ਤਿਉਹਾਰ ਸਮੇਂ ਦੇਸ਼ਾਂ ਵਿਦੇਸ਼ਾਂ ਵਿੱਚ ਆਪਣੇ ਮਾਹੀ ਜਾਂ ਆਪਣੀ ਪਤਨੀ ਦੇ ਦੂਰ ਹੋਣ ਸਮੇਂ ਉੱ ਹੂਕ ਸਾਂਝੀ ਕਰਨੀ ਚਾਹਾਂਗੇ- ਬੈਸਾਖੀ ਦੇ ਮਹੀਨੇ ਜੀ ਬੈਸਾਖੀ ਆਈ, ਤੂ ਪਰਦੇਸੀ ਲਾਲ ਵੇ, ਉਦਾਸੀ ਛਾਈ, ਚੈਨ ਨਾ ਆਵੇ ਮਲ ਜੀ, ਦੇਵੀ ਮਨ, ਬੈਸਾਖ ਬੈਸਾਖੀ ਵੇ ਲਾਲ ਘਰੋ ਰਹੀਂ।

ਅੰਤ ਵਿੱਚ 'ਦੇਸ਼ ਦੁਆਬਾ' ਦੇ ਮਾਣਯੋਗ ਪਾਠਕ ਸਾਹਿਬਾਨ ਨੂੰ ਪਲੇਠੇ ਅੰਕ ਦੀ ਪਲੇਠੀ ਸੰਪਾਦਕੀ ਇਕ ਵਾਰੀ ਫਿਰ ਤੋਂ ਹੱਥਾਂ ਵਿਚ ਸੌਂਪਦਿਆਂ ਇਹ ਵਾਅਦਾ ਕਰਦੇ ਹਾਂ ਕਿ ਅਸੀਂ ਜਾਤਾਂ, ਧਰਮਾਂ ਅਤੇ ਪਾਰਟੀਬਾਜ਼ੀ ਤੋਂ ਉੱਤੇ ਉੱਠ ਕੇ ਪਹਿਲੋਂ ਵਾਂਗ ਦੇਸ਼ ਵਿਦੇਸ਼ ਵਿੱਚ ਵਸੇ ਪੰਜਾਬੀਆਂ ਦੀ ਆਵਾਜ਼ ਨੂੰ ਈਮਾਨਦਾਰੀ ਦੂਰ-ਦ੍ਰਿਸ਼ਟੀ ਅਤੇ ਸੰਜਮ ਨਾਲ ਪੇਸ਼ ਕਰਦੇ ਰਹਾਂਗੇ ਅਤੇ ਆਪ ਜੀ ਤੋਂ ਵੀ ਇਹ ਉਮੀਦ ਰੱਖਦੇ ਹਾਂ ਕਿ ਤੁਸੀਂ ਵੀ ਅਜਿਹੀ ਭਾਵਨਾ ਤਹਿਤ ਸਹਿਯੋਗ ਜਾਰੀ ਰੱਖੋਗੇ।

**ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**

# ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਕਹਿਣਾ

1. ਰਾਜਨੀਤਿਕ ਲੋਕਤੰਤਰ ਨੂੰ ਸਾਮਾਜਿਕ ਲੋਕਤੰਤਰ ਬਣਾਇਆ ਜਾਵੇ।
2. ਚੰਗੀ ਸਰਕਾਰ ਉਹੀ ਹੈ ਜੋ ਇੱਕ ਵਰਗ ਨੂੰ ਦੂਜੇ ਵਰਗ ਦੀ ਲੁੱਟ ਖਸੁੱਟ ਤੋਂ ਬਚਾਏ ਅਤੇ ਦੇਸ ਵਿੱਚ ਅੰਦਰੂਨੀ ਦੰਗਿਆਂ, ਹਿੰਸਾ ਅਤੇ ਅਵਿਵਸਥਾ 'ਤੇ ਕਾਬੂ ਰੱਖੇ।
3. ਲੋਕਤੰਤਰ ਇੱਕ ਅਜਿਹੀ ਵਿਵਸਥਾ ਅਤੇ ਸ਼ਾਸਨ ਪ੍ਰਣਾਲੀ ਹੈ, ਜਿਸ ਵਿੱਚ ਆਰਥਿਕ ਤੇ ਸਾਮਾਜਿਕ ਖੇਤਰ ਵਿੱਚ ਬਿਨਾਂ ਖ਼ੂਨ ਖਰਾਬੇ ਦੇ ਕ੍ਰਾਂਤੀਕਾਰੀ ਤਬਦੀਲੀਆਂ ਹੋ ਸਕਦੀਆਂ ਹਨ।
4. ਲੋਕਤੰਤਰ ਦੀ ਨੀਂਹ ਹਨ-ਅਜ਼ਾਦੀ, ਬਰਾਬਰੀ, ਭਾਈਚਾਰਾ, ਦਲੀਲ, ਮਨੁੱਖੀ ਵਿਹਾਰ, ਕਨੂੰਨ ਦਾ ਰਾਜ, ਕੁਦਰਤੀ ਅਧਿਕਾਰ ਅਤੇ ਸਾਮਾਜਿਕ ਸੰਦਰਭ ਵਿੱਚ ਵਿਅਕਤੀਆ ਦੀ ਅਜ਼ਾਦੀ ਦਾ ਮਹੱਤਵ।
5. ਆਦਮੀ ਨੂੰ ਕਾਨੂੰਨ ਨੇ ਨਹੀ ਪੈਦਾ ਕੀਤਾ ਸਗੋਂ ਆਦਮੀ ਨੇ ਹੀ ਆਪਣੀ ਸਹੂਲਤ ਦੇ ਲਈ ਕਾਨੂੰਨਾਂ ਨੂੰ ਜਨਮ ਦਿੱਤਾ ਹੈ।
6. ਮੈਂ ਇੱਕ ਗਰੀਬ ਆਦਮੀ ਵਾਂਗ ਛੋਟੀ ਕੋਠੜੀ ਵਿੱਚ ਰਹਿ ਲਵਾਂਗਾ, ਜਿੱਥੇ ਕਿਤਾਬਾਂ ਹੋਣ, ਬਜਾਏ ਐਸਾ ਬਾਦਸ਼ਾਹ ਬਣਨ ਦੇ, ਜਿਸ ਨੂੰ ਕਿਤਾਬਾਂ ਨਾਲ ਉੱਕਾ ਹੀ ਕੋਈ ਪਿਆਰ ਨਾ ਹੋਵੇ-ਲਾਰਡ ਮੈਕਾਲੇ।

## ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਸੱਚੇ ਬੋਲ

1. ਅਸੀਂ ਉਨ੍ਹਾਂ (ਆਦਿ-ਧਰਮੀਆਂ) ਨੂੰ ਵਧੀਆ ਜੀਵਨ ਜੀਉਣ ਵਿੱਚ ਮਦਦ ਕੀਤੀ ਅਤੇ ਉਨ੍ਹਾਂ ਨੂੰ ਇੱਕ ਕੌਮ ਬਣਾਇਆ। ਅਸੀਂ ਉਨ੍ਹਾਂ ਨੂੰ ਪੂਜਣਯੋਗ ਗੁਰੂ ਦਿੱਤੇ ਅਤੇ ਆਸ਼ਾਵਾਦੀ ਬਣਾਇਆ।
2. ਕੌਮਾਂ ਹਮੇਸ਼ਾਂ ਸੁਸਾਇਟੀ ਦੀ ਅਵਾਜ਼ ਨਾਲ ਤਰਕੀ ਕਰਦੀਆਂ ਹਨ।
3. ਜਦੋਂ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉੱ"11ਾਂ ਸ਼ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ।
4. ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ-ਖੇਰੂੰ ਦੇਖਦਾ ਹਾਂ ਕਿਤੇ ਉਹ ਪਿਛਲਾ ਸਮਾਂ ਮੁੜ ਕੇ ਨਾ ਕੌਮ ਉੱ ਆ ਜਾਵੇ।
5. ਅਸੀਂ ਦੇਸ ਵਿੱਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਸਮਾਜ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇੱਕ ਅਵਾਜ਼ ਹੋਵੇ।
6. ਸਾਡੀ ਜਦੋ-ਜਹਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ ਛੂਤ-ਛਾਤ ਅਤੇ ਊਚ- ਨੀਚ ਦੇ ਭੈੜੇ ਰਿਵਾਜਾਂ ਨੂੰ ਦੇਸ ਵਿੱਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ 'ਚ ਕਾਇਮ ਹੈ।
7. ਅਸੀਂ ਸਾਰੇ ਮਿਲ ਕੇ ਆਪਣੀ ਅਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸਵਾਸੀਆ ਾਂ ਤੱਕ ਪਹੁੰਚਾਈਏ।
8. ਕੌਮਾਂ ਦੀ ਉੱਕ ਕੌਮਾਂ ਦਾ ਨਵਨਿਰਮਾਣ ਉਹਨਾਂ ਦੀ ਜਥੇਬੰਦੀ 'ਤੇ ਆਧਾਰਿਤ ਹੋਇਆ ਕਰਦੇ ਹਨ, ਜਿਸ ਕੌਮ ਦੀ ਜਥੇਬੰਦੀ ਨਹੀਂ ਜਾਂ ਉਸ ਦੀ ਸਾਮਾਜਿਕ ਅਤੇ ਧਾਰਮਿਕ ਪੱਖੋਂ ਸਭਾ ਸੁਸਾਇਟੀ ਨਹੀਂ ਉਹ ਕੌਮ ਹਮੇਸ਼ਾਂ ਹੀ ਆਪਣੇ ਸਵੈਮਾਨ ਤੇ ਸਵਰੂਪ ਨੂੰ ਗੁਆ ਬੈਠਦੀ ਹੈ।
9. ਭਰਾਵੋ! ਇਹ ਕੁਝ ਮੇਰੀ ਕੌਮ ਲਈ ਅਜੇ ਕਾਫੀ ਨਹੀਂ। ਸਾਡਾ ਨਿਸ਼ਾਨਾ ਅਜੇ ਹੋਰ ਅਗੇਰੇ ਵਧਣਾ 'ਤੇ ਖੁੱਸੇ ਹੋਏ ਹੱਕਾਂ ਦੀ ਮੁਕੰਮਲ ਤੌਰ 'ਤੇ ਪ੍ਰਾਪਤੀ ਲਈ ਇਸ ਤੋਂ ਵੱਧ ਸਿਆਸੀ ਤੇ ਜਮਾਤੀ ਘੋਲ ਕਰਨਾ ਹੈ।
10. ਮੇਰੀ ਦਿਲੀ ਤਮੰਨਾ ਹੈ ਕਿ ਆਦਿਧਰਮ ਮੰਡਲ ਨਾਂ ਦੀ ਸੰਸਥਾ ਵੱਧਦੀ ਫੁਲਦੀ ਰਹੇ ਅਤੇ ਇਹ ਸੋਹੰ ਦਾ ਝੰਡਾ ਦੇਸ ਦੇ ਕੋਨੇ- ਕੋਨੇ ਵਿੱਚ ਝੂਲਦਾ ਦਿਖਾਈ ਦੇਵੇ। ਭਰਾਵੋ! ਇਹ ਤਦ ਹੀ ਹੋ ਸਕਦਾ ਹੈ ਜੇ ਮੇਰੀ ਕੌਮ ਦੇ ਪੜ੍ਹੇ ਲਿਖੇ ਤੇ ਨੌਜਵਾਨ ਸਾਥੀ ਇਸ ਸੰਸਥਾ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਸੰਭਾਲਣ।
11. ਮੈਨੂੰ ਆਸ ਹੈ ਉਹਨਾਂ ਵਰਕਰ ਸਾਥੀਆਂ ਤੇ ਸਾਹਿਤਕਾਰਾਂ ਉੱਤੇ ਜਿਵੇਂ ਉਹਨਾਂ ਨੇ ਮੇਰੇ ਨਾਲ ਕੰਮ ਕਰਦਿਆਂ ਆਪਣਾ ਬਚਪਨ ਬਤੀਤ ਕੀਤਾ, ਅੱਗੋਂ ਤੋਂ ਵੀ ਇਸ ਕੰਮ ਲਈ ਤੇ ਆਦਿ-ਧਰਮ ਲਹਿਰ ਨੂੰ ਪ੍ਰਫੁਲਤ ਕਰਨ ਵਿੱਚ ਆਪਣੇ ਜੀਵਨ ਦਾ ਰਹਿੰਦਾ ਹਿੱਸਾ ਵੀ ਬਤੀਤ ਕਰਨਗੇ।

## ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਕਹਿਣਾ

1. ਬ੍ਰਾਹਮਣਾਂ ਨੂੰ ਦੋਸ਼ ਨਾ ਦਿਓ। ਅਸੀਂ ਲੋਕਾਂ ਨੇ ਹੀ ਬ੍ਰਾਹਮਣਵਾਦ ਨੂੰ ਆਪਣੇ ਮੋਢਿਆਂ ਤੇ ਚੁਕਿਆ ਹੋਇਆ ਹੈ ਅਤੇ ਇਹ ਸਹੀ ਮੌਕਾ ਹੈ ਕਿ ਅਸੀਂ ਆਪਣੇ ਸਿਰ ਪਏ ਭਾਰ ਨੂੰ ਵਗਾਹ ਮਾਰੀਏ। -ਵੀਕ ਐਂਡ ਨਿਊਜ਼ ਟਾਈਮ 26-4-1987।
2. ਮੈਂ ਜਿਨ੍ਹਾਂ ਮੁਸਲਮਾਨਾਂ ਨੂੰ ਸੰਗਠਿਤ ਕਰ ਰਿਹਾ ਹਾਂ ਉਨ੍ਹਾਂ ਵਿੱਚੋਂ 90 ਪ੍ਰਤੀਸ਼ਤ ਉਸ ਵਰਗ ਨਾਲ ਸੰਬੰਧਿਤ ਹੈ, ਜਿਨ੍ਹਾਂ ਨੂੰ ਸੱਯਦਾਂ, ਸ਼ੇਖਾਂ, ਮੁਗਲਾਂ ਅਤੇ ਪਠਾਨਾਂ ਆਦਿ ਨੇ ਦਬਾਇਆ ਹੋਇਆ ਹੈ। ਤੁਸੀਂ ਉਨ੍ਹਾਂ ਨੂੰ ਮੁਸਲਮਾਨਾਂ ਦੇ ਬ੍ਰਾਹਮਣ ਕਹਿ ਸਕਦੇ ਹੋ।
3. ਦਲਿਤਾਂ ਕੋਲ ਬੁਲੇਟ (ਗੋਲੀ) ਅਤੇ ਬੈਲਟ (ਵੋਟ) ਦੋਵੇਂ ਤਾਕਤਾਂ ਹਨ। ਪਚਾਸੀ ਪ੍ਰਤੀਸ਼ਤ ਵੋਟਰ ਦਲਿਤ (ਇੱਥੇ ਦਲਿਤ ਤੋਂ ਭਾਵ ਐਸ. ਸੀ., ਬੀ. ਸੀ., ਐਸ. ਟੀ., ਸਿੱਖਾਂ, ਮੁਸਲਮਾਨਾਂ, ਈਸਾਈਆਂ, ਬੋਧੀਆਂ ਤੋਂ ਹੈ) ਵੋਟਰ ਹਨ। ਇਸੇ ਤਰ੍ਹਾਂ ਫ਼ੌਜ ਵਿੱਚ ਵੀ 90 ਪ੍ਰਤੀਸ਼ਤ ਦਲਿਤ ਹਨ-ਦੀ ਟ੍ਰਿਬਿਊਨ 181- 1990।
4. ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ 22.5 ਪ੍ਰਤੀਸ਼ਤ ਸੀਟਾਂ ਰਾਖਵੀਆਂ ਹਨ। ਬ੍ਰਾਹਮਣ ਅਤੇ ਕਾਇਸਥਾਂ ਕੋਲ ਜੋ ਦੇਸ ਦੀ ਆਬਾਦੀ ਦਾ ਸਿਰਫ਼ 8 ਪ੍ਰਤੀਸ਼ਤ ਹਨ, ਪਰ ਪਾਰਲੀਮੈਂਟ (ਲੋਕ ਸਭਾ ਅਤੇ ਰਾਜ ਸਭਾ) ਦੀਆਂ 52 ਪ੍ਰਤੀਸ਼ਤ ਸੀਟਾਂ 'ਤੇ ਕਾਬਜ਼ ਹਨ। ਪੱਛੜੀਆਂ ਸ਼੍ਰੇਣੀਆਂ (ਓ. ਬੀ. ਸੀ.) ਕੋਲ ਸਿਰਫ਼ 8 ਪ੍ਰਤੀਸ਼ਤ ਸੀਟਾਂ ਹਨ। ਇਹੀ ਹਨ, ਜੋ ਪਛੜੇ ਰਹੇ ਹਨ।-ਸੂਰੀਆ ਇੰਡੀਆ, ਮਈ 1987।
5. ਕੋਈ ਵੀ 'ਵਾਦ' ਭਾਵੇਂ ਪੂੰਜੀਵਾਦ, ਕਮਿਊਨਿਸਟ ਵਾਦ ਜਾਂ ਸਮਾਜਵਾਦ ਉਦੋਂ ਤੱਕ ਭਾਰਤ ਵਿੱਚ ਸਫਲ ਨਹੀਂ ਹੋਵੇਗਾ ਜਦੋਂ ਤੱਕ ਭਾਰਤ ਵਿੱਚ ਬ੍ਰਾਹਮਣਵਾਦ ਹੈ।-ਦੀ ਹਿੰਦੁਸਤਾਨ ਟਾਈਮਜ਼ 07-4-1987।
6. ਸਾਡੀ ਸੰਸਥਾ ਕਿਸੇ ਵੀ ਵਿਅਕਤੀ ਦੇ ਜਾਤ ਜਾਂ ਨਸਲ ਦੇ ਆਧਾਰ 'ਤੇ ਵਿਰੁੱਧ ਨਹੀਂ। ਇਹ ਤਾਂ ਨਾਬਰਾਬਰੀ ਤੇ ਆਧਾਰਿਤ ਉਸ ਸਾਮਾਜਿਕ ਪ੍ਰਬੰਧ ਦੇ ਖਿਲਾਫ ਸੰਘਰਸ਼ ਕਰਨ ਲਈ ਹੈ, ਜਿਸ ਪ੍ਰਬੰਧ ਨੇ ਸਾਨੂੰ ਹਰ ਤਰ੍ਹਾਂ ਦੇ ਮਨੁੱਖੀ ਹੱਕਾਂ ਤੋਂ ਵਾਂਝੇ ਰੱਖਿਆ ਹੈ।

-ਦੀ ਗਾਰਡੀਅਨ ਇੰਡੀਆ, 1983

7. ਕੋਈ ਵੀ ਸਾਨੂੰ ਖ਼ਰੀਦ ਨਹੀਂ ਸਕਦਾ। -ਦੀ ਹਿੰਦੁਸਤਾਨ ਟਾਈਮਜ਼ 31-3-1987। 8. ਮੰਨ ਲਓ ਇੱਕ ਮੰਤਰੀ ਵੋਟਾਂ ਦੀ ਲੁੱਟ ਖੋਹ ਲਈ ਜ਼ਿੰਮੇਵਾਰ ਹੈ, ਉਹ ਹੁਣ ਮੌਕੇ 'ਤੇ ਹੀ ਜ਼ਰੂਰ ਮਾਰਿਆ ਜਾਵੇਗਾ। ਮੈਂ ਇਸ ਵਿੱਚ ਕੀ ਕਰ ਸਕਦਾ ਹਾਂ?

ਮੈਂ ਹਰ ਥਾਣੇ ਵਿੱਚ ਅਤੇ ਪੋਲਿੰਗ ਸਟੇਸ਼ਨ 'ਤੇ ਇਨ੍ਹਾਂ ਨੂੰ ਰੋਕਣ ਲਈ ਨਹੀਂ ਜਾ ਸਕਦਾ। ਅਗਲੀ ਵਾਰ ਜਦੋਂ ਇਹ ਮੰਤਰੀ ਵੋਟਾਂ ਦੀ ਲੁੱਟ-ਖਸੁੱਟ ਕਰਨ ਜਾਣਗੇ, ਕੀ ਉਹ ਜਿਊਂਦੇ ਵਾਪਸ ਮੁੜਨਗੇ?

ਮੈਨੂੰ ਉਹ ਹਾਲਾਤ ਦਿਖਾਈ ਦੇ ਰਹੇ ਹਨ, ਜਦੋਂ ਲੋਕ ਉੱ ਖੜ੍ਹੇ ਹੋਣਗੇ ਅਤੇ ਵੋਟਾਂ ਦੇ ਲੁਟੇਰਿਆਂ ਨੂੰ ਜਿਊਂਦੇ ਨਹੀਂ ਜਾਣ ਦੇਣਗੇ। ਮੈਨੂੰ ਇਸ ਦੀ ਚਿੰਤਾ ਹੈ। -ਦੀ ਟੈਲੀਗ੍ਰਾਫ 284- 1987।

The AMBEDKARTIMES GROUP (www.ambedkartimes.com, wwwambedkartimes.org, www.deshdoaba.com, Ambedkar Times, Desh Doaba) joins millions of followers of our revered Babasaheb Dr. Bhimrao Ramji Ambedkar in paying a floral tribute to him on his 124 Birth Anniversary on April 14, 2015.

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ

**ਯੂਬਾ ਸਿਟੀ (ਦਿਲਵਿੰਦਰ ਰੱਲ੍ਹ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਹੇਕ ਐਤਵਾਰ ਦੀ ਕਿਸੇ ਨਾ ਕਿਸੇ ਗੁਰੱਖਿ ਪਰਿਵਾਰ ਵੱਲੋਂ ਜਾਂ ਗੁਰੂ ਘਰ ਜਾਂ ਸੰਗਤਾਂ ਦੇ ਸਹਿਯੋਗ ਨਾਲ ਕੀਰਤਨ ਦਰਬਾਰ ਸਜਾਏ ਜਾਂਦੇ ਹਨ ਅਤੇ ਲੰਗਰ ਦੀ ਸੇਵਾ ਕੀਤੀ ਜਾਂਦੀ ਹੈ। ਇਸ ਐਤਵਾਰ 5 ਅਪ੍ਰੈਲ ਨੂੰ ਸੁਖਮਨੀ ਸਾਹਿਬ ਜੀ ਦੇ ਪਾਠ ਪੜ੍ਹੇ ਗਏ ਅਤੇ ਇਸ ਦੌਰਾਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਪ੍ਰਿਤਪਾਲ ਸਿੰਘ ਤੇ ਭਾਈ ਪੂਰਨ ਸਿੰਘ ਜੀ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰਬਾਣੀ ਨਾਲ ਜੁੜੇ ਰਹਿਣ ਲਈ ਹਰੇਕ ਐਤਵਾਰ ਗੁਰੂ ਘਰ ਹਾਜ਼ਰੀਆਂ ਭਰਨ ਲਈ ਬੇਨਤੀ ਕੀਤੀ।

ਇਸ ਮੌਕੇ ਗੁੋਰੂ ਘਰ ਦੇ ਸੇਵਕ ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਵੀ ਆਪਣੀ ਕਲਮ ਤੋਂ ਧਾਰਮਿਕ ਕਵਿਤਾਵਾਂ ਨਾਲ ਸਾਂਝ ਪਾਈ।

ਇਸ ਉਪਰੰਤ ਅੱਜ ਦੀ ਸੇਵਾ ਤੇ ਲੰਗਰ ਸੇਵਾ ਲਈ



ਗੁਰਸਿੱਖ ਪਰਿਵਾਰ ਸ: ਜਗਤਾਰ ਸਿੰਘ, ਬੀਬੀ ਸੁਰਿੰਦਰ ਕੌਰ ਜੀ ਅਤੇ ਉਹਨਾਂ ਦੀ ਸਪੁੱਤਰੀ ਮਨਦੀਪ ਕੌਰ ਵੱਲੋਂ ਸੇਵਾ ਕਰਨ ਲਈ ਕਮੇਟੀ ਨੇ ਉਹਨਾਂ ਕੋਟਿਨ-ਕੋਟਿ ਧੰਨਵਾਦ ਕੀਤਾ ਅਤੇ ਸ: ਜਗਤਾਰ ਸਿੰਘ ਤੇ ਉਹਨਾਂ ਦੇ ਵੀਰ ਸ: ਜੋਗਾ ਸਿੰਘ ਜੀ ਦਾ ਸਿਰੋਪਾਓ ਨਾਲ ਮਾਣ ਕੀਤਾ।

ਸਟੇਜ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਬਾਖੂਬੀ ਨਾਲ ਨਿਭਾਉਂਦਿਆਂ ਸਮੂਹ ਸੰਗਤ ਦਾ ਕੋਟਿਨ-ਕੋਟਿ ਧੰਨਵਾਦ ਕੀਤਾ ਅਤੇ ਸ: ਜਗਤਾਰ ਸਿੰਘ ਤੇ ਉਹਨਾਂ ਦੇ ਵੀਰ ਸ: ਜੋਗਾ ਸਿੰਘ ਜੀ ਦਾ ਸਿਰੋਪਾਓ ਨਾਲ ਮਾਣ ਕੀਤਾ।

ਸਟੇਜ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਬਾਖੂਬੀ ਨਾਲ ਨਿਭਾਉਂਦਿਆਂ ਸਮੂਹ ਸੰਗਤ ਦਾ ਕੋਟਿਨ-ਕੋਟਿ ਧੰਨਵਾਦ ਕੀਤਾ ਜੋ ਹਰ ਐਤਵਾਰ ਹਾਜ਼ਰੀਆਂ ਭਰਦੀਆਂ ਹਨ। ਉਹਨਾਂ ਗੁਰੂ ਘਰ ਲਈ ਵੱਧ ਤੋਂ ਵੱਧ ਵਿੱਤੀ ਸੇਵਾ ਲਈ ਬੇਨਤੀ ਕੀਤੀ ਤਾਂ ਕਿ ਬਿਲਡਿੰਗ ਤੇ ਪਾਰਕਿੰਗ ਲਾਟ ਹੋਰ ਵਧੀਆ ਬਣਾ ਸਕਣ।

# ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੇ ਬੁੱਤ ਨਾਲ ਛੇੜਛਾੜ ਕਰਨ 'ਤੇ ਦਲਿਤ ਜਥੇਬੰਦੀਆਂ ਉੱਤਰੀਆਂ ਸੜਕਾਂ 'ਤੇ, ਸਥਿਤੀ ਤਨਾਅਪੂਰਨ

## ਮੰਗਲਵਾਰ ਤੱਕ ਸ਼ਰਾਰਤੀ ਅਨਸਰਾਂ ਖ਼ਿਲਾਫ਼ ਕਾਰਵਾਈ ਨਾ ਹੋਈ ਤਾਂ ਹੋਵੇਗਾ ਜ਼ਬਰਦਸਤ ਸੰਘਰਸ਼ - ਦਲਿਤ ਆਗੂ

**ਫਗਵਾੜਾ (ਰੱਤੂ)–** ਅੰਬੇਡਕਰ ਪਾਰਕ ਪਲਾਹੀ ਗੇਟ ਫਗਵਾੜਾ ਵਿਖੇ ਲੱਗੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਨਾਲ ਸ਼ਰਾਰਤੀ ਅਨਸਰਾਂ ਵਲੋਂ ਕੀਤੀ ਗਈ ਛੇੜਛਾੜ ਨੂੰ ਲੈ ਕੇ ਫਗਵਾੜਾ 'ਚ ਹਾਲਾਤ ਤਨਾਅਪੂਰਨ ਬਣੇ। ਜਿਵੇਂ -ਜਿਵੇਂ ਬਾਬਾ ਸਾਹਿਬ ਜੀ ਦੇ ਬੁੱਤ ਤੋੜੇ ਜਾਣ ਦੀ ਖ਼ਬਰ ਬਾਬਾ ਸਾਹਿਬ ਦੇ ਪੈਰੋਕਾਰਾਂ ਨੂੰ ਲੱਗੀ ਤਾਂ ਸਮੁੱਚੀਆਂ ਜਥੇਬੰਦੀਆਂ ਘਟਨਾ ਸਥਾਨ 'ਤੇ ਪਹੁੰਚ ਕੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪੁਲਿਸ ਪ੍ਰਸ਼ਾਸ਼ਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਘਟਨਾ ਦੀ ਸ਼ਬਦਾਂ 'ਚ ਨਿਖ਼ੇਧੀ ਕੀਤੀ। ਘਟਨਾ ਖ਼ਿਲਾਫ਼ ਕੋਈ ਕਾਰਵਾਈ ਨਾ ਹੁੰਦੀ ਦੇਖ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਜਨਰਲ ਸਕੱਤਰ ਜਰਨੈਲ ਨੰਗਲ, ਅੰਬੇਡਕਰ ਸੈਨਾ ਮੂਲ ਨਿਵਾਸੀ ਦੇ ਪ੍ਰਧਾਨ ਹਰਭਜਨ ਸੁਮਨ, ਯਸ਼ ਬਰਨਾ, ਡਾ. ਰਜਿੰਦਰ ਕਲੇਰ, ਰਮੇਸ਼ ਕੌਲ ਕੌਂਸਲਰ, ਤੇਜਪਾਲ ਬਸਰਾ ਸਾਬਕਾ ਕੌਂਸਲਰ ਦੀ ਅਗਵਾਈ 'ਚ ਸੈਂਕੜੇ ਵਰਕਰਾਂ ਨੇ ਹੁਸ਼ਿਆਰਪੁਰ ਰੋਡ 'ਤੇ ਧਰਨਾ ਲਗਾ ਕੇ ਅਕਾਲੀ ਭਾਜਪਾ ਸਰਕਾਰ, ਮੌਜੂਦਾ ਵਿਧਾਇਕ ਅਤੇ ਪੁਲਿਸ ਪ੍ਰਸ਼ਾਸ਼ਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕਰ ਦੋਸ਼ੀਆਂ ਨੂੰ ਗ੍ਰਿਫ਼ਤਾਰੀ ਦੀ ਮੰਗ ਕੀਤੀ। ਉਕਤ ਆਗੂਆਂ ਨੇ ਲਗਭਗ ਡੇਢ ਘੰਟਾ ਰੋਡ ਜਾਮ ਕਰ ਕੇ ਰੋਸ਼ ਪ੍ਰਦਰਸ਼ਨ ਕੀਤਾ। ਸਥਿਤੀ ਤਨਾਅਪੂਰਨ ਹੁੰਦੀ ਦੇਖ ਡੀ.ਐਸ.ਪੀ. ਸਬ ਡਵੀਜਨ ਮਨਪ੍ਰੀਤ ਸਿੰਘ ਢਿੱਲੋਂ, ਐਸ.ਐਚ.ਓ. ਸਿਟੀ ਪਰਮਸੁਨੀਲ ਰੰਧਾਵਾ ਤੇ ਐਸ.ਐਚ.ਓ. ਸਤਨਾਮਪੁਰਾ ਜੋਗਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਧਰਨੇ ਵਾਲੀ ਥਾਂ 'ਤੇ ਪਹੁੰਚੇ ਅਤੇ ਆਗੂਆਂ ਨੂੰ ਭਰੋਸਾ ਦਿੱਤਾ ਕਿ ਦੋੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਉਕਤ ਦਲਿਤ ਜਥੇਬੰਦੀਆਂ ਦੇ



ਆਗੂਆਂ ਨੇ ਪੁਲਿਸ ਪ੍ਰਸ਼ਾਸ਼ਨ ਨੂੰ ਮੰਗਲਵਾਰ ਤੱਕ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਬੁੱਤ ਨੂੰ ਤੋੜਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਗ੍ਰਿਫ਼ਤਾਰ ਕਰਨ ਦਾ ਟਾਇਮ ਦਿੱਤਾ ਅਤੇ ਨਾਲ ਹੀ ਮੰਗ ਕੀਤੀ ਕਿ ਸ਼ਹਿਰ ਅੰਦਰ ਲੱਗੇ ਬਾਬਾ ਸਾਹਿਬ ਦੇ ਬੁੱਤਾਂ ਦੀ ਸੁਰੱਖ਼ਿਆ ਦਾ ਪੁਖ਼ਤਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਕੋਈ ਵੀ ਸ਼ਰਾਰਤੀ ਅਨਸਰ ਇਹੋ ਜਿਹੀ ਘਿਨੌਣੀ ਘਟਨਾ ਨੂੰ ਅੰਜਾਮ ਨਾ ਦੇ ਸਕੇ। ਇਸ ਮੌਕੇ ਜਰਨੈਲ ਨੰਗਲ, ਹਰਭਜਨ ਸੁਮਨ ਤੇ ਰਮੇਸ਼ ਕੌਲ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅਸੀਂ ਪੁਲਿਸ ਪ੍ਰਸ਼ਾਸ਼ਨ ਨੂੰ ਮੰਗਲਵਾਰ ਤੱਕ ਦਾ ਟਾਇਮ ਦਿੱਤਾ ਹੈ ਕਿ ਬੁੱਤ ਨਾਲ ਛੇੜਛਾੜ ਕਰਨ ਵਾਲੇ ਸ਼ਰਾਰਤੀ ਅਨਸਰਾਂ ਨੂੰ ਗ੍ਰਿਫ਼ਤਾਰ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜੇਕਰ ਮੰਗਲ ਵਾਰ ਤੱਕ ਕਾਰਵਾਈ ਨਾ ਹੋਈ ਤਾਂ ਸਮੁੱਚਾ ਸਮਾਜ ਬਾਬਾ ਸਾਹਿਬ ਜੀ ਦੇ ਸਨਮਾਨ 'ਚ ਅਗਲਾ ਅੰਦੋਲਨ ਛੇੜੇਗਾ ਜਿਸ ਦੀ ਜ਼ਿੰਮੇਵਾਰੀ ਪੁਲਿਸ ਤੇ ਸਿਵਲ ਪ੍ਰਸ਼ਾਸ਼ਨ ਦੀ ਹੋਵੇਗੀ।

ਦੂਸਰੇ ਪਾਸੇ ਅੰਬੇਡਕਰ ਸੈਨਾ ਪੰਜਾਬ ਦੇ ਆਗੂਆਂ ਨੇ ਸੂਬਾ ਪ੍ਰਧਾਨ ਸੁਰਿੰਦਰ ਢੰਡਾ ਦੀ ਅਗਵਾਈ 'ਚ ਭੁੱਲਾਰਾਈ ਚੌਂਕ ( ਬਾਈਪਾਸ) ਤੇ ਜਾਮ ਲਗਾ ਕੇ ਪੁਲਿਸ ਪ੍ਰਸ਼ਾਸ਼ਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕਰ ਦੋਸ਼ੀਆਂ ਨੂੰ ਗ੍ਰਿਫ਼ਤਾਰੀ ਕਰਨ ਦੀ ਮੰਗ ਕੀਤੀ। ਸੈਨਾ ਆਗੂਆਂ ਨੇ ਲੱਗਭਗ ਡੇਢ ਘੰਟਾ ਜਾਮ ਲਗਾ ਕੇ ਰੋਸ ਧਰਨਾ ਦਿੱਤਾ। ਜਾਮ ਦੌਰਾਨ ਬਾਈਪਾਸ 'ਤੇ ਲੰਬੀਆਂ-ਲੰਬੀਆਂ ਵਾਹਨਾਂ ਦੀਆਂ ਕਤਾਰਾਂ ਲੱਗ ਗਈਆਂ। ਸਥਿਤੀ ਨੂੰ ਸ਼ਾਂਤ ਕਰਨ ਲਈ ਡੀ.ਐਸ.ਪੀ. ਮਨਪ੍ਰੀਤ ਢਿੱਲੋਂ ਧਰਨਾ ਸਥਾਨ 'ਤੇ ਪੁੱਜੇ ਅਤੇ ਆਗੂਆਂ ਨੂੰ ਭਰੋਸਾ ਦਿੱਤਾ ਕਿ ਇਸ ਘਟਨਾ ਦੀ ਨਿਰਪੱਖ਼ ਜਾਂਚ ਕਰਕੇ ਸ਼ਰਾਰਤੀ ਅਨਸਰਾਂ ਨੂੰ ਗ੍ਰਿਫ਼ਤਾਰ ਕਰਕੇ ਅਗਲੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।





Call For Special Price
Kashmir S. Thandi
Office: (866) 933-3038
Balhar S. Ranu
Cell: 916-502-7733





Yuba City Ph: 530-419-5058
1816 Main Ave.,
Secramento CA, 95838

ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ





ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
209-479-0242

## 'ਪੰਥ-ਖਾਲਸਾ' ਦੇ ਸਥਾਪਨਾ ਦਿਵਸ 'ਤੇ

# 'ਪੰਜ-ਪਿਆਰੇ ਵਰਗ ਵਿਸ਼ੇਸ਼ ਨਹੀਂ, ਸਗੋਂ ਇਕ ਲੋਕ-ਰਾਜੀ ਸੰਸਥਾ'



ਵਿਸਾਖੀ ਵਾਲੇ ਦਿਨ 1699 ਈਸਵੀ ਨੂੰ ਪੰਜਾਬ ਦੀ ਧਰਤੀ 'ਤੇ ਖਾਸ ਕਰਕੇ ਸਿੱਖ ਇਤਿਹਾਸ 'ਚ 'ਪੰਜ ਪਿਆਰਿਆਂ' ਜਾਂ 'ਪੰਥ-ਖਾਲਸਾ' ਦੀ ਸਿਰਜਣਾ ਇਕ ਬਹੁਤ ਹੀ ਮਹੱਤਵਪੂਰਨ ਘਟਨਾ ਹੈ। ਇਸ ਘਟਨਾ ਨੇ ਪੰਜਾਬ ਦੇ ਲੋਕਾਂ ਨੂੰ ਮੱਧਕਾਲੀ ਸੋਚ 'ਚੋਂ ਬਾਹਰ ਕੱਢ ਕੇ ਆਧੁਨਿਕ ਸੋਚ 'ਚ ਪ੍ਰਵੇਸ਼ ਕੀਤਾ। ਇਸ ਘਟਨਾ ਨੇ ਸੈਂਕੜੇ ਸਾਲ ਪੁਰਾਣੀ ਮੱਧਯੁੱਗੀ ਸੋਚ ਵਾਲੇ ਸਮਾਜਿਕ ਢਾਂਚੇ 'ਚ ਪਰਿਵਰਤਨ ਲਿਆਂਦਾ ਤੇ ਲੋਕਰਾਜੀ ਭਾਵਨਾ ਵਾਲੀ 'ਪੰਚਾਇਤੀ ਸੰਸਥਾ' ਨੂੰ ਜਨਮ ਦਿੱਤਾ। ਇਸ ਨਾਲ ਲੋਕਾਂ ਦੀ ਆਵਾਜ਼ ਵਾਲੀ ਜਾਂ ਸੰਗਤਾਂ ਦੇ ਸਮੂਹ ਵਾਲੀ ਤੇ ਲੋਕਾਂ ਨੂੰ ਅਗਵਾਈ ਕਰਨ ਵਾਲੀ ਪੰਜ ਜਾਂ ਇਕ ਵਿਅਕਤੀ ਤੋਂ ਵੱਧ ਵਿਅਕਤੀਆਂ ਦੀ 'ਸੰਸਥਾ' ਦਾ ਆਗਾਜ਼ ਹੁੰਦਾ ਹੈ। ਇਹ ਸੰਸਥਾ 'ਗੁਰੂ ਗ੍ਰੰਥ ਸਾਹਿਬ' ਦੀ ਅਗਵਾਈ 'ਚ ਸਰਬੱਤ ਖਾਲਸਾ ਬੁਲਾਅ ਕੇ ਜੀਵਨ ਦੇ ਮਹੱਤਵਪੂਰਨ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ 'ਗੁਰਮੱਤੇ' ਜਾਂ ਫੈਸਲੇ ਕਰਦੀ ਹੈ।

ਇਸ ਤੋਂ ਪਹਿਲਾਂ ਅਸੀਂ ਜਦੋਂ ਭਾਰਤ ਜਾਂ ਸੰਸਾਰ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਦੁਨੀਆਂ ਦੇ ਵੱਡੇ ਧਰਮਾਂ 'ਚ ਵੀ ਪੰਜ-ਪੰਜ ਵਿਅਕਤੀਆਂ ਦੇ ਸਮੂਹ ਦੀ ਧਾਰਨਾ ਨਜ਼ਰ ਆਉਂਦੀ ਹੈ। ਦੁਨੀਆਂ ਦੇ ਸਭ ਤੋਂ ਵੱਡੇ ਇਸਾਈ ਧਰਮ ਦੇ ਬਾਨੀ ਈਸਾ ਮਸੀਹ ਜੀ ਨੂੰ ਜਦੋਂ ਪ੍ਰਮਾਤਮਾ ਦੀ ਸੋਝੀ ਹੋਈ ਤਾਂ ਉਹਨਾਂ ਨੇ ਪ੍ਰਮਾਤਮਾ ਪ੍ਰਤੀ ਜੋ ਗਿਆਨ ਹਾਸਲ ਕੀਤਾ, ਆਪਣੇ ਇਸ ਗਿਆਨ ਨੂੰ ਦੁਨੀਆਂ ਦੇ ਕੋਨੇ-ਕੋਨੇ 'ਚ ਪਹੁੰਚਾਉਣ ਲਈ ਸਭ ਤੋਂ ਪਹਿਲਾਂ ਆਪਣੇ 'ਪੰਜ ਚੇਲਿਆਂ' ਨੂੰ ਹੀ ਸਿੱਖਿਆ ਦਿੱਤੀ। ਇਸਲਾਮ ਧਰਮ 'ਚ ਵੀ ਜਦੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਅੱਲਾਹ ਦਾ ਇਲਹਾਮ ਹੋਇਆ ਤਾਂ ਉਹਨਾਂ ਨੇ ਵੀ ਇਸ ਰੱਬੀ ਇਲਹਾਮ ਨੂੰ ਆਮ ਜਨਤਾ ਤੱਕ ਪਹੁੰਚਾਉਣ ਲਈ ਆਪਣੇ ਪੰਜ ਚੇਲੇ ਭਾਵ 'ਪੰਜ ਪੀਰਾਂ' ਨੂੰ ਹੀ ਸਿੱਖਿਆ ਦਿੱਤੀ। ਬੁੱਧ ਧਰਮ ਦੇ ਬਾਨੀ ਮਹਾਤਮਾ ਬੁੱਧ ਜੀ ਨੂੰ ਵੀ ਜਦੋਂ ਗਯਾ ਦੇ ਸਥਾਨ 'ਤੇ ਬੋਧ ਗਿਆਨ ਹੋਇਆ ਤਾਂ ਉਹਨਾਂ ਨੇ ਵੀ ਸਭ ਤੋਂ ਪਹਿਲਾਂ ਆਪਣੇ 'ਪੰਜ ਭਿਖਸ਼ੂਆਂ' ਨੂੰ ਹੀ ਬੁੱਧ-ਧਰਮ ਦੇ ਫੈਲਾਅ ਲਈ ਗਿਆਨ ਦਿੱਤਾ। ਠੀਕ ਇਸੇ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪ ਅਤੇ ਆਪਣੇ ਪਰਵਰਤੀ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਆਮ ਜਨ-ਜੀਵਨ ਤੱਕ ਪਹੁੰਚਾਉਣ ਲਈ 'ਪੰਜ-ਪਿਆਰਿਆਂ' ਜਾਂ 'ਪੰਥ ਖਾਲਸਾ' ਦੀ ਸਿਰਜਣਾ ਕੀਤੀ।



ਪ੍ਰੋ: ਐਚ.ਐਲ.ਕਪੂਰ
01- 916- 587-4002

ਸਿੱਖ ਧਰਮ 'ਚ ਪੰਜ-ਪਿਆਰਿਆਂ ਦੀ ਸਥਾਪਨਾ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ 'ਪੰਜ-ਗੁਰਮੁਖਾਂ' ਦੀ ਪ੍ਰਧਾਨਤਾ ਚਲੀ ਆ ਰਹੀ ਸੀ। ਉਹ 'ਜਪੁ ਜੀ ਸਾਹਿਬ' 'ਚ 'ਪੰਚ ਪਰਵਾਣ ਪੰਚ ਪ੍ਰਧਾਨ, ਪੰਚਾਂ ਕਾ ਗੁਰ ਏਕ ਧਿਆਨ' ਦਾ ਵਰਣਨ ਕਰਦੇ ਹਨ। ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ 'ਚ 'ਪੰਚ-ਪ੍ਰਪੰਚ' ਦਾ ਜ਼ਿਕਰ ਇੰਝ ਕਰਦੇ ਹਨ:

ਪੰਚ ਮਿਲੇ ਪਰਪੰਚ ਤਜਿ...
ਸਾਧ ਸੰਗਤ ਸੋਹਨਿ ਗੁਰਭਾਈ।

ਇੱਥੇ 'ਪੰਚ' ਤੋਂ ਅਰਥ ਹੈ ਉਹ ਵਿਅਕਤੀ ਜਾਂ ਗੁਰਮੁਖ ਜਿਸ ਦਾ ਧਿਆਨ ਇਕ ਅਕਾਲ-ਪੁਰਖ ਭਾਵ ਇਕ ਪ੍ਰਮਾਤਮਾ 'ਚ ਲੱਗਾ ਹੋਇਆ ਹੈ, ਉਹ ਪੰਚ ਹਨ। ਉਹੀ ਪੰਚ ਪ੍ਰਮਾਤਮਾ ਦੀ ਦਰਗਾਹ 'ਚ ਮਾਣ ਪ੍ਰਾਪਤ ਕਰਦੇ ਹਨ ਭਾਵ ਅਧਿਆਤਮਕ ਪ੍ਰਾਪਤੀ ਵਾਲਾ ਵਿਅਕਤੀ ਹੀ ਲੱਗਦਾ ਹੈ।

ਪ੍ਰੋ: ਸਾਹਿਬ ਸਿੰਘ ਜੀ ਆਪਣੇ 'ਸ੍ਰੀ ਗੁਰੂ ਗ੍ਰੰਥ ਦਰਪਣ' 'ਚ ਪੰਚ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ- 'ਪੰਚ' ਉਹ ਮਨੁੱਖ ਹੈ ਜਿਹਨਾਂ ਨਾਮ ਸੁਣਿਆ ਹੈ ਅਤੇ ਮੰਨਿਆ ਹੈ, ਉਹ ਮਨੁੱਖ ਜਿਹਨਾਂ ਦੀ ਸੁਰਤੀ ਨਾਮ 'ਚ ਜੁੜੀ ਹੋਈ ਹੈ ਤੇ ਜਿਨ੍ਹਾਂ 'ਚ ਪ੍ਰਤੀਤ ਆ ਗਈ ਹੈ।'

ਇਸ ਤਰ੍ਹਾਂ ਗੁਰੂ ਸਾਹਿਬਾਨ ਦੀਆਂ ਇਹਨਾਂ ਟੂਕਾਂ 'ਚ ਪੰਜ-ਪਿਆਰਿਆਂ ਦੀ ਸੰਸਥਾ ਦਾ ਮੁਢਲਾ ਰੂਪ ਮਿਲਦਾ ਹੈ, ਜਿਸ 'ਚ ਅਧਿਆਤਮਕ ਉਪਾਸਨਾ ਉਪਰ ਬਲ ਪਾਇਆ ਗਿਆ ਹੈ। ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਜੀ ਦੇ ਪੰਜ ਅਧਿਆਤਮਕ-ਗਿਆਨੀ, ਭਾਈ ਪੈੜਾ ਜੀ, ਭਾਈ ਲੰਗਾਹ ਜੀ, ਭਾਈ ਜੇਠਾ ਜੀ, ਭਾਈ ਪਿਰਾਣਾ ਜੀ ਤੇ ਭਾਈ ਵਿਧੀ ਚੰਦ ਜੀ ਤੇ ਗੁਰੂ ਤੇਗ ਬਹਾਦਰ ਜੀ ਦੇ ਅਧਿਆਤਮਕ- ਗਿਆਨੀ ਭਾਵ ਪੰਜ-ਪਿਆਰੇ ਸਿੱਖ, ਭਾਈ ਜੈਤਾ ਜੀ, ਭਾਈ ਉਦਾ ਜੀ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ ਤੇ ਭਾਈ ਦੀਵਾਨ ਮਤੀ ਦਾਸ ਜੀ ਸਨ।

ਇਹ ਗੁਰੂ ਸਾਹਿਬਾਨ ਦੇ ਉਕਤ 'ਪੰਜ' ਜਾਂ 'ਪੰਜ-ਪਿਆਰਿਆਂ' ਦੀ ਸੰਸਥਾ ਦੇ ਮੁਢਲੇ ਰੂਪ 'ਤੇ ਇਕ ਤਰ੍ਹਾਂ ਦੀ ਗਵਾਹੀ ਆਖੀ ਜਾ ਸਕਦੀ ਹੈ। ਇਸ ਲਈ ਇਹ ਪਤਾ ਲੱਗਦਾ ਹੈ ਕਿ ਪੰਜ-ਪਿਆਰਿਆਂ ਦੀ ਸਿਰਜਣਾ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਤੋਂ ਬਾਅਦ ਵਾਲੇ ਨੌਵੇਂ ਗੁਰੂ ਸਾਹਿਬਾਨ ਤੱਕ ਦੀਆਂ ਰਚਨਾਵਾਂ 'ਚ ਕਿਸੇ ਨਾ ਕਿਸੇ ਰੂਪ 'ਚ ਮਿਲਦਾ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚ ਵੀ ਇਸ ਦਾ ਮੁਢਲਾ ਰੂਪ ਝਲਕਦਾ ਹੈ। ਪਹਿਲਾਂ ਗੁਰੂ ਸਾਹਿਬਾਨ ਦੇ ਪੰਜ-ਪੰਜ ਅਧਿਆਤਮਕ ਗਿਆਨੀ ਭਾਵ ਪੰਜ ਗੁਰਸਿੱਖ ਸਾਹਿਬਾਨ ਇਸ ਸੰਸਥਾ ਦਾ ਮੁਢਲਾ ਰੂਪ ਹਨ। ਇਸ ਤੋਂ ਅੱਗੇ ਜਾ ਕੇ ਸਾਹਿਬ-ਏ-ਕਮਾਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ 'ਚ ਜਾ ਕੇ ਇਹ 'ਸੰਸਥਾ', 'ਪੰਜ-ਪਿਆਰਿਆਂ' ਦੇ ਰੂਪ 'ਚ ਪ੍ਰਵਾਨ ਚੜ੍ਹੀ।

ਪੰਜ-ਪਿਆਰਿਆਂ ਦੀ ਸੰਸਥਾ ਨੇ ਜਾਤ-ਪਾਤ ਦੀ ਪ੍ਰਥਾ ਤੇ ਕਰਾਰੀ ਚੋਟੀ ਮਾਰੀ। ਪੰਜ-ਪਿਆਰੇ ਭਾਰਤ ਦੇ ਵੱਖ-ਵੱਖ ਕੋਨਿਆਂ ਤੋਂ ਵੱਖ-ਵੱਖ ਵਰਗਾਂ ਨਾਲ ਸਬੰਧ ਰੱਖਦੇ ਹਨ। ਉਹਨਾਂ 'ਚ ਖੱਤਰੀ, ਜਾਟ, ਝੀਵਰ, ਛੀਂਬਾ ਤੇ ਨਾਈ ਵਰਗ ਦੇ ਲੋਕ ਸਨ। 'ਗੁਰੂ ਕੀਆਂ ਸਾਖੀਆਂ 'ਚ ਇਨ੍ਹਾਂ ਵਰਗਾਂ ਦੀ ਕੁਰਬਾਨੀ ਦੇਣ ਲਈ, ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਪੇਸ਼ ਹੋਣ ਦਾ ਜ਼ਿਕਰ ਇੰਝ ਲਿਖਿਆ ਮਿਲਦਾ ਹੈ:

"ਪ੍ਰਿਥਮੈ ਦੈਆ ਰਾਮ ਸੋਪਤੀ ਖੱਤਰੀ ਬਾਸੀ ਲਹੌਰ ਖਲਾ ਹੂਆ।। ਪਾਛੈ ਮੁਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ (ਜਫਰਾਵਾਦ), ਧਰਮ ਚੰਦ ਜਵੰਦਾ ਜਾਟ ਵਾਸੀ ਹਸਤਨਾਪੁਰ (ਦਿੱਲੀ), ਹਿੰਮਤ ਚੰਦ ਝੀਵਰ ਵਾਸੀ ਜਗਨਨਾਥ ਬਾਰੋ-ਬਾਰੀ ਖਲੇ ਹੂਏ।" (ਹਵਾਲਾ ਗੁਰੂ ਕੀਆਂ ਸਾਖੀਆਂ)

ਖੱਤਰੀ ਜਾਤੀ ਨੂੰ ਛੱਡ ਕੇ ਬਾਕੀ ਚਾਰੇ ਵਰਗਾਂ ਦੇ ਲੋਕ ਪੱਛੜੇ ਵਰਗਾਂ ਨਾਲ ਸਬੰਧ ਰੱਖਦੇ ਸਨ। ਖੱਤਰੀ ਵੀ ਕੋਈ ਆਰਥਿਕ ਪੱਖੋਂ ਤੇ ਸਮਾਜਿਕ ਰੁਤਬੇ ਦੇ ਪੱਖੋਂ ਕੋਈ ਜ਼ਿਆਦਾ ਅਹਿਮ ਵਿਅਕਤੀ ਨਹੀਂ ਸੀ। ਇਸ ਤਰ੍ਹਾਂ ਪੰਜ-ਪਿਆਰਿਆਂ ਦੀ 'ਸੰਸਥਾ' 'ਤੇ ਨਾ ਤਾਂ ਕੋਈ ਉੱਚ ਜਾਤੀ ਦਾ ਦਬਦਬਾ ਰਿਹਾ ਅਤੇ ਨਾ ਹੀ ਕਿਸੇ ਇਕ ਜਾਤੀ ਜਾਂ ਵਰਗ ਦਾ ਕੋਈ ਏਕਾ-ਅਧਿਕਾਰ ਰਹਿ ਸਕਿਆ। ਇਸ ਤਰ੍ਹਾਂ ਗੁਰੂ ਜੀ ਨੇ ਆਪਣੀ ਉਚੇਰੀ ਸੂਝ-ਬੂਝ ਨਾਲ ਜਾਤੀ-ਪ੍ਰਥਾ ਨੂੰ ਮੁੱਢੋਂ ਨਾਕਾਰ ਦਿੱਤਾ। ਉਹਨਾਂ ਨੇ ਸਮਾਜਿਕ, ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਵ, ਪ੍ਰਭੂ ਪ੍ਰਾਪਤੀ ਵਾਸਤੇ ਜਾਤ-ਪਾਤ ਦੀ ਲੋੜ ਨੂੰ ਰੱਦ ਕਰ ਦਿੱਤਾ। ਇਸ ਤਰ੍ਹਾਂ ਉਨ੍ਹਾਂ ਦੀ ਪੰਜ-ਪਿਆਰਿਆਂ ਦੀ ਸੰਸਥਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਈ ਗਈ ਜਾਤ-ਪਾਤ ਵਿਰੁੱਧ ਲਹਿਰ ਦੀ ਪ੍ਰਤੀਨਿਧਤਾ ਵੀ ਕੀਤੀ। ਗੁਰੂ ਨਾਨਕ ਦੇਵ ਜੀ ਜਾਤ-ਪਾਤ ਦੇ ਵਿਰੁੱਧ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:-

ਨੀਚਾ ਅੰਦਰ ਨੀਚ ਜਾਤ ਨੀਚੀ ਹੂ ਅਤਿ ਨੀਚ।।
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।
ਜਿਥੇ ਨੀਚ ਸਮਾਲੀਅਨਿ ਤਿਥੈ ਨਦਰ ਤੇਰੀ ਬਖਸ਼ੀਸ਼।।

'ਗੁਰੂ ਗ੍ਰੰਥ ਸਾਹਿਬ' ਵਿਚੋਂ ਇਸੇ ਵਿਚਾਰਧਾਰਾ ਦੀ ਇਕ ਹੋਰ ਟੂਕ:

ਜਾਤੀ ਦੈ ਕਿਆ ਹਥਿ ਸਚ ਪਰਖੀਐ।।
ਫਕੜ ਜਾਤੀ ਫਕੜੁ ਨਾਉ।।
ਸਭਨਾ ਜੀਅ ਇਕਾ ਛਾਉ।।

ਇਸ ਵਿਚਾਰਧਾਰਾ ਨੂੰ ਅਮਲੀ ਰੂਪ ਦੇਣ ਲਈ ਗੁਰੂ ਜੀ ਨੇ ਸੰਗਤ ਤੇ ਲੰਗਰ ਦੀ ਸੰਸਥਾ ਸ਼ੁਰੂ ਕੀਤੀ। ਇਸ ਵਿਚ ਸਾਧਨਾ ਵਾਸਤੇ, ਬਿਨਾ ਜਾਤ-ਪਾਤ ਦੇ ਵਿਤਕਰੇ ਤੋਂ ਬੈਠਣਾ ਅਤੇ ਲੰਗਰ ਛਕਣਾ ਸੀ। ਇਹੋ ਵਿਚਾਰਧਾਰਾ ਅੱਗੇ ਜਾ ਕੇ ਦਸਵੇਂ ਗੁਰੂ ਸਾਹਿਬ ਦੇ ਸਮੇਂ ਵਿਚ ਜਾ ਕੇ ਪੰਜ ਪਿਆਰਿਆਂ ਦੀ ਸੰਸਥਾ ਦੇ ਰੂਪ ਵਿਚ ਪ੍ਰਵਾਨ ਚੜ੍ਹੀ। ਗੁਰੂ ਨਾਨਕ ਦੇਵ ਜੀ ਆਪ ਦਲਿਤ ਜਾਤਾਂ ਦੇ ਨਾਲ ਖੜ੍ਹੇ ਹੋਏ। ਇਹੋ ਵਿਚਾਰਧਾਰਾ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਵੀ ਉਭਰਦੀ ਹੈ: "ਗਰੀਬੀ ਗਦਾ ਹਮਾਰੀ!" ਇਸ ਤਰ੍ਹਾਂ ਦੀਆਂ ਜਾਤਾਂ ਦੇ ਹੱਥ ਪੰਥ ਦੀ ਤਾਕਤ ਦੇਣੀ ਤੇ ਸੰਗਤ ਦੀ ਅਗਵਾਈ ਕਰਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉੱਚੀ ਸ਼ਖਸੀਅਤ ਤੇ ਦਰ-ਅੰਦੇਸ਼ੀ ਦੀ ਲਖਾਇਕ ਹੈ। ਇਸ ਤਰ੍ਹਾਂ ਇਸ ਸੰਸਥਾ ਦੀ ਸਥਾਪਨਾ ਨਾਲ ਕਿਸੇ ਵਿਸ਼ੇਸ਼ ਇਲਾਕੇ ਨੂੰ ਵੀ ਅਹਿਮੀਅਤ ਨਹੀਂ ਮਿਲੀ। ਗੁਰੂ ਸਾਹਿਬਾਨ ਵੱਲੋਂ ਪੰਜਾਬ ਦੇ ਖਿੱਤੇ ਨੂੰ ਆਪਣਾ ਕਾਰਜ ਖੇਤਰ ਧਾਰਮਿਕ ਤੇ ਸਮਾਜਿਕ ਕੰਮਾਂ ਲਈ ਅਪਣਾਉਣ ਨਾਲ ਇਸ ਖਿੱਤੇ ਦੀ ਅਹਿਮੀਅਤ ਵੱਧ ਰਹੀ ਸੀ। ਬਾਬਰ ਦੇ ਹਮਲੇ ਦਾ ਗੁਰੂ ਨਾਨਕ ਦੇਵ ਜੀ ਨੇ ਰੱਜ ਕੇ ਵਿਰੋਧ ਕੀਤਾ। ਬਾਬਰ ਨੇ ਆਪਣੇ ਜ਼ੁਲਮ ਨਾਲ ਹਿੰਦੁਸਤਾਨ ਦੇ ਲੋਕਾਂ ਨੂੰ ਬਹੁਤ ਡਰਾਇਆ:

ਖੁਰਾਸਾਨ ਖਸਮਾਨਾ ਕੀਆ ਹਿੰਦੋਸਤਾਨ ਡਰਾਇਆ।।
ਆਪੈ ਦੋਸੁ ਨਾ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।।
ਰਾਜੇ ਸੀਂਹ ਮੁਕਦਮ ਕੁਤੇ।। ਜਾਇ ਜਗਾਇਨ ਬੈਠੇ ਸੁਤੇ।।

ਰਾਜੇ ਤੇ ਮੁਕੱਦਮ ਨੂੰ ਕੁੱਤੇ ਤੱਕ ਆਖ ਦਿੱਤਾ। ਇਸ ਤਰ੍ਹਾਂ ਰਜਵਾੜਿਆਂ ਦੇ ਬਾਹਰੀ ਹਮਲਿਆਂ ਵਿਚ ਵੀ ਪੰਜ ਪਿਆਰਿਆਂ ਦੇ ਕਾਰਜ ਦੀ ਰੂਹ ਦੇਖੀ ਜਾ ਸਕਦੀ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੇ ਇਸ ਵਿਰੋਧ ਵਿਚ ਉਕਤ ਸੰਸਥਾ ਲਈ ਸਿਧਾਂਤਕ ਆਧਾਰ ਤਿਆਰ ਕੀਤਾ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਇਸ ਸੰਸਥਾ ਨੂੰ ਹੋਰ ਮਜ਼ਬੂਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਧਰਮ ਦੇ ਪਿਛੋਕੜ ਵੱਲ ਝਾਤ ਮਾਰਨ 'ਤੇ ਉਸ ਵਿਚੋਂ ਸੇਧ ਲੈਣ ਬਾਅਦ, ਆਪਣਾ ਇਸ ਸੰਸਥਾ ਦੀ ਉਸਾਰੀ ਲਈ ਸੰਘਰਸ਼ ਜਾਰੀ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਦੇਵੇ ਤੇ ਮਨ ਨੂੰ, ਲੋਕ-ਹਿੱਤ ਕੰਮਾਂ ਵਿਚ ਲਾਵੇ। ਐਸੇ ਯੁੱਧਾਂ ਨੂੰ ਉਹਨਾਂ ਨੇ ਸਜਦਾ ਕੀਤਾ: 'ਨਮੋ ਜੁੱਧ ਜਦੋ'। ਔਰੰਗਜ਼ੇਬ ਨੂੰ 'ਜਫਰਨਾਮੇ' ਵਿਚ ਲਿਖਦੇ ਹਨ ਕਿ ਜਦੋਂ ਸਾਰੇ ਹੀਲੇ-ਵਸੀਲੇ ਮੁੱਕ ਜਾਣ ਤਾਂ ਸ਼ਸਤਰ ਚੁੱਕਣੇ ਜਾਇਜ਼ ਹਨ:

ਚੂੰਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ।।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।

ਉਸ ਸਮੇਂ ਵਿਦਿਆ ਦਾ ਅਧਿਕਾਰ ਸਿਰਫ ਉੱਚੀਆਂ ਜਾਤਾਂ ਨੂੰ ਹੀ ਸੀ। ਨੀਵੀਆਂ ਜਾਤਾਂ ਦੇ ਲੋਕ ਅਵਿਦਿਅਕ ਸਨ ਤੇ ਹਰ ਖੇਤਰ ਵਿਚ ਬਹੁਤ ਪੱਛੜੇ ਹੋਏ ਸਨ। ਗੁਰੂ ਜੀ ਨੇ ਬਾਣੀ ਤੇ ਸਾਹਿਤ ਦੀ ਰਚਨਾ ਵੀ ਲੋਕਾਂ ਦੀ ਆਮ ਬੋਲੀ ਵਿਚ ਕਰਵਾਈ ਤਾਂ ਕਿ ਲੋਕ ਪੜ੍ਹ-ਲਿਖ ਕੇ ਜਾਗ੍ਰਿਤ ਹੋ ਸਕਣ। ਪੰਜ ਪਿਆਰੇ ਜਿਹੜੇ ਕਥਿਤ ਦਲਿਤ ਜਾਤਾਂ ਵਿਚੋਂ ਇਸ ਸੰਸਥਾ ਵਿਚ ਆਏ ਸਨ ਨੂੰ ਸ਼ਿਖਸ਼ਤ ਕਰਨ ਲਈ ਪੰਜ ਬਾਣੀਆਂ ਦਾ ਪਾਠ ਰੋਜ਼ ਪੜ੍ਹਨਾ ਨਿਸ਼ਚਿਤ ਕੀਤਾ। ਇਸ ਤਰ੍ਹਾਂ ਇਸ ਸੰਸਥਾ ਵਿਚ ਇਹ ਇਕ ਮਹੱਤਵਪੂਰਨ ਕਦਮ ਸੀ। ਇਸ ਤਰ੍ਹਾਂ ਗੁਰੂ ਜੀ ਨੇ ਉੱਚੀਆਂ ਜਾਤਾਂ ਭਾਵ ਵਿਸ਼ੇਸ਼ ਵਰਗ ਦਾ ਜੋ ਵਿਦਿਆ ਪ੍ਰਾਪਤ ਕਰਨ ਦਾ ਏਕਾ-ਅਧਿਕਾਰ ਰੱਖੀ ਬੈਠਾ ਸੀ, ਨੂੰ ਸਮਾਪਤ ਕੀਤਾ।

ਇਕੋ ਪਾਰਬ੍ਰਹਮ ਵਿਚ ਵਿਸ਼ਵਾਸ ਤੇ ਉਸ ਦੀ ਪ੍ਰਾਪਤੀ ਦਾ ਮੰਤਵ ਵੀ ਸੰਸਥਾ ਵਾਸਤੇ ਜ਼ਰੂਰੀ ਸੀ। ਇਸ ਉਦੇਸ਼ ਨਾਲ, ਬ੍ਰਾਹਮਣਵਾਦ ਨੇ ਪੈਦਾ ਕੀਤੀ ਬਹੁ-ਮੂਰਤੀ ਪੂਜਾ ਦੀ ਦੁਚਿੱਤੀ ਵੀ ਸਮਾਪਤ ਕਰ ਦਿੱਤੀ। ਮਨੁੱਖ ਨੂੰ ਪੂਰੀ ਤਰ੍ਹਾਂ ਸਰਗੁਣ ਵਿਚਾਰਧਾਰਾ ਵਿਚੋਂ ਕੱਢ ਕੇ ਨਿਰਗੁਣਵਾਦ ਦੀ ਧਾਰਾ ਵਿਚ ਲੈ ਆਂਦਾ। ਮਨੁੱਖ ਦੀ ਇਸ ਵਿਚ ਆਸਥਾ ਵਧੀ ਤੇ ਇਸ ਦੇ ਨਾਲ ਹੀ ਇਸ ਸੰਸਥਾ ਨੇ ਉਸ ਜ਼ਮਾਨੇ ਦੇ ਜਰਵਾਣੇ ਹਾਕਮਾਂ ਨਾਲ ਟੱਕਰ ਲੈਣ ਲਈ, ਮਨਾਂ ਵਿਚੋਂ ਕਮਜ਼ੋਰੀ ਤੇ ਗੁਲਾਮੀ ਦੀ ਭਾਵਨਾ ਕੱਢ ਦਿੱਤੀ। ਇਸ ਤਰ੍ਹਾਂ ਇਸ ਸੰਸਥਾ ਨੂੰ ਅਧਿਕਾਰਾਂ ਦੀ ਪ੍ਰਾਪਤੀ ਤੇ ਰੱਖਿਆ ਲਈ, ਸ਼ਕਤੀਸ਼ਾਲੀ ਹੋਣ ਲਈ ਅਤੇ ਸੰਘਰਸ਼ ਕਰਨ ਲਈ ਆਧਾਰ ਪ੍ਰਾਪਤ ਹੋਇਆ।

ਗੁਰੂ ਸਾਹਿਬ ਨੇ ਫੋਕੇ ਕਰਮ-ਕਾਂਡਾਂ ਤੇ ਰਹੁ-ਰੀਤਾਂ ਤੇ ਕਰਾਰੀ ਸੱਟ ਮਾਰੀ ਤੇ ਇਹਨਾਂ ਨੂੰ ਮਨੁੱਖ ਲਈ ਬੇਅਰਥ ਦੱਸਿਆ। ਇਸ ਦੀ ਥਾਂ ਮਨੁੱਖ ਨੂੰ ਆਪਣੀ ਨੈਤਿਕਤਾ ਤੇ ਅਧਿਆਤਮਕ ਜੀਵਨ ਜਿਊਣ ਲਈ, ਇਸ ਸੰਸਥਾ ਰਾਹੀਂ ਪਰਪੱਕ ਕੀਤਾ। ਭਰਮਾਂ ਤੇ ਵਹਿਮਾਂ ਨੂੰ ਖਤਮ ਕੀਤਾ। ਅੰਧ-ਵਿਸ਼ਵਾਸਾਂ ਨੂੰ ਦੂਰ ਕਰਨ ਲਈ ਗਿਆਨਵਾਨ ਹੋਣ ਦੀ ਜ਼ਰੂਰਤ ਤੇ ਜ਼ੋਰ ਦਿੱਤਾ। ਇਸ ਤਰ੍ਹਾਂ ਹਰ ਘਟਨਾ ਦੇ ਪਿੱਛੇ ਕੀ, ਕਿਉਂ ਤੇ ਕਿਵੇਂ ਜਾਨਣ ਦੀ ਸੂਝ ਵੀ ਸੰਸਥਾ ਦਾ ਆਧਾਰ ਬਣੀ।

ਉਸ ਸਮੇਂ ਦੀ ਅੰਧ-ਵਿਸ਼ਵਾਸੀ ਸੋਚ ਨੇ ਮਨੁੱਖ ਦੀ ਆਰਥਿਕ, ਸਮਾਜਿਕ, ਨੈਤਿਕ ਤੇ ਧਾਰਮਿਕ ਸੋਚ ਵੀ ਵਿਕਸਤ ਨਾ ਹੋਣ ਦਿੱਤੀ। ਇਸਤਰੀ ਨੂੰ ਨਾਗਣ, ਬਘਿਆੜਨ ਤੇ ਡੈਣ ਦੇ ਅਲੰਕਾਰਾਂ ਨਾਲ ਸੰਬੋਧਨ ਕੀਤਾ ਗਿਆ। ਔਰਤ ਨੂੰ ਮਨੁੱਖ ਦੇ ਧਾਰਮਿਕ ਜੀਵਨ ਵਿਚ ਰੁਕਾਵਟ ਦੱਸਿਆ ਗਿਆ। ਉਸ ਦੇ ਮਾਂ, ਭੈਣ, ਪਤਨੀ ਤੇ ਧੀ ਦੇ ਰੂਪਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ। ਗੁਰੂ ਸਾਹਿਬਾਨ ਨੇ ਔਰਤ ਨੂੰ ਮਰਦ ਦੇ ਬਰਾਬਰ ਸਥਾਨ ਦਿੱਤਾ ਤੇ ਔਰਤ ਨੂੰ ਸੰਸਾਰ ਦੇ ਵੱਡੇ-ਵੱਡੇ ਯੋਧਿਆਂ ਤੇ ਸ਼ਖਸੀਅਤਾਂ ਦੀ ਜਨਨੀ ਦੱਸਿਆ। ਉਸ ਦੇ ਹੱਥ ਵਿਚ ਤਲਵਾਰ ਫੜਾ ਕੇ ਉਸ ਨੂੰ ਇਸ ਧਰਤੀ ਦੇ ਵੱਡੇ-ਵੱਡੇ ਰਾਕਸ਼ਾਂ ਤੇ ਯੋਧਿਆਂ ਨੂੰ ਜੋ ਲੋਕਾਈ 'ਤੇ ਜ਼ੁਲਮ ਤੇ ਅਤਿਆਚਾਰ ਕਰਦੇ ਸਨ, ਹਰਾਉਂਦਿਆਂ ਦਿਖਾਇਆ। ਉਸ ਦੇ ਬੀਰ-ਰਸੀ ਰੂਪ ਨੂੰ ਸਾਹਮਣੇ ਲਿਆਂਦਾ ਤੇ ਉਸ ਦੇ ਹੱਥੋਂ ਬਦੀ ਤੇ ਜ਼ਾਲਮ ਸ਼ਕਤੀਆਂ ਦਾ ਨਾਸ ਕਰਵਾਇਆ। ਗੁਰੂ ਸਾਹਿਬ ਦੀ ਲਿਖੀ ਹੋਈ 'ਚੰਡੀ ਦੀ ਵਾਰ' ਵਿਚ ਦੁਰਗਾ ਦੇ ਪਾਤਰ ਤੋਂ, ਮਨੁੱਖ ਵੀ ਜ਼ੁਲਮ ਦੀ ਜੜ੍ਹ ਪੁੱਟਣ ਤੇ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਪ੍ਰੇਰਿਤ ਹੋਇਆ। ਸਤੀ ਦੀ ਰਸਮ ਦੇ ਖਿਲਾਫ ਵੀ ਆਵਾਜ਼ ਉਠਾਈ ਤੇ ਇਸ ਨੂੰ ਸਮਾਜ ਵਿਚੋਂ ਖਤਮ ਕਰਵਾਇਆ। ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਕਿਹਾ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡ ਮੁਆ ਭੰਡ ਭਾਲੀਐ ਭੰਡਿ ਹੋਵੈ ਬੰਧਾਨ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।

ਮਨੁੱਖ ਨੂੰ ਭਗਤੀ ਕਰਨ ਲਈ ਜੰਗਲਾਂ ਵਿਚ ਜਾਣ ਤੋਂ ਰੋਕਿਆ। ਇਸ ਦੇ ਨਾਲ ਮਨੁੱਖ ਨੂੰ ਸਮਝਾਇਆ ਕਿ ਗ੍ਰਿਹਸਥ ਵਿਚ ਹੀ ਰਹਿ ਕੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਇਸ ਸੰਸਾਰ ਨੂੰ ਉਸ ਅਕਾਲ-ਪੁਰਖ ਦੀ ਰਚਨਾ ਦੱਸਿਆ ਤੇ ਗ੍ਰਿਹਸਥ ਦੀ ਮਹਾਨਤਾ ਨੂੰ ਸਮਝਾਇਆ: 'ਇਹੁ ਜਗੁ ਸਚੈ ਕੀ ਹੈ ਕੋਠੜੀ, ਸੱਚੇ ਕਾ ਵਿਚ ਵਾਸ' ਨੇ ਵੀ ਮਨੁੱਖ ਨੂੰ ਸੰਘਰਸ਼ ਕਰਨ ਲਈ ਤਕੜਾ ਆਧਾਰ ਦਿੱਤਾ।

ਉਸ ਸਮੇਂ ਦੇ ਬ੍ਰਾਹਮਣੀ ਤੇ ਪ੍ਰੋਹਿਤ ਵਰਗ ਨੇ ਸਮਾਜ ਵਿਚ, ਆਪਣੇ ਹਿੱਤਾਂ ਲਈ ਸਮਾਜਿਕ ਬਰਾਬਰੀ ਨਹੀਂ ਆਉਣ ਦਿੱਤੀ। ਆਪਣੇ ਸੌੜੇ ਹਿੱਤਾਂ ਲਈ ਲੋਕਾਂ ਦਾ ਸਮਾਜਿਕ, ਆਰਥਿਕ ਤੇ ਧਾਰਮਿਕ ਸ਼ੋਸ਼ਣ ਕੀਤਾ। ਲੋਕਾਂ ਦੀ ਆਰਥਿਕ ਲੁੱਟ ਰੱਜ ਕੇ ਕੀਤੀ। ਲੋਕਾਂ ਨੂੰ ਆਪੇ ਕਰਮਾਂ-ਕਾਂਡਾਂ, ਅੰਧ-ਵਿਸ਼ਵਾਸਾਂ ਵਿਚ ਫਸਾ ਕੇ ਫਿਰ ਇਹਨਾਂ ਵਿਚੋਂ ਬਾਹਰ ਕੱਢਣ ਲਈ ਆਰਥਿਕ ਪੱਖੋਂ ਲੁੱਟਿਆ। ਰਿਗਵੇਦ ਵਿਚ ਇਹ ਕਿਹਾ ਗਿਆ ਹੈ ਕਿ ਬ੍ਰਾਹਮਣ ਪਰਮ-ਹਸਤੀ ਦੇ ਮੂੰਹ 'ਚੋਂ, ਕਸ਼ਤਰੀ ਭੁਜਾਵਾਂ ਵਿਚੋਂ, ਵੈਸ਼ ਪੱਟਾਂ 'ਚੋਂ ਤੇ ਸ਼ੂਦਰ ਪੈਰਾਂ 'ਚੋਂ ਜਨਮੇ ਹਨ। ਲੋਕਾਂ ਨੂੰ ਗਰੀਬੀ, ਜਹਾਲਤ ਤੇ ਅਗਿਆਨਤਾ ਪ੍ਰਮਾਤਮਾ ਵੱਲੋਂ ਧੁਰੋਂ ਲਿਖੀ ਆਈ ਦੱਸ ਕੇ ਗੁੰਮਰਾਹ ਕੀਤਾ ਜਾਂਦਾ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਵਿਚਾਰਧਾਰਾ ਨੂੰ ਨਕਾਰ ਦਿੱਤਾ ਤੇ ਕਿਹਾ ਕਿ ਅਸੀਂ ਸਭ ਇਕੋ ਪ੍ਰਮਾਤਮਾ ਦੇ ਪੁੱਤਰ ਹਾਂ ਤੇ ਉਹ ਸਾਡਾ ਪਿਤਾ ਹੈ:

ਏਕ ਪਿਤਾ ਏਕਸ ਕੇ ਹਮ ਬਾਰਿਕ।।

ਦਸਮ ਗ੍ਰੰਥ ਦੀ ਰਚਨਾ 'ਅਕਾਲ-ਉਸਤਤ' ਵਿਚ ਸਮਾਜਿਕ ਬਰਾਬਰੀ ਤੇ ਭਾਈਚਾਰਕ ਸਾਂਝ ਵਾਸਤੇ ਕਿਹਾ ਗਿਆ ਹੈ ਕਿ ਨਾ ਕੇਵਲ ਜਾਤੀਆਂ ਦੇ ਆਧਾਰ ਉਤੇ, ਸਗੋਂ ਹਿੰਦੂ ਤੇ ਮੁਸਲਮਾਨ ਆਧਾਰ ਉਤੇ ਮਾਨਵ ਨਾ-ਬਰਾਬਰੀ ਦਾ ਵਿਰੋਧ ਕੀਤਾ ਗਿਆ ਹੈ ਸਗੋਂ ਇਹ ਕਿਹਾ ਗਿਆ ਹੈ ਕਿ ਮਨੁੱਖ ਭਾਵੇਂ ਉਹ ਕਿਸੇ ਵੀ ਧਰਮ ਜਾਂ ਜਾਤ ਦਾ ਹੋਵੇ, ਮਨੁੱਖ ਦੀ ਜਾਤ ਇਕੋ ਮਨੁੱਖਤਾ ਹੀ ਹੈ:

ਹਿੰਦੂ ਤੁਰਕ ਕੋਊ ਰਾਫਜੀ ਇਮਾਮਸਾਫੀ।
ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।।

ਵੱਖ-ਵੱਖ ਜਾਤੀਆਂ ਤੇ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਆਏ ਮਰਜੀਵੜਿਆਂ ਨੇ ਸੀਸ ਭੇਟ ਕਰਨ ਲਈ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਸਨਮੁਖ ਪੇਸ਼ ਕਰ ਦਿੱਤਾ ਤੇ ਫਿਰ ਅੰਮ੍ਰਿਤ ਛਕਾਅ ਕੇ ਗੁਰੂ ਸਾਹਿਬ ਨੇ ਬਰਾਬਰ ਖੜ੍ਹੇ ਕਰ ਦਿੱਤਾ ਗਿਆ ਤਾਂ ਜਾਤ-ਪਾਤ ਦੇ ਆਧਾਰ ਤੇ ਨਾ-ਬਰਾਬਰੀ, ਸਦਾ ਲਈ ਪੰਖ ਲਾ ਕੇ, ਪੂਰੀ ਤਰ੍ਹਾਂ ਅਲੋਪ ਹੋ ਗਈ।

ਧਰਮ ਪ੍ਰੀਵਰਤਨ ਵੇਲੇ ਨਾਨਕ ਪੰਥੀ ਹੋਣ ਲਈ ਸ: ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਅਨੁਸਾਰ ਚਰਣ-ਪਾਹੁਲ ਪੰਜਾਂ ਸਿੱਖਾਂ ਦੇ ਚਰਨਾਂ ਦਾ ਧੋਣ, ਵਰਤਾਉਣ ਦੀ ਰੀਤੀ, ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਪ੍ਰਚੱਲਿਤ ਹੋਈ। ਪਰ 'ਖਾਲਸਾ ਪੰਥ' ਦੀ ਸਾਜਨਾ ਵੇਲੇ ਚਰਣ-ਪਾਹੁਲ ਦੀ ਥਾਂ, ਖੰਡੇ ਦੀ ਪਾਹੁਲ ਦਿੱਤੀ ਗਈ ਤੇ ਨਾਲ ਹੀ ਨਾਨਕ ਪੰਥੀ ਕਰਨ ਦਾ ਅਧਿਕਾਰ ਪੰਜ ਸਿੱਖਾਂ ਨੂੰ ਦੇ ਦਿੱਤਾ ਗਿਆ। ਫਿਰ ਜਾਤ-ਪਾਤ ਨੂੰ ਖਤਮ ਕਰਕੇ ਕਥਿਤ ਨੀਵੀਆਂ ਜਾਤਾਂ ਤੋਂ ਆਏ ਪੰਜ ਪਿਆਰਿਆਂ ਨੂੰ ਦੇ ਦਿੱਤਾ ਗਿਆ। ਇਸ ਦੇ ਨਾਲ ਹੀ ਇਹ ਧਾਰਨਾ ਪ੍ਰਚੱਲਿਤ ਕੀਤੀ ਗਈ ਕਿ ਇਸ ਪੱਖੋਂ ਕਿਸੇ ਕੋਲ ਵੀ ਕਿਸੇ ਵੀ ਆਧਾਰ ਉਤੇ ਏਕਾ-ਅਧਿਕਾਰ ਨਹੀਂ ਹੋਵੇਗਾ। ਰੀਤੀ ਅਨੁਸਾਰ ਧਰਮ ਪ੍ਰੀਵਰਤਨ ਕਰਨ ਦਾ ਜੋ ਅਧਿਕਾਰ ਪ੍ਰੋਹਿਤ ਵਰਗ ਪਾਸ ਸੀ, ਉਸ ਨੂੰ ਖਤਮ ਕਰ ਦਿੱਤਾ ਗਿਆ।

ਗੁਰੂ ਨਾਨਕ ਦੇਵ ਜੀ ਦੇ ਮੂਲ ਤਿੰਨ ਸਿਧਾਂਤ ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ ਨੇ ਮਾਨਵੀ ਜੀਵਨ ਵਿਚ ਵੱਡਾ ਯੋਗਦਾਨ ਪਾਇਆ। ਲੋਕ ਸੱਚੀ-ਸੁੱਚੀ ਕ੍ਰਿਤ ਕਰਨ ਵਿਚ ਵਿਸ਼ਵਾਸ ਕਰਨ ਲੱਗੇ, ਬੇਈਮਾਨੀ ਦੀ ਕਮਾਈ ਨੂੰ ਪਾਪ ਸਮਝਣ ਲੱਗੇ। ਇਸ ਨੇਕ-ਨੀਤੀ ਦੀ ਕਮਾਈ ਵਿਚੋਂ ਦਸਵੰਧ ਕੱਢ ਕੇ ਗਰੀਬਾਂ ਦੀ ਮਦਦ ਕਰਨ ਲਈ ਤੇ ਸਮਾਜਿਕ ਕੰਮਾਂ ਲਈ ਆਪਣੀ ਕਮਾਈ ਵਿਚੋਂ ਸਮਰੱਥਾ ਅਨੁਸਾਰ ਦੇਣ ਲੱਗੇ। ਇਹਨਾਂ ਕਾਰਜਾਂ ਦੀ ਸੰਤੁਸ਼ਟੀ ਬਾਅਦ ਆਪਣੇ ਮਨ ਨੂੰ ਪ੍ਰਮਾਤਮਾ ਦੀ ਸੁਰਤੀ ਵਿਚ ਲਾਉਣ ਲੱਗੇ। ਇਸ ਤੋਂ ਬਾਅਦ ਆਪਣੇ ਅਧਿਕਾਰਾਂ ਦੀ ਰੱਖਿਆ ਲਈ ਛੇਵੇਂ ਗੁਰੂ ਸਾਹਿਬ ਦੇ ਸਮੇਂ ਤੋਂ ਸ਼ਾਸਤ੍ਰਧਾਰੀ ਹੋਣ ਲੱਗੇ। ਇਸ ਤਰ੍ਹਾਂ ਸ਼ਾਸਤ੍ਰਧਾਰੀ ਹੋਣ ਦੀ ਭਾਵਨਾ ਪਿੱਛੇ ਜ਼ੁਲਮ ਨਾਲ ਟਾਕਰਾ ਲੈਣ ਦੀ ਚੇਤਨਤਾ ਕੰਮ

(ਬਾਕੀ ਅਗਲੇ ਸਫੇ ਤੇ)

# 'ਪੰਜ-ਪਿਆਰੇ ਵਰਗ ਵਿਸ਼ੇਸ਼ ਨਹੀਂ, ਸਗੋਂ ਇਕ ਲੋਕ-ਰਾਜੀ ਸੰਸਥਾ'

ਕਰਦੀ ਹੈ। ਗੁਰੂ ਸਾਹਿਬਾਨ ਵੱਲੋਂ ਸਾਹਿਤ ਰਚਨਾ ਕਰਨਾ ਤੇ ਸਾਹਿਤਕਾਰਾਂ ਨੂੰ ਪੁਰਸਕਾਰ ਦੇਣੇ ਵੀ ਕ੍ਰਾਂਤੀਕਾਰੀ ਸੋਚ ਦੇ ਲਖਾਇਕ ਹਨ। ਖਾਲਸਾ ਸਿਰਜਣਾ ਦੀ ਰਹਿਤ-ਮਰਿਯਾਦਾ ਵਿਚ ਪੰਜ ਕਕਾਰਾਂ ਦੇ ਮੱਦੇਨਜ਼ਰ ਕਿਰਪਾਨ ਧਾਰਨ ਕਰਨਾ ਆਉਂਦਾ ਹੈ। ਇਸ ਤਰ੍ਹਾਂ ਸ਼ਸ਼ਤਰ ਪਹਿਨਣਾ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਤੇ ਜ਼ੁਲਮ ਦਾ ਟਾਕਰਾ ਕਰਨ ਨਾਲ ਸਬੰਧ ਰੱਖਦਾ ਹੈ। ਇਹਨਾਂ ਪੰਜ ਕਕਾਰਾਂ ਦਾ ਪੰਜ ਪਿਆਰਿਆਂ ਦੀ ਸੰਸਥਾ ਨਾਲ ਅਟੁੱਟ ਰਿਸ਼ਤਾ ਕਾਇਮ ਕਰ ਦਿੱਤਾ। ਇਹਨਾਂ ਪੰਜ ਕਕਾਰਾਂ ਨਾਲ ਮਾਨਵ-ਬਰਾਬਰੀ ਦੇ ਸਿਧਾਂਤ ਨੂੰ ਹੋਰ ਬਲ ਮਿਲਿਆ। ਇਸ ਲਹਿਰ ਦਾ ਇਕ ਮਨੋਵਿਗਿਆਨਕ ਪੱਖ ਇਹ ਵੀ ਹੈ ਕਿ ਪੁਰਸ਼ਾਂ ਦੇ ਨਾਮ ਨਾਲ ਸਿੰਘ ਤੇ ਔਰਤਾਂ ਦੇ ਨਾਮ ਨਾਲ ਕੌਰ ਲਗਾ ਦਿੱਤਾ। ਇਸ ਨਾਲ ਆਪਸੀ ਭਾਈਚਾਰੇ ਦੀਆਂ ਤੰਦਾਂ ਹੋਰ ਮਜ਼ਬੂਤ ਹੋਈਆਂ। ਇਸ ਨਾਲ ਗੁਰੂ ਸਾਹਿਬਾਨ ਦੇ ਸਮਾਜਿਕ-ਬਰਾਬਰੀ ਦੇ ਸਿਧਾਂਤ ਨੂੰ ਹੋਰ ਬਲ ਮਿਲਿਆ ਤੇ ਇਕਸਾਰਤਾ ਦੀ ਭਾਵਨਾ ਪੈਦਾ ਹੋਈ। ਸਿੰਘ ਜਿਸ ਦੇ ਸ਼ਬਦੀ ਅਰਥ ਸ਼ੇਰ ਹਨ, ਨਾਮ ਨਾਲ ਲੱਗਣ 'ਤੇ ਮਨੋਬਲ ਹੋਰ ਮਜ਼ਬੂਤ ਹੋਇਆ ਤੇ ਸ਼ੇਰਾਂ ਵਾਂਗ ਜ਼ੁਲਮ ਦਾ ਟਾਕਰਾ ਕਰਨ ਦੀ ਚੇਤਨਾ ਪੈਦਾ ਹੋਈ। ਇਸ ਤਰ੍ਹਾਂ 'ਨੀਚੀ ਹੂੰ ਅਤਿ ਨੀਚ' ਦੀ ਭਾਵਨਾ ਵਾਲੇ ਇਨਸਾਨਾਂ ਨੂੰ ਧਰਤੀ ਦੇ ਸਰਦਾਰ ਬਣਾ ਦਿੱਤਾ। ਇਸ ਤਰ੍ਹਾਂ ਆਪਣੇ ਆਪ ਨੂੰ ਕਥਿਤ ਯੋਧਾ ਕੌਮ ਅਖਵਾਉਣ ਵਾਲੀਆਂ ਜਾਤਾਂ/ਵਰਗਾਂ ਦੇ ਏਕਾ-ਅਧਿਕਾਰ ਨੂੰ ਖਤਮ ਕਰ ਦਿੱਤਾ।

ਉਕਤ ਸਾਰੀ ਚਰਚਾ ਦਾ ਸਿੱਟਾ ਇਹੀ ਨਿਕਲਦਾ ਹੈ ਕਿ 'ਪੰਜ-ਪਿਆਰਿਆਂ' ਦੀ ਸੰਸਥਾ ਇਕ ਮਹੱਤਵਪੂਰਨ ਸੰਸਥਾ ਹੈ, ਜਿਸ ਨੇ ਸਿੱਖਾਂ ਨੂੰ ਮੱਧਕਾਲੀ ਸੋਚ 'ਚੋਂ ਕੱਢ ਕੇ ਆਧੁਨਿਕ ਕਾਲ ਦੀ ਲੋਕ-ਰਾਜੀ ਸੋਚ 'ਚ ਪ੍ਰੀਵਰਤਿਤ ਕਰ ਦਿੱਤਾ। ਇਸ ਸੋਚ ਦੀਆਂ ਜੜ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਵੱਧਦੇ-ਫੁੱਲਦੇ ਦੇਖਿਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚ ਵੀ ਇਸ ਸੋਚ ਦਾ ਮੁਢਲਾ ਸਰੂਪ ਦੇਖਿਆ ਜਾ ਸਕਦਾ ਹੈ। ਮੂਲ ਰੂਪ 'ਚ ਇਹੀ ਆਖਿਆ ਜਾ ਸਕਦਾ ਹੈ ਕਿ ਉਕਤ ਸੰਸਥਾ ਦੀਆਂ ਜੜ੍ਹਾਂ ਨੂੰ ਇਹਨਾਂ ਗੁਰੂ ਸਾਹਿਬਾਨ ਦੀ ਵਿਚਾਰਧਾਰਾ 'ਚ ਦੇਖਿਆ ਜਾ ਸਕਦਾ ਹੈ ਜੋ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ 'ਚ ਆ ਕੇ ਪ੍ਰਵਾਨ ਚੜ੍ਹੀ।

'ਪੰਜ-ਪਿਆਰਿਆਂ' ਦੀ ਸੰਸਥਾ ਨੇ ਜਾਤ-ਪਾਤ ਪ੍ਰਥਾ ਉਤੇ ਕਰਾਰੀ ਸੱਟ ਮਾਰੀ। ਇਹ ਸੰਸਥਾ ਸਭ ਨੀਵੀਆਂ ਜਾਤਾਂ/ਵਰਗਾਂ ਦੇ ਸੰਗਠਨ ਦੀ ਸੀ। ਕਿਸੇ ਵੀ ਉੱਚੀ ਜਾਂ ਨੀਵੀਂ ਜਾਤ ਜਾਂ ਵਰਗ ਵਿਸ਼ੇਸ਼ ਦਾ ਇਸ ਉਤੇ ਏਕਾ-ਅਧਿਕਾਰ ਨਹੀਂ ਸੀ ਤੇ ਨਾ ਹੀ ਇਸ 'ਤੇ ਕਿਸੇ ਇਕ ਇਲਾਕੇ ਦਾ ਦਬਦਬਾ ਸੀ, ਸਗੋਂ ਇਹ ਸੰਸਥਾ ਸੰਯੁਕਤ ਰੂਪ 'ਚ 'ਗੁਰੂ ਗ੍ਰੰਥ ਸਾਹਿਬ' ਦੀ ਅਗਵਾਈ 'ਚ ਫੈਸਲੇ ਲੈਂਦੀ ਹੈ। ਇਸ ਨੇ ਵਿਦਿਆ ਦੇ ਏਕਾ-ਅਧਿਕਾਰ ਨੂੰ ਤੋੜਿਆ, ਕਰਮ-ਕਾਂਡਾਂ, ਭਰਮਾਂ-ਵਹਿਮਾਂ ਨੂੰ ਤੋੜਿਆ, ਔਰਤ ਦਾ ਸਨਮਾਨ ਵਧਾਇਆ। ਉਹਨਾਂ ਨੂੰ ਉਨਤੀ ਦੇ ਮੌਕੇ ਮੁਹੱਈਆ ਕਰਵਾਉਣ ਲਈ ਯਤਨ ਕੀਤੇ। ਸਮਾਜਿਕ ਨਾ-ਬਰਾਬਰੀ ਦਾ ਵਿਰੋਧ ਕਰਨਾ, ਉਸ ਸਮੇਂ ਦੇ ਲੋਕਾਂ ਦੀ ਆਰਥਿਕ, ਸਮਾਜਿਕ ਤੇ ਧਾਰਮਿਕ ਹਾਲਤ ਨੂੰ ਸੁਧਾਰਨ ਲਈ ਯਤਨ ਕਰਨਾ, ਇਕੋ ਅਕਾਲ-ਪੁਰਖ ਦੀ ਹੋਂਦ 'ਚ ਵਿਸ਼ਵਾਸ ਰੱਖਣਾ ਤੇ ਇਕੋ ਪ੍ਰਮਾਤਮਾ ਨੂੰ ਆਪਣਾ ਪਿਤਾ ਮੰਨਣਾ, ਆਪਣੇ ਅਧਿਕਾਰਾਂ ਦੀ ਰਾਖੀ ਤੇ ਜ਼ੁਲਮ ਦਾ ਟਾਕਰਾ ਕਰਨ ਲਈ ਹਥਿਆਰ ਚੁੱਕਣਾ, ਇਕ ਖਾਸ ਅਹਿਮੀਅਤ ਰੱਖਦਾ ਹੈ। 'ਪੰਜ-ਕਕਾਰ' ਵੀ ਮਨੁੱਖੀ ਬਰਾਬਰੀ ਲਈ ਇਕ ਮਨੋਵਿਗਿਆਨਕ ਸੋਚ ਦਾ ਹਥਿਆਰ ਹੈ। ਮਾਨਵ ਨੂੰ ਕੁਰਹਿਤਾਂ ਤੋਂ ਬਚਣ ਲਈ ਵੀ ਆਦੇਸ਼ ਹੈ। ਇਸ ਦਾ ਅਧਿਆਤਮਕ ਰੂਪ ਵੀ ਵਧੀਆ ਜੀਵਨ-ਜਾਂਚ ਦਰਸਾਉਂਦਾ ਹੈ। 'ਸਰਬੱਤ ਦਾ ਭਲਾ' ਵੀ ਅੰਤਰ ਰਾਸ਼ਟਰਵਾਦ ਦਾ ਲਖਾਇਕ ਹੈ। ਲੋਕਰਾਜੀ ਕਦਰਾਂ ਕੀਮਤਾਂ ਨੂੰ ਵੀ ਇਸ ਦੀ ਪਰਿਸ਼ਟ-ਭੂਮੀ 'ਚ ਦੇਖਿਆ ਜਾ ਸਕਦਾ ਹੈ।

ਗੁਰੂ ਸਾਹਿਬਾਨ ਦੀਆਂ ਇੰਨੀਆਂ ਕੁਰਬਾਨੀਆਂ ਦੇਣ, ਅਣਥੱਕ ਘਾਲਣਾਵਾਂ ਘਾਲਣ 'ਤੇ, ਯਤਨਾਂ ਦੇ ਬਾਅਦ ਵੀ 'ਜਾਤੀ ਪ੍ਰਥਾ ਤੇ ਵਰਗਵਾਦ' ਦੇ ਕੋਹੜ ਨੂੰ ਗੁਰੂ ਸਾਹਿਬ ਦੇ ਆਸ਼ੇ ਮੁਤਾਬਕ ਖਤਮ ਨਹੀਂ ਕੀਤਾ ਜਾ ਸਕਿਆ। ਅੱਜ ਦੇਸ਼ ਅਤੇ ਵਿਦੇਸ਼ਾਂ 'ਚ ਅਲੱਗ-ਅਲੱਗ ਜਾਤਾਂ-ਵਰਗਾਂ ਦੇ ਰਹਿਬਰਾਂ ਦੇ ਨਾਮਾਂ 'ਤੇ ਗੁਰੂ ਘਰ ਬਣੇ ਹੋਏ ਹਨ, ਜਿਸ ਤੋਂ ਬੜਾ ਸਪਸ਼ਟ 'ਜਾਤੀ ਪ੍ਰਥਾ ਤੇ ਵਰਗਵਾਦ' ਦਾ ਝਲਕਾਰਾ ਦੇਖਿਆ ਜਾ ਸਕਦਾ ਹੈ। ਇਹ ਉਹੀ ਜਾਤਾਂ ਤੇ ਵਰਗ ਹਨ, ਜਿਹਨਾਂ ਨੇ ਆਪਣੇ ਸੀਸ ਪੰਥ ਤੋਂ ਕੁਰਬਾਨ ਕਰਨ ਤੇ ਇਸ 'ਪੰਥ ਖਾਲਸਾ' ਦੀ ਸਥਾਪਨਾ ਕਰਨ ਲਈ ਸਵੈ-ਇੱਛਾ ਪ੍ਰਗਟ ਕੀਤੀ ਸੀ ਤੇ ਇਹੀ 'ਸੰਸਥਾ', ਪੰਜ-ਪਿਆਰਿਆਂ' ਦੇ ਰੂਪ 'ਚ ਪ੍ਰਗਟ ਹੋਈ ਸੀ। ਇਹ ਜਾਤੀਵਾਦ ਜਾਂ ਵਰਗਵਾਦ ਕਿਉਂ ਹੈ ਤੇ ਇਸ ਨੂੰ ਦੂਰ ਕਰਨ ਦੀ ਲੋੜ ਹੈ? ਗੁਰੂ ਸਾਹਿਬਾਨ ਨੇ ਤਾਂ ਸਾਨੂੰ ਇੰਝ ਕਰਨ ਤੋਂ ਰੋਕਿਆ ਸੀ ਤੇ ਉਹਨਾਂ ਨੇ ਜਾਤੀ ਪ੍ਰਥਾ ਤੇ ਵਰਗਵਾਦ ਨੂੰ ਮੁੱਢੋਂ ਨਕਾਰ ਦਿੱਤਾ ਸੀ ਤੇ ਸਿਰਫ ਸਮਾਜਿਕ-ਬਰਾਬਰੀ ਦਾ ਮਾਨਵਤਾ ਨੂੰ ਸੰਦੇਸ਼ ਦਿੱਤਾ ਸੀ।

ਅੱਜ ਸਮਾਜ ਦਾ ਹਰ ਵਰਗ ਆਪਣੇ ਵਰਗ ਜਾਂ ਜਾਤ ਦੀ ਗੱਲ ਕਰਦਾ ਹੈ। ਮਾਨਵਵਾਦ ਦੀ ਕਿਤੇ ਗੱਲ ਨਜ਼ਰ ਨਹੀਂ ਆਉਂਦੀ। ਇਸ ਸਿਧਾਂਤ ਦਾ ਅਮਲੀ ਰੂਪ ਅਲੋਪ ਹੋ ਗਿਆ ਹੈ। 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਨਾਅਰਾ ਕਿੱਥੇ ਖਲੋਤਾ ਹੈ? ਇਹ ਵਿਚਾਰਨ ਵਾਲੀ ਗੱਲ ਹੈ? ਇਹ ਸਭ ਜਾਤੀਵਾਦ ਜਾਂ ਵਰਗਵਾਦ ਨਹੀਂ ਤਾਂ ਹੋਰ ਕੀ ਹੈ? ਪੰਜ-ਪਿਆਰਿਆਂ ਦੀ 'ਸੰਸਥਾ' ਜਾਂ 'ਪੰਥ-ਖਾਲਸਾ' ਦਾ ਸਿਧਾਂਤ ਤਾਂ ਸਾਨੂੰ ਵਰਗਵਾਦ ਜਾਂ ਜਾਤੀਵਾਦ ਦੀ ਸਿੱਖਿਆ ਬਿਲਕੁਲ ਨਹੀਂ ਦਿੰਦਾ ਸਗੋਂ ਵੱਖਵਾਦੀ ਸੋਚ ਨੂੰ ਮੁੱਢੋਂ ਨਕਾਰਦਾ ਹੈ। ਇਹ ਸਾਡਾ ਹੀ ਕਸੂਰ ਹੈ ਕਿ ਅਸੀਂ ਇਸ ਸਿਧਾਂਤ ਵੱਲ ਆਪਣੇ ਸੁਆਰਥ ਦੀ ਖਾਤਰ ਪਿੱਠ ਕਰ ਲਈ ਹੈ। ਸਿਧਾਂਤ ਆਪਣੀ ਜਗ੍ਹਾ ਅਟੱਲ ਖੜ੍ਹਾ ਹੈ ਪਰ ਇਸ ਦਾ ਅਮਲੀ ਰੂਪ, ਸਮਾਜਿਕ-ਬਰਾਬਰੀ ਲਈ ਕਿਤੇ ਨਜ਼ਰ ਨਹੀਂ ਆਉਂਦਾ?

ਇਹ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਆਪਣੀ ਧਰਤੀ ਦੇ, ਸਾਡੇ ਆਪਣੇ ਲੋਕ, ਖਾਸ ਤੌਰ ਤੇ ਪੰਜਾਬ ਤੋਂ, ਜੋ ਗੁਰੂ ਪੀਰਾਂ ਦੀ ਧਰਤੀ ਅਖਵਾਉਂਦੀ ਹੈ, ਬੁੱਧ ਧਰਮ ਤੇ ਇਸਾਈ ਧਰਮ ਅਪਣਾਈ ਜਾ ਰਹੇ ਹਨ ਕਿਉਂਕਿ ਇਹਨਾਂ ਧਰਮਾਂ 'ਚ ਜਾਤੀਵਾਦ, ਵਰਗਵਾਦ ਤੇ ਸਮਾਜਿਕ ਨਾ-ਬਰਾਬਰੀ ਨਹੀਂ ਹੈ। ਸਭ ਲੋਕ ਬੋਧੀ ਜਾਂ ਇਸਾਈ ਹੀ ਅਖਵਾਉਂਦੇ ਹਨ।

ਸਾਡੇ ਵਾਂਗ ਜਾਤੀ ਸੂਚਕ ਅਲੰਕਾਰ ਲਾ ਕੇ ਨਹੀਂ ਪੁਕਾਰਦੇ। ਸੱਚ ਹੀ ਕਿਸੇ ਅੰਗਰੇਜ਼ ਵਿਦਵਾਨ ਇਤਿਹਾਸਕਾਰ ਨੇ ਕਿਹਾ ਹੈ, ''ਕਿ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਤੇ ਇੰਗਲੈਂਡ 'ਚ ਪੈਦਾ ਹੋਏ ਹੁੰਦੇ ਤਾਂ ਅੱਜ ਸਾਰੀ ਦੁਨੀਆਂ ਦੇ ਲੋਕ ਸਿੱਖ ਹੁੰਦੇ।' ਸਾਡੇ ਸਮਾਜ ਦੀ ਇਹ ਇਕ ਬੜੀ ਵੱਡੀ ਤ੍ਰਾਸਦੀ ਹੈ ਜਿਸ ਦਾ ਕਾਰਨ ਸਾਡੇ ਵਿਚ ਮਾਨਵਵਾਦ ਦੀ ਅਣਹੋਂਦ ਤੇ ਸਾਡੀ ਸੌੜੀ ਮਾਨਸਿਕਤਾ ਹੀ ਹੈ। ਗੁਰੂ ਸਾਹਿਬਾਨ ਦੇ ਸਿਧਾਂਤਾਂ ਅਨੁਸਾਰ ਸਾਨੂੰ ਅੱਜ ਦੇ ਵਿਗਿਆਨਕ ਯੁੱਧ 'ਚ ਮਾਨਵਵਾਦ ਦੇ ਸਿਧਾਂਤਾਂ ਨੂੰ ਤੇ ਮਾਨਵੀ ਕਦਰਾਂ ਕੀਮਤਾਂ ਨੂੰ ਅਪਣਾਉਣ ਦੀ ਲੋੜ ਹੈ ਤੇ ਜਾਤੀ-ਪ੍ਰਥਾ ਤੇ ਵਰਗਵਾਦ ਦੀ ਸੋਚ ਨੂੰ ਆਪਣੇ ਸੱਚੇ ਦਿਲੋਂ ਤਿਲਾਂਜਲੀ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਸਾਨੂੰ ਗੁਰੂ ਸਾਹਿਬ ਜੀ ਦੇ ਬਹੁਤ ਹੀ ਲਾਡਲੇ ਪੰਜ-ਪਿਆਰਿਆਂ ਦੇ ਜਨਮ ਦਿਨ ਤੇ ਸ਼ਹੀਦੀ ਦਿਨਾਂ ਨੂੰ ਅਣਗੌਲਿਆ ਕਰਨ ਦੀ ਥਾਂ, ਬੜੀ ਧੂੰਮ-ਧਾਮ ਨਾਲ ਮਨਾਉਣ ਦੀ ਲੋੜ ਹੈ ਤਾਂ ਜੋ ਆਮ ਲੋਕਾਂ ਤੱਕ ਪੰਜ-ਪਿਆਰਿਆਂ ਦੀ ਲੋਕਰਾਜੀ ਸੰਸਥਾ ਦਾ ਮਾਨਵਵਾਦੀ ਸੰਦੇਸ਼ ਪਹੁੰਚ ਸਕੇ ਤੇ ਵਰਗਵਾਦੀ ਤੇ ਜਾਤੀਵਾਦੀ ਸੋਚ ਨੂੰ ਜੜ੍ਹੋਂ ਪੁੱਟਿਆ ਜਾ ਸਕੇ।

ਆਓ! ਸਾਹਿਬ-ਏ-ਕਮਾਲ, ਸਰਬੰਸਦਾਨੀ, ਸੰਤ ਸਿਪਾਹੀ, ਇਕ ਕ੍ਰਾਂਤੀਕਾਰੀ, ਇਨਕਲਾਬੀ ਯੋਧੇ, ਵਿਦਵਤਾ ਦੇ ਮੁਜੱਸਮੇ ਤੇ ਇਕ ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ 'ਪੰਥ-ਖਾਲਸਾ' ਦੇ ਸਥਾਪਨਾ ਦਿਵਸ 'ਤੇ ਉਕਤ ਵਿਆਖਿਆ ਵਿਚ ਉਠੇ ਮੁੱਦਿਆਂ ਤੇ ਵਿਗਿਆਨਕ ਪਹਿਲੂ ਤੋਂ ਨਜ਼ਰ ਮਾਰੀਏ ਤੇ ਇਹਨਾਂ ਨੂੰ ਗੁਰੂ ਸਾਹਿਬਾਨ ਦੀ ਉੱਚੇਰੀ ਸੋਚ ਮੁਤਾਬਕ ਹੱਲ ਕਰੀਏ?

ਇਸ ਤਰ੍ਹਾਂ ਗੁਰੂ ਸਾਹਿਬਾਨ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਭਾਰਤ-ਵਰਸ਼ ਤੇ ਸਮੁੱਚੀ ਮਾਨਵਤਾ ਨੂੰ ਇੱਕੀਵੀਂ ਸਦੀ 'ਚ ਮਾਨਵਤਾ ਦੇ ਆਧਾਰ ਤੇ ਸੰਸਾਰ ਪੱਧਰ ਤੇ ਲੈ ਆਈਏ, ਤਾਂ ਹੀ ਗੁਰੂ ਸਾਹਿਬਾਨ ਦਾ ਦਿੱਤਾ ਹੋਇਆ ਅੰਤਰ ਰਾਸ਼ਟਰਵਾਦੀ ਨਾਅਰਾ 'ਸਰਬੱਤ ਦਾ ਭਲਾ' ਤੇ 'ਮਾਨਸ ਕੀ ਜਾਤ ਸਭ ਏਕੈ ਪਹਿਚਾਨਬੋ' ਦਾ ਸੁਪਨਾ ਸੱਚ ਹੋਵੇਗਾ। 'ਪੰਜ-ਪਿਆਰਿਆਂ' ਜਾਂ 'ਪੰਥ-ਖਾਲਸਾ' ਦਾ ਸੰਕਲਪ ਇਕ 'ਲੋਕ-ਰਾਜੀ ਸੰਸਥਾ' ਦਾ ਸੰਕਲਪ ਹੈ ਨਾ ਕਿ ਵਰਗਵਾਦ ਤੇ ਜਾਤੀਵਾਦ ਦਾ ਹੈ।

ਇਸ ਅਮਾਨਵਵਾਦੀ ਵੱਖਰਤਾ ਨੂੰ ਗੁਰੂ ਸਾਹਿਬ ਨੇ 'ਪੰਜ-ਪਿਆਰਿਆਂ' ਤੇ 'ਪੰਥ-ਖਾਲਸਾ' ਦੀ ਸਥਾਪਨਾ ਵੇਲੇ ਸਿਰੇ ਤੋਂ ਨਕਾਰ ਦਿੱਤਾ ਸੀ। ਸਮੁੱਚੀ 'ਪੰਥਕ-ਲੋਕਾਈ' ਤੇ ਮਾਨਵਤਾ ਨੂੰ ਮੇਰੇ ਵੱਲੋਂ 'ਪੰਥ-ਖਾਲਸਾ' ਦੇ ਸਥਾਪਨਾ ਦਿਵਸ ਤੇ ਲੱਖ-ਲੱਖ ਵਧਾਈ ਹੋਵੇ ਜੀ।

# 2015: ਉਦਾਸ ਵਿਸਾਖੀ

ਸੰਤੋਖ ਸਿੰਘ ਸੰਧੂ (+64) 022 071 0935

ਵਿਸਾਖੀ ਖੁਸ਼ੀਆਂ ਦਾ ਤਿਉਹਾਰ ਹੈ। ਇਹ ਤਿਉਹਾਰ ਪੰਜਾਬ ਅਤੇ ਖਾਸ ਕਰਕੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨਾਲ ਸਬੰਧਤ ਹੈ। ਇਸ ਦਿਨ ਕਿਸਾਨ ਤੇ ਖੇਤ ਮਜ਼ਦੂਰ ਹੁਮ ਹੁਮਾ ਕੇ ਗੁਰਦੁਆਰਿਆਂ ਵਿੱਚ ਜਾਂਦੇ ਹਨ। ਪਵਿੱਤਰ ਸਰੋਵਰਾਂ ਵਿੱਚ ਇਸ਼ਨਾਨ ਕਰਦੇ ਹਨ। ਮੁੰਡੇ ਭੰਗੜੇ ਪਾਉਂਦੇ ਹਨ। ਕੁੜੀਆਂ ਗਿੱਧਾ ਪਾਉਂਦੀਆਂ ਹਨ। ਹਰ ਕਿਸੇ ਦੇ ਚੇਹਰੇ ਉਤੇ ਖੇੜਾ ਹੁੰਦਾ ਹੈ। ਪਰ ਇਸ ਵਾਰ ਕੁਵੇਲੇ ਦੀਆਂ ਬਾਰਸ਼ਾਂ, ਹੜ੍ਹਾਂ ਅਤੇ ਗੜ੍ਹੇ ਮਾਰੀਆਂ ਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਇਨ੍ਹਾਂ ਖੁਸ਼ੀਆਂ ਨੂੰ ਨਿਰਾਸਤਾ ਵਿੱਚ ਬਦਲ ਦਿਤਾ ਹੈ। ਇਸ ਤਰ੍ਹਾਂ ਐਤਕਾਂ ਦਾ ਵਿਸਾਖੀ ਤਿਉਹਾਰ ਅਨੰਦਮਈ ਹੋਣ ਦੀ ਥਾਂ ਅਨੰਦਹੀਣ ਹੋ ਕੇ ਰਹਿ ਗਿਆ ਹੈ। ਵਿਸਾਖੀ ਸਿੱਖ ਧਰਮ ਦਾ ਇੱਕ ਬਹੁਤ ਜ਼ਰੂਰੀ ਤੇ ਪ੍ਰਸਿੱਧ ਇਤਿਹਾਸਕ ਦਿਨ ਹੈ। ਇਹ ਦਿਨ ਅੰਗਰੇਜ਼ੀ ਮਹੀਨੇ ਅਪ੍ਰੈਲ ਦੇ ਅੱਧ ਕੁ ਵਿੱਚ ਅਤੇ ਦੇਸੀ ਮਹੀਨੇ ਵਿਸਾਖ ਦੀ ਪਹਿਲੀ ਤਰੀਕ ਨੂੰ ਹੁੰਦਾ ਹੈ। ਇਸ ਦਿਨ ਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਦਸਵੇਂ ਵਾਰਿਸ ਅਤੇ ਸਿੱਖਾਂ ਦੇ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਪਹਿਲਾਂ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਖਾਲਸਾ ਪੰਥ ਦੀ ਨੀਂਹ ਰੱਖੀ। ਫਿਰ ਉਨ੍ਹਾਂ ਪੰਜ ਸਿੰਘਾਂ ਤੋਂ, ਗੁਰੂ ਤੋਂ ਚੇਲਾ ਬਣਕੇ, ਆਪ ਅੰਮ੍ਰਿਤ ਛਕ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣੇ। ਇਸ ਤਰ੍ਹਾਂ ਇਹ ਦਿਨ ਖਾਲਸੇ ਦਾ ਜਨਮ ਦਿਹਾੜਾ ਕਰਕੇ ਮਨਾਇਆ ਜਾਂਦਾ ਹੈ।

ਸੰਨ 1699 ਵਿੱਚ ਵਿਸਾਖੀ ਦੇ ਮੌਕੇ ਉਤੇ ਆਪਣੇ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਤੇ ਉਨ੍ਹਾਂ ਦੇ ਵਿਚਾਰ ਸੁਣਨ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਅਨੰਦਪੁਰ ਸਾਹਿਬ ਵਿੱਚ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਇਕੱਠੇ ਹੋਏ ਸਨ । ਸਾਰੇ ਗੁਰੂ ਜੀ ਦੇ ਸਟੇਜ ਉਤੇ ਆਉਣ ਦੀ ਉਡੀਕ ਕਰ ਰਹੇ ਸਨ। ਸਭ ਦੀਆਂ ਨਜ਼ਰਾਂ ਸਟੇਜ ਉਤੇ ਲੱਗੀਆਂ ਹੋਈਆਂ ਸਨ ਕਿ ਸਟੇਜ ਦੇ ਪਾਸ ਲੱਗੇ ਤੰਬੂ ਵਿੱਚੋਂ ਗੁਰੂ ਗੋਬਿੰਦ ਸਿੰਘ ਜੀ ਬਾਹਰ ਆਉਂਦੇ ਹਨ। ਹੱਥ ਵਿੱਚ ਨੰਗੀ ਤਲਵਾਰ ਫੜੀ, ਹਵਾ ਵਿੱਚ ਲਹਿਰਾਉਂਦੇ ਹੋਏ , ਚੇਹਰੇ ਉਤੇ ਰੋਹ ਭਰੇ ਜਲਾਲ ਨਾਲ ਸਟੇਜ ਉਤੇ ਆ ਕੇ ਸਾਹਮਣੇ ਬੈਠੇ ਸਿੱਖਾਂ ਨੂੰ ਲਲਕਾਰਦੇ ਹਨ ਕਿ ਉਨ੍ਹਾਂ ਦੀ ਤਲਵਾਰ ਕਿਸੇ ਸਿੱਖ ਦਾ ਸੀਸ ਮੰਗਦੀ ਹੈ। ਸਾਰੇ ਸਿੱਖ, ਜੋ ਆਪਣੇ ਗੁਰੂ ਦੀ ਇੱਕ ਝਲਕ ਲੈਣ ਲਈ ਉਤਾਵਲੇ ਹੋਏ ਬੈਠੇ ਸਨ, ਨੀਵੀਂਆਂ ਪਾ ਲੈਂਦੇ ਹਨ। ਮਨ ਹੀ ਮਨ ਸੋਚਦੇ ਹਨ ਕਿ ਅੱਜ ਕਿੱਥੇ ਆ ਫਸੇ ਹਾਂ। ਅੱਜ ਗੁਰੂ ਨੂੰ ਪਤਾ ਨਹੀਂ ਕੀ ਹੋ ਗਿਆ ਹੈ। ਸਾਰੇ ਘਬਰਾਏ ਹੋਏ ਅਤੇ ਸਹਿਮੇ ਹੋਏ ਬੈਠੇ ਸਨ। ਉਥੋਂ ਖਿਸਕਣ ਦੀਆਂ ਵਿਉਂਤਾਂ ਸੋਚ ਰਹੇ ਸਨ। ਉਸ ਭੀੜ ਵਿੱਚੋਂ ਇੱਕ ਸਿੱਖ ਉਠ ਕੇ ਸਟੇਜ ਵੱਲ ਆਉਂਦਾ ਹੈ। ਉਸ ਸਿੱਖ ਦਾ ਨਾਂ ਦਇਆ ਰਾਮ ਹੈ ਜੋ ਕਿ ਜਾਤ ਦਾ ਖੱਤਰੀ ਹੈ। ਸਟੇਜ ਦੇ ਕੋਲ ਆ ਕੇ, ਸੀਸ ਝੁਕਾ ਕੇ ਆਖਦਾ ਹੈ, ''ਪਿਆਰੇ ਗੁਰੂ ਜੀ ਮੇਰਾ ਸੀਸ ਹਾਜ਼ਿਰ ਹੈ।''

ਗੁਰੂ ਜੀ ਉਸ ਸਿੱਖ ਨੂੰ ਫੜ ਕੇ ਤੰਬੂ ਵਿੱਚ ਲੈ ਜਾਂਦੇ ਹਨ। ਕੁਝ ਦੇਰ ਬਾਅਦ ਫਿਰ ਉਸੇ ਰੂਪ ਵਿੱਚ ਲਹੂ ਨਾਲ ਲਿਬੜੀ ਤਲਵਾਰ ਲੈ ਕੇ ਆਉਂਦੇ ਹਨ ਅਤੇ ਫਿਰ ਸਾਹਮਣੇ ਬੈਠੇ ਸਿੱਖਾਂ ਨੂੰ ਲਲਕਾਰਦੇ ਹੋਏ ਇੱਕ ਹੋਰ ਸੀਸ ਦੀ ਮੰਗ ਕਰਦੇ ਹਨ। ਹੁਣ ਤਾਂ ਸਿੱਖਾਂ ਦੇ ਮਨਾਂ ਦੀ ਘਬਰਾਹਟ ਅਤੇ ਦਿਲਾਂ ਦੀ ਧੜਕਣ ਹੋਰ ਵੀ ਵਧ ਗਈ। ਸੋਚਣ ਲਗੇ ਕਿ ਅੱਜ ਇੱਥੋਂ ਬਚ ਕੇ ਜਾਣਾ ਮੁਸ਼ਕਿਲ ਹੈ। ਇਸ ਵਾਰ ਇੱਕ ਹੋਰ ਸਿੱਖ ਉਸ ਭੀੜ ਵਿੱਚੋਂ ਉਠ ਕੇ ਆਉਂਦਾ ਹੈ। ਇਸ ਸਿੱਖ ਦਾ ਨਾਂ ਧਰਮ ਚੰਦ ਹੈ ਅਤੇ ਜਾਤ ਦਾ ਜਾਟ ਹੈ। ਉਸਨੂੰ ਵੀ ਗੁਰੂ ਜੀ ਫੜ ਕੇ ਤੰਬੂ ਵਿੱਚ ਲੈ ਜਾਂਦੇ ਹਨ। ਇਸ ਤਰ੍ਹਾਂ ਗੁਰੂ ਜੀ ਨੇ ਵਾਰੀ ਵਾਰੀ ਪੰਜ ਸੀਸ ਮੰਗੇ ਅਤੇ ਹੋਰ ਤਿੰਨ ਸਿੱਖ - ਹਿੰਮਤ ਰਾਇ (ਝਿਉਰ), ਮੁਹਕਮ ਚੰਦ (ਛੀਂਬਾ) ਅਤੇ ਸਾਹਿਬ ਚੰਦ (ਨਾਈ) ਆਉਂਦੇ ਹਨ। ਬਾਹਰ ਇਕੱਠ ਵਿੱਚ ਬੈਠੇ ਸਿੱਖ ਤਰ੍ਹਾਂ ਤਰ੍ਹਾਂ ਦੀਆਂ ਵਿਚਾਰਾਂ ਕਰ ਰਹੇ ਹਨ।

ਕੁਝ ਦੇਰ ਬਾਅਦ ਗੁਰੂ ਜੀ ਉਨ੍ਹਾਂ ਪੰਜਾਂ ਸਿੱਖਾਂ ਨੂੰ ਇੱਕ ਨਵੇਂ ਤੇ ਨਵੇਕਲੇ ਰੂਪ ਵਿੱਚ ਲੈ ਕੇ ਸਟੇਜ ਉਤੇ ਆਉਂਦੇ ਹਨ। ਸਾਰੇ ਸਿੱਖ ਵੇਖ ਕੇ ਹੈਰਾਨ ਰਹਿ ਜਾਂਦੇ ਹਨ। ਉਨ੍ਹਾਂ ਪੰਜਾਂ ਸਿੱਖਾਂ ਨੂੰ ਗੁਰੂ ਜੀ ਅੰਮ੍ਰਿਤ ਛਕਾ ਕੇ ਉਨ੍ਹਾਂ ਦੇ ਨਾਂ ਨਾਲੋਂ ਰਾਮ, ਚੰਦ ਸ਼ਬਦ ਹਟਾ ਕੇ ਸਿੰਘ ਸ਼ਬਦ ਜੋੜ ਦਿੰਦੇ ਹਨ ਅਤੇ ਉਹ ਪੰਜ ਸਿੱਖ, ਪੰਜ ਸਿੰਘ ਬਣ ਜਾਂਦੇ ਹਨ। ਉਨ੍ਹਾਂ ਦੇ ਨਾਂ ਹੋ ਜਾਂਦੇ ਹਨ - ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ । ਗੁਰੂ ਜੀ ਉਨ੍ਹਾਂ ਨੂੰ ਪੰਜ ਪਿਆਰਿਆਂ ਦਾ ਖ਼ਿਤਾਬ ਦਿੰਦੇ ਹਨ। ਫਿਰ ਗੁਰੂ ਜੀ ਉਨ੍ਹਾਂ ਪੰਜਾਂ ਦੇ ਸਾਹਮਣੇ ਗੋਡਿਆਂ ਭਾਰ ਹੋ ਕੇ, ਹੱਥ ਜੋੜ ਕੇ ਕਹਿੰਦੇ ਹਨ, ''ਕ੍ਰਿਪਾ ਕਰਕੇ ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰੋ।'' ਉਨ੍ਹਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰੂ ਜੀ ਗੋਬਿੰਦ ਰਇ ਤੋਂ ਗੋਬਿੰਦ ਸਿੰਘ ਬਣ ਜਾਂਦੇ ਹਨ। ਇਸ ਤਰ੍ਹਾਂ ਵਿਸਾਖੀ ਦਾ ਦਿਹਾੜਾ, ਖਾਲਸਾ ਪੰਥ ਦਾ ਜਨਮ ਦਿਹਾੜਾ ਬਣ ਗਿਆ। ਸਿੱਖ ਜਿੱਥੇ ਵੀ ਦੇਸ਼ ਵਿਦੇਸ਼ ਵਿੱਚ ਰਹਿੰਦੇ ਹਨ ਇਸ ਦਿਹਾੜੇ ਨੂੰ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਉਂਦੇ ਹਨ।

### ਗੁਰੂ ਜੀ ਨੂੰ ਸਿੰਘ ਸਜਾਉਣ ਦੀ ਲੋੜ ਕਿਉਂ ਪਈ?

ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਨੌਵੇਂ ਸਿੱਖ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿੱਚ ਚਾਂਦਨੀ ਚੌਕ ਵਿਖੇ ਸ਼ਹੀਦ ਕਰ ਦਿੱਤਾ ਸੀ ਤਾਂ ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਭਾਵੇਂ ਕੇਵਲ ਸੱਤ ਸਾਲ ਦੀ ਉਮਰ ਵਿੱਚ ਸਨ, ਆਪਣੇ ਮਨ ਅੰਦਰ ਇਸ ਜ਼ੁਲਮ ਦਾ ਅਹਿਸਾਸ ਤਾਂ ਕਰਦੇ ਹੀ ਸਨ। ਉਨ੍ਹਾਂ ਨੇ ਸੋਚਿਆ ਕਿ ਇਸ ਤਰ੍ਹਾਂ ਸ਼ਹਾਦਤਾਂ ਦੇਣ ਨਾਲ ਗੱਲ ਨਹੀਂ ਬਣਨੀ। ਉਨ੍ਹਾਂ ਨੇ ਸਿੱਖ ਕੌਮ ਅੰਦਰ ਬਹਾਦਰੀ ਤੇ ਨਿਡਰਤਾ ਦਾ ਜ਼ਜਬਾ ਭਰਨ ਲਈ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ । ਗੁਰੂ ਜੀ ਨੂੰ ਪਤਾ ਸੀ ਕਿ ਜ਼ਾਲਮ ਬਹੁਤ ਤਾਕਤਵਰ ਹੈ। ਉਸ ਕੋਲ ਭਾਰੀ ਫੌਜੀ ਸ਼ਕਤੀ ਹੈ। ਮਜ਼ਲੂਮਾਂ ਉਤੇ ਜ਼ੁਲਮ ਕਰਨ ਦੇ ਉਸ ਕੋਲ ਬਹੁਤ ਸਾਰੇ ਸਾਧਨ ਹਨ। ਜ਼ੁਲਮ ਦਾ ਟਾਕਰਾ ਕਰਨ ਲਈ ਜਾਨਾਂ ਦੀ ਅਹੂਤੀ ਦੇਣੀ ਪਵੇਗੀ, ਪਰ ਜੇ ਇਸੇ ਤਰ੍ਹਾਂ ਜਾਨਾਂ ਗਵਾਉਂਦੇ ਰਹੇ ਤਾਂ ਜ਼ਾਲਮ ਨੂੰ ਕੋਈ ਫਰਕ ਨਹੀਂ ਪੈਣਾ। ਗੁਰੂ ਜੀ ਨੇ ਇੱਕ ਅਜਿਹੀ ਫੌਜ ਤਿਆਰ ਕਰਨ ਦੀ ਵਿਉਂਤ ਬਣਾਈ ਜੋ ਜ਼ਾਲਮ ਵਿਰੁੱਧ ਲੜਦਿਆਂ ਮਰ ਤਾਂ ਜਾਵੇਗੀ, ਪਰ ਜ਼ਾਲਮ ਨੂੰ ਵੀ ਬਰਾਬਰ ਸੇਕ ਲੱਗੇਗਾ। ਆਪਣੀ ਇਸ ਵਿਉਂਤ ਨੂੰ ਸਿਰੇ ਚਾੜ੍ਹਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਦਾ ਦਿਨ ਸਹੀ ਸਮਝਿਆ ਅਤੇ ਇਸ ਦਿਨ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਸਿੱਖਾਂ ਦਾ ਭਾਰੀ ਇਕੱਠ ਕੀਤਾ। ਉਪਰ ਵਰਣਨ ਕੀਤੇ ਅਨੁਸਾਰ ਗੁਰੂ ਜੀ ਨੇ ਪੰਜ ਪਿਆਰਿਆਂ ਦੀ ਚੋਣ ਕਰਕੇ ਵਰ ਦਿੱਤਾ ਕਿ ਜਿੱਥੇ ਪੰਜ ਪਿਆਰੇ ਹੋਣਗੇ ਉਥੇ ਗੁਰੂ ਆਪ ਹਾਜ਼ਿਰ ਨਾਜ਼ਿਰ ਹੋਵੇਗਾ। ਇੱਥੇ ਇੱਕ ਗੱਲ ਵਰਣਨਯੋਗ ਹੈ ਕਿ ਜਦ ਗੁਰੂ ਸਾਹਿਬ ਨੇ ਵਾਰੀ ਵਾਰੀ ਪੰਜ ਸਿੱਖਾਂ ਦੇ ਸੀਸ ਮੰਗ ਕੇ ਉਨ੍ਹਾਂ ਨੂੰ ਤੰਬੂ ਵਿੱਚ ਲਿਜਾਇਆ ਅਤੇ ਫਿਰ ਹਰ ਵਾਰੀ ਲਹੂ ਨਾਲ ਭਿੱਜੀ ਤਲਵਾਰ ਲੈ ਕੇ ਸਟੇਜ ਉਤੇ ਆਏ ਸਨ। ਇਸ ਘਟਨਾ ਨੂੰ ਕੁਝ ਸ਼ਰਾਰਤੀ ਅਨਸਰਾਂ ਨੇ ਇਸ ਤਰ੍ਹਾਂ ਬਿਆਨ ਕਰਕੇ ਭਰਮ ਫੈਲਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਸਾਹਿਬ ਤੰਬੂ ਵਿੱਚ ਬੱਕਰਾ ਝਟਕਾ ਕੇ, ਉਸਦੇ ਖ਼ੂਨ ਨਾਲ ਲਿਬੜੀ ਤਲਵਾਰ ਲੈ ਕੇ ਬਾਹਰ ਆਉਂਦੇ ਸਨ। ਇਹ ਇੱਕ ਅਤਿ ਨਿੰਦਣਯੋਗ ਸ਼ਰਾਰਤ ਹੈ। ਜੇ ਗੁਰੂ ਜੀ ਨੇ ਬੱਕਰੇ ਝਟਕਾਏ ਸਨ ਤਾਂ ਵਿਉਂਤ ਪੂਰੀ ਹੋਣ ਉਪਰੰਤ ਉਹ ਬੱਕਰੇ ਕਿਥੇ ਗਏ। ਦਰਅਸਲ ਨਾ ਤਾਂ ਇਸ ਘਟਨਾ ਬਾਰੇ ਉਹ ਸੱਜੇ ਪੰਜ ਸਿੰਘ ਹੀ ਕੁਝ ਬਿਆਨ ਕਰ ਸਕੇ ਹਨ ਕਿ ਤੰਬੂ ਦੇ ਅੰਦਰ ਕੀ ਵਾਪਰਿਆ ਅਤੇ ਨਾ ਹੀ ਗੁਰੂ ਸਾਹਿਬ ਨੇ ਕੋਈ ਵੇਰਵਾ ਦਿੱਤਾ ਹੈ। ਉਨ੍ਹਾਂ ਪੰਜ ਸਿੰਘਾਂ ਨੇ ਇੰਨਾ ਜ਼ਰੂਰ ਕਿਹਾ ਹੈ, ''ਪਹਿਲਾਂ ਅਸੀਂ ਚਿੜੀ ਦੇ ਉਡਣ ਨਾਲ ਜੋ ਮਮੂਲੀ ਜਿਹੀ ਆਵਾਜ਼ ਪੈਦਾ ਹੁੰਦੀ ਸੀ, ਉਸ ਨਾਲ ਵੀ ਡਰ ਜਾਂਦੇ ਸਾਂ। ਹੁਣ ਅੰਮ੍ਰਿਤ ਨੇ ਸਾਡੇ ਅੰਦਰ ਇੰਨੀ ਸ਼ਕਤੀ ਭਰ ਦਿੱਤੀ ਹੈ ਕਿ ਮੌਤ ਤੋਂ ਜ਼ਰਾ ਵੀ ਡਰ ਨਹੀ ਲਗਦਾ।''

ਗੁਰੂ ਜੀ ਨੇ ਆਪਣੀ ਇਸ ਵਿਉਂਤ ਨੂੰ ਅਮਲੀ ਜਾਮਾ ਪਹਿਨਾ ਕੇ ਨਾ ਸਿਰਫ ਸਿੱਖਾਂ ਅੰਦਰ ਬਹਾਦਰੀ ਤੇ ਮੌਤ ਤੋਂ ਨਿਡਰਤਾ ਹੀ ਭਰੀ ਸਗੋਂ ਵੱਖ ਵੱਖ ਉਚੀਆਂ ਨੀਵੀਂਆਂ ਜਾਤਾਂ ਵਿੱਚੋਂ ਪੰਜ ਪਿਆਰਿਆਂ ਨੂੰ ਲੈ ਕੇ ਸਮਾਜ ਵਿੱਚ ਫੈਲੀ ਜਾਤ ਵੰਡ ਨੂੰ ਖ਼ਤਮ ਕਰਨ ਅਤੇ ਸਭਨਾਂ ਵਿੱਚ ਬਰਾਬਰੀ ਪੈਦਾ ਕਰਨ ਦਾ ਵੀ ਇੱਕ ਸ਼ਲਾਘਾਯੋਗ ਉਪਰਾਲਾ ਕੀਤਾ। ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਇੱਕ ਅਜਿਹਾ ਸਰੂਪ ਧਾਰਨ ਕਰਵਾਇਆ ਜਿਸ ਵਿੱਚ ਪੰਜ ਕੱਕਾਰ - ਕੇਸ, ਕੰਘਾ, ਕੜਾ(ਲੋਹੇ ਦਾ), ਕਛਹਿਰਾ ਅਤੇ ਕਿਰਪਾਨ ਸ਼ਾਮਿਲ ਹੈ। ਸਿੱਖ ਧਰਮ ਵਿੱਚ ਅੱਜ ਵੀ ਇਨ੍ਹਾਂ ਕੱਕਾਰਾਂ ਦੀ ਪਾਲਨਾ ਹੋ ਰਹੀ ਹੈ।

ਪੰਜਾਬ ਕਿਉਂਕਿ ਭਾਰਤ ਦਾ ਮੁੱਖ ਖੇਤੀ ਪ੍ਰਧਾਨ ਰਾਜ ਹੈ। ਇਸ ਲਈ ਇੱਥੇ ਵਿਸਾਖੀ ਦਾ ਫਸਲਾਂ ਨਾਲ ਗਹਿਰਾ ਸੰਬੰਧ ਹੈ। ਪਹਿਲਾਂ ਇਸ ਮੌਕੇ ਹਾੜੀ, ਖਾਸ ਕਰਕੇ ਕਣਕ ਦੀ ਫਸਲ ਪੱਕ ਕੇ ਤਿਆਰ ਹੋ ਜਾਂਦੀ ਸੀ। ਹੁਣ ਖੇਤੀ ਦੀਆਂ ਨਵੀਂਆਂ ਤਕਨੀਕਾਂ ਅਤੇ ਨਵੇਂ ਬੀਜਾਂ ਦੀ ਆਮਦ ਨਾਲ ਕਣਕ ਦੀ ਪੱਕਾਈ ਅਤੇ ਕਟਾਈ ਕੁਝ ਲੇਟ ਹੋਣ ਲੱਗ ਪਈ ਹੈ। ਪੰਜਾਬੀ ਦਾ ਇੱਕ ਆਖਾਣ ਹੈ - ਜੱਟਾ ਆਈ ਵਿਸਾਖੀ । ਮੁੱਕ ਗਈ ਕਣਕਾਂ ਦੀ ਰਾਖੀ। ਫਸਲ ਦੇ ਪੱਕਣ ਕਰਕੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਆਪਣੇ ਰੁਝੇਵਿਆਂ ਤੋਂ ਕਾਫੀ ਫੁਰਸਤ ਮਿਲ ਜਾਂਦੀ ਹੈ। ਪੱਕੀਆਂ ਫਸਲਾਂ ਨੂੰ ਵੇਖ ਕੇ ਉਹ ਆਪਣੇ ਕਈ ਸੁਪਨੇ ਪੂਰੇ ਹੁੰਦੇ ਵੇਖਦੇ ਹਨ।ਚੇਹਰਿਆਂ ਉਤੇ ਖੁਸ਼ੀ ਦਾ ਨੂਰ ਛਾ ਜਾਂਦਾ ਹੈ।

ਮੇਲਿਆਂ ਆਦਿ ਉਤੇ ਜਾਂਦੇ ਹਨ। ਮੇਲਿਆਂ ਵਿੱਚ ਗਭਰੂਆਂ ਵੱਲੋਂ ਭੰਗੜੇ ਪਾਏ ਜਾਂਦੇ ਹਨ, ਗਤਕਾ ਟੋਲੀਆਂ ਵੱਲੋਂ ਗਤਕਾ ਖੇਡਿਆ ਜਾਂਦਾ ਹੈ। ਸ਼੍ਰੀ ਅੰਮ੍ਰਿਤਸਰ ਵਿਖੇ ਸ਼੍ਰੀ ਹਰਮੰਦਿਰ ਸਾਹਿਬ ਵਿੱਚ ਵਿਸਾਖੀ ਦੇ ਦਿਹਾੜੇ ਨੂੰ ਵੱਡੀ ਪੱਧਰ ਉਤੇ ਮਨਾਇਆ ਜਾਂਦਾ ਹੈ। ਬਿਜਲੀ ਦੀਆਂ ਲੜੀਆਂ ਨਾਲ ਪੂਰੇ ਦਰਬਾਰ ਸਾਹਿਬ ਪਰਿਸਰ ਨੂੰ ਸਜਾਇਆ ਜਾਂਦਾ ਹੈ। ਭਾਰੀ ਆਤਸ਼ਬਾਜੀ ਕੀਤੀ ਜਾਂਦੀ ਹੈ।

ਵਿਸਾਖੀ ਦਾ ਦਿਹਾੜਾ ਉਂਝ ਤਾਂ ਸਾਰੇ ਹੀ ਸਿੱਖ ਗੁਰਧਾਮਾਂ ਵਿੱਚ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਵਿਦੇਸ਼ਾਂ ਵਿੱਚ ਵੀ ਜਿੱਥੇ ਕਿੱਥੇ ਸਿੱਖ ਵੱਸੇ ਹੋਏ ਹਨ, ਇਸ ਦਿਹਾੜੇ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ। ਪਰ ਤਲਵੰਡੀ ਸਾਬੋ, (ਦਮਦਮਾ ਸਾਹਿਬ) ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਨੌਂ ਮਹੀਨੇ ਰਹਿ ਕੇ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨੌਵੀਂ ਪਾਤਸ਼ਾਹੀ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸ਼ਲੋਕਾਂ ਨੂੰ ਸ਼ਾਮਿਲ ਕਰਕੇ ਇਸਦੀ ਪੁਨਰ ਸੰਪਾਦਨਾ ਕੀਤੀ ਸੀ ਅਤੇ ਸ਼੍ਰੀ ਅਨੰਦਪੁਰ ਸਾਹਿਬ, ਜਿੱਥੇ ਕਿ ਪੰਥ ਖਾਲਸਾ ਦੀ ਨੀਂਹ ਰੱਖੀ ਗਈ ਸੀ, ਵਿਖੇ ਇਹ ਦਿਹਾੜਾ ਬੜੇ ਜੋਸ਼ੋ ਖ਼ਰੋਸ਼ ਨਾਲ ਮਨਾਇਆ ਜਾਂਦਾ ਹੈ। ਪਾਕਿਸਤਾਨ ਵਿਚਲੇ ਗੁਰਦੁਆਰਿਆਂ ਸ਼੍ਰੀ ਪੰਜਾ ਸਾਹਿਬ, ਸ਼੍ਰੀ ਨਨਕਾਣਾ ਸਾਹਿਬ ਅਤੇ ਹੋਰ ਕਈ ਗੁਰਦੁਆਰਿਆਂ ਵਿੱਚ ਇਸ ਦਿਹਾੜੇ ਨੂੰ ਮਨਾਉਣ ਲਈ ਸਿੱਖ ਦੇਸ਼ ਵਿਦੇਸ਼ ਤੋਂ ਪਹੁੰਚਦੇ ਹਨ। ਸ਼੍ਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਭਾਰਤ ਤੋਂ ਵੀ ਸਿੱਖਾਂ ਦਾ ਜਥਾ ਹਰ ਵਾਰ ਭੇਜਿਆ ਜਾਂਦਾ ਹੈ।

ਇਸ ਤਰ੍ਹਾਂ ਵਿਸਾਖੀ ਦਾ ਤਿਉਹਾਰ ਖੁਸ਼ੀਆਂ, ਖੇੜਿਆਂ ਅਤੇ ਆਸਾਂ ਉਮੀਦਾਂ ਦਾ ਤਿਉਹਾਰ ਹੈ। ਪਰ ਇਸ ਵਾਰ ਬੇਮੌਸਮੀ ਬਾਰਸ਼ਾਂ, ਹੜ੍ਹਾਂ ਅਤੇ ਗੜ੍ਹੇਮਾਰੀ ਦੀਆਂ ਕੁਦਰਤੀ ਆਫਤਾਂ ਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਚੇਹਰਿਆਂ ਦੀ ਰੌਣਕ ਨੂੰ ਖੋਹ ਲਿਆ ਹੈ। ਇਸ ਤਿਉਹਾਰ ਉਤੇ ਪੰਜਾਬੀ ਦੇ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਦੀ ਲਿਖੀ ਕਵਿਤਾ ਦੀਆਂ ਇਹ ਸਤਰਾਂ ਰਸਹੀਣ ਹੁੰਦੀਆਂ ਲਗਦੀਆਂ ਨੇ :

''ਤੂੜੀ ਤੰਦ ਸਾਂਭ. ਹਾੜ੍ਹੀ ਵੇਚ ਵੱਟ ਕੇ।
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ।
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।''

ਕੁਦਰਤੀ ਆਫਤਾਂ ਦੀ ਇਸ ਮਾਰ ਨਾਲ ਜੱਟ ਦੀ ਕੱਛ ਵਿੱਚੋਂ ਵੰਝਲੀ ਡਿਗ ਪਈ ਹੈ। ਉਸਦੀਆਂ ਅੱਖਾਂ ਵਿੱਚੋਂ ਉਸਦੀ ਤਕਦੀਰ ਅਤੇ ਭਵਿੱਖ ਦਆਂ ਚਿੰਤਾਵਾਂ ਦੇ ਅਥਰੂ ਡੁਲ ਰਹੇ ਨੇ।

# ਨਸ਼ਿਆਂ ਦਾ ਕਾਰੋਬਾਰ: ਆਪਣੀ ਪੀੜ੍ਹੀ ਹੇਠ ਸੋਟਾ ਨਹੀ ਫੇਰ ਰਹੀ ਪੰਜਾਬ ਸਰਕਾਰ

**ਚੰਡੀਗੜ੍ਹ–** ਪੰਜਾਬ ਸਰਕਾਰ ਲਈ ਸ਼ਰਾਬ ਵਾਂਗ ਭੰਗ ਵੀ ਕਮਾਈ ਦਾ ਸਾਧਨ ਬਣੀ ਹੋਈ ਹੈ। ਭੰਗ ਖ਼ਤਰਨਾਕ ਨਸ਼ਿਆਂ ਵਿੱਚ ਸ਼ੁਮਾਰ ਹੈ ਤੇ ਕਈ ਮੁਲਕਾਂ ਵਿੱਚ ਇਸ 'ਤੇ ਪਾਬੰਦੀ ਹੈ। ਗਾਂਜਾ ਅਤੇ ਹਸ਼ੀਸ਼ ਨਾਮੀ ਨਸ਼ੀਲੇ ਪਦਾਰਥ ਭੰਗ ਤੋਂ ਤਿਆਰ ਹੁੰਦੇ ਹਨ। ਆਬਕਾਰੀ ਵਿਭਾਗ ਮੁਤਾਬਕ ਭੰਗ ਦਾ ਪੰਜਾਬ ਵਿੱਚ ਸਿਰਫ਼ ਇੱਕੋ ਠੇਕਾ ਦਿੱਤਾ ਜਾਂਦਾ ਹੈ। ਇਹ ਠੇਕਾ ਹੁਸ਼ਿਆਰਪੁਰ ਵਿੱਚ ਸਥਿਤ ਹੈ।

ਸਰਕਾਰ ਵੱਲੋਂ ਲੰਘੇ ਮਾਲੀ ਸਾਲ ਦੌਰਾਨ ਭੰਗ ਤੋਂ 3 ਲੱਖ 10 ਹਜ਼ਾਰ ਰੁਪਏ ਦੀ ਕਮਾਈ ਕੀਤੀ ਗਈ ਸੀ ਤੇ ਚਲੰਤ ਮਾਲੀ ਸਾਲ ਦੌਰਾਨ ਵੀ ਇਹ ਠੇਕਾ ਪਹਿਲਾਂ ਵਾਲੀ ਕੀਮਤ 'ਤੇ ਹੀ ਦਿੱਤਾ ਜਾਣਾ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਭੰਗ ਦੀ ਪੰਜਾਬ ਵਿੱਚ ਪਾਬੰਦੀ ਨਹੀਂ ਹੈ। ਭੰਗ ਦੇ ਪੌਦੇ ਪੂਰੇ ਪੰਜਾਬ ਵਿੱਚ ਦੇਖੇ ਜਾ ਸਕਦੇ ਹਨ। ਆਬਕਾਰੀ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਭੰਗ ਜ਼ਿਆਦਾ ਹੁੰਦੀ ਹੈ। ਇਸ ਲਈ ਇੱਕੋ ਥਾਂ ਠੇਕਾ ਦੇ ਦਿੱਤਾ ਜਾਂਦਾ ਹੈ। ਭੰਗ ਦੇ ਇਸ ਠੇਕੇ ਤੋਂ ਦੇਸ਼ ਦੇ ਹੋਰ ਸੂਬਿਆਂ ਨੂੰ ਇਹ ਨਸ਼ਾ ਸਪਲਾਈ ਕੀਤਾ ਜਾਂਦਾ ਹੈ। ਜ਼ਿਕਰਯੋਗ ਹੈ ਕਿ ਰਾਜ ਸਰਕਾਰ ਵੱਲੋਂ ਗੁਆਂਢੀ ਸੂਬੇ ਰਾਜਸਥਾਨ ਵਿੱਚ ਭੁੱਕੀ ਅਤੇ ਅਫ਼ੀਮ ਦੇ ਠੇਕੇ ਬੰਦ ਕਰਨ ਦੀ ਦੁਹਾਈ ਦਿੱਤੀ ਜਾਂਦੀ ਹੈ ਪਰ ਸਰਕਾਰ ਦੀ ਆਬਕਾਰੀ ਨੀਤੀ ਸਰਕਾਰ ਦੀ ਨਸ਼ਿਆਂ ਪ੍ਰਤੀ ਨੀਅਤ ਦਾ ਖੁਲਾਸਾ ਕਰਦੀ ਹੈ।

ਆਬਕਾਰੀ ਵਿਭਾਗ ਮੁਤਾਬਕ ਹੁਸ਼ਿਆਰਪੁਰ ਜ਼ਿਲ੍ਹੇ 'ਚ ਹਿਮਾਚਲ ਪ੍ਰਦੇਸ਼ ਨਾਲ ਲਗਦੀ ਇਕ ਡਰੇਨ ਜਿਸ ਨੂੰ ਭੰਗੀ ਚੋਅ ਕਿਹਾ ਜਾਂਦਾ ਹੈ ਦੇ ਆਸਪਾਸ ਦੀ ਜ਼ਮੀਨ 'ਤੇ ਕਈ ਕਿਸਾਨਾਂ ਵੱਲੋਂ ਭੰਗ ਦੀ ਖੇਤੀ ਕੀਤੀ ਜਾਂਦੀ ਹੈ। ਸਰਕਾਰ ਵੱਲੋਂ ਪਾਬੰਦੀ ਨਾ ਲਾਏ ਹੋਣ ਕਾਰਨ ਇਸ ਨਸ਼ੇ ਦੀ ਖੇਤੀ ਦੀ ਕੋਈ ਰੁਕਾਵਟ ਨਹੀਂ ਹੈ। ਉਂਜ ਵਾਧੂ ਜ਼ਮੀਨਾਂ ਅਤੇ ਸੜਕਾਂ ਦੇ ਕੰਢੇ ਭੰਗ ਆਪ ਮੁਹਾਰੀ ਵੀ ਉੱਗ ਜਾਂਦੀ ਹੈ। ਵਿਭਾਗ ਮੁਤਾਬਕ ਇਸ ਖੇਤਰ ਵਿੱਚ ਭੰਗ ਜ਼ਿਆਦਾ ਹੁੰਦੀ ਹੈ ਅਤੇ ਤਕਰੀਬਨ 100 ਏਕੜ ਦੇ ਕਰੀਬ ਜ਼ਮੀਨ ਵਿੱਚ ਭੰਗ ਦੇ ਪੌਦੇ ਹੁੰਦੇ ਹਨ। ਵਿਭਾਗ ਵੱਲੋਂ ਹਰ ਸਾਲ ਪਰਚੀ ਸਿਸਟਮ ਰਾਹੀਂ ਭੰਗ ਵੇਚਣ ਦਾ ਠੇਕਾ ਦਿੱਤਾ ਜਾਂਦਾ ਹੈ। ਇਸ ਨੂੰ ਵੀ 'ਇਤਫਾਕ' ਹੀ ਕਿਹਾ ਜਾ ਸਕਦਾ ਹੈ ਕਿ ਕਈ ਸਾਲਾਂ ਤੋਂ ਭੰਗ ਦੇ ਠੇਕੇ ਦੀ ਲਾਟਰੀ ਇੱਕੋ ਫਰਮ ਦੀ ਨਿਕਲ ਰਹੀ ਹੈ। ਭੰਗ ਦੀ ਕਟਾਈ ਕਰ ਕੇ ਸੁੱਕੀ ਭੰਗ ਪੈਕੇਟਾਂ ਰਾਹੀਂ ਦੂਜੇ ਰਾਜਾਂ ਨੂੰ ਸਪਲਾਈ ਕੀਤੀ ਜਾਂਦੀ ਹੈ।

ਸਬੰਧਤ ਅਧਿਕਾਰੀਆਂ ਦਾ ਇਹ ਵੀ ਦੱਸਣਾ ਹੈ ਕਿ ਆਮ ਤੌਰ 'ਤੇ ਭੰਗ ਦੀ ਮੰਗ ਦਵਾਈਆਂ ਦੀ ਵਰਤੋਂ ਵਿੱਚ ਕੀਤੀ ਜਾਂਦੀ ਹੈ ਤੇ ਦਵਾਈਆਂ ਦੀਆਂ ਫੈਕਟਰੀਆਂ ਵੱਲੋਂ ਹੀ ਪੰਜਾਬ ਵਿੱਚੋਂ ਭੰਗ ਦੀ ਖ਼ਰੀਦ ਕੀਤੀ ਜਾਂਦੀ ਹੈ। ਅਧਿਕਾਰੀਆਂ ਦਾ ਦੱਸਣਾ ਹੈ ਕਿ ਜਿਸ ਵੀ ਅਧਿਕਾਰਤ ਵਿਅਕਤੀ ਜਾਂ ਫਰਮ ਨੂੰ ਭੰਗ ਦਾ ਠੇਕਾ ਦਿੱਤਾ ਜਾਂਦਾ ਹੈ, ਉਹ ਫਰਮ ਪੂਰੇ ਪੰਜਾਬ ਵਿੱਚੋਂ ਭੰਗ ਦੀ ਕਟਾਈ ਕਰ ਕੇ ਵੇਚਣ ਦਾ ਅਧਿਕਾਰ ਰੱਖਦੀ ਹੈ।

ਪੰਜਾਬ ਸਮੇਤ ਭਾਰਤ ਦੇ ਤਕਰੀਬਨ ਸਾਰੇ ਰਾਜਾਂ ਵਿੱਚ ਭੰਗ ਦੀ ਫਸਲ, ਵਰਤੋਂ ਅਤੇ ਵੇਚਣ 'ਤੇ ਕੋਈ ਪਾਬੰਦੀ ਨਹੀਂ ਹੈ। ਪੰਜਾਬ ਵਿੱਚ ਸੁੱਖੇ ਦੇ ਪਕੌੜੇ ਆਮ ਮਿਲ ਜਾਂਦੇ ਹਨ। ਅਹਿਮ ਤੱਥ ਇਹ ਵੀ ਹੈ ਕਿ ਆਸਟਰੇਲੀਆ ਅਤੇ ਕੈਨੇਡਾ ਵਰਗੇ ਮੁਲਕਾਂ ਨੇ ਇਸ ਨਸ਼ੇ 'ਤੇ ਪਾਬੰਦੀ ਲਾਈ ਹੋਈ ਹੈ। ਇਸ ਨਸ਼ੇ ਨੂੰ ਰੱਖਣ ਵਾਲਾ ਵਿਅਕਤੀ ਉਨ੍ਹਾਂ ਮੁਲਕਾਂ ਵਿੱਚ ਸਖ਼ਤ ਸਜ਼ਾ ਦਾ ਹੱਕਦਾਰ ਹੈ। ਵਿਕੀਪੀਡੀਆ ਤੋਂ ਹਾਸਲ ਜਾਣਕਾਰੀ ਮੁਤਾਬਕ ਭੰਗ ਦੇ ਪੌਦੇ ਤੇ ਪੱਤਿਆਂ ਤੋਂ ਹੀ ਗਾਂਜਾ ਅਤੇ ਹਸ਼ੀਸ਼ ਵਰਗੇ ਨਸ਼ੀਲੇ ਪਦਾਰਥ ਤਿਆਰ ਕੀਤੇ ਜਾਂਦੇ ਹਨ। ਗਾਂਜਾ ਅਤੇ ਹਸ਼ੀਸ਼ ਕੌਮਾਂਤਰੀ ਮਾਰਕੀਟ ਵਿੱਚ ਮਹਿੰਗੇ ਨਸ਼ੇ ਮੰਨੇ ਜਾਂਦੇ ਹਨ।

## ਗਦਰੀ ਬਾਬਾ ਹਰਜ਼ਾਪ ਸਿੰਘ ਲਿਖਤ 'ਜੇਲ ਡਾਇਰੀ ਤੇ ਹੋਰ ਲਿਖਤਾਂ' ਪੁਸਤਕ ਰਿਲੀਜ਼

**ਮਾਹਿਲਪੁਰ (ਸ਼ਿਵ ਕੁਮਾਰ ਬਾਵਾ)–** ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਚ ਕਰਵਾਏ ਗਏ ਸਮਾਰੋਹ ਦੌਰਾਨ ਦੇਸ਼ ਭਗਤ ਗਦਰੀ ਬਾਬੇ ਹਰਜ਼ਾਪ ਸਿੰਘ ਵਲੋਂ ਲਿਖਤ 'ਜੇ੍ਲ ਡਾਇਰੀ ਤੇ ਹੋਰ ਲਿਖਤਾਂ' ਪੁਸਤਕ ਰਿਲੀਜ਼ ਕੀਤੀ ਗਈ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਿੱਖ ਵਿਦਿਅਕ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਪ੍ਰਿੰਸੀਪਲ ਜੱਗ ਸਿੰਘ, ਦੇਸ਼ ਭਗਤ ਯਾਦਗਾਰ ਹਾਲ ਦੇ ਅਹੁੱਦੇਦਾਰ ਅਮੋਲਕ ਸਿੰਘ ਅਤੇ ਚਰੰਜੀ ਲਾਲ ਕੰਗਣੀਵਾਲ ਹਾਜ਼ਰ ਸਨ। ਇਸ ਮੌਕੇ ਪੁਸਤਕ ਸਬੰਧੀ ਪਰਚਾ ਪੇਸ਼ ਕਰਦਿਆਂ ਲੇਖਕ ਬੂਟਾ ਸਿੰਘ ਨੇ ਕਿਹਾ ਕਿ ਗਦਰੀ ਬਾਬਾ ਹਰਜਾਪ ਸਿੰਘ ਭਾਰਤ ਦੀ ਅਜ਼ਾਦੀ ਦੇ ਸੰਘਰਸ਼ਸ਼ੀਲ ਯੋਧੇ ਸਨ। ਉਹਨਾਂ ਵਲੋਂ ਆਪਣੇ ਜੇਲ੍ਹ ਜੀਵਨ ਦੇ ਸਫਰ ਦੌਰਾਨ ਲਿਖੀ ਇਹ ਲਿਖਤ ਅਜ਼ਾਦੀ ਸੰਗਰਾਮ ਦਾ ਵਿਲੱਖਣ ਦਸਤਾਵੇਜ਼ ਹੈ। ਉਹਨਾਂ ਕਿਹਾ ਕਿ ਗਦਰ ਲਹਿਰ ਨੂੰ ਦੇਸ਼ਾਂ ਵਿਦੇਸ਼ਾਂ ਵਿਚ ਪੰਜਾਬ ਦੀ ਧਰਤੀ ' ਤੇ ਫੈਲਾਉਣ ਸਬੰਧੀ ਹਰਜਾਪ ਸਿੰਘ ਦਾ ਯੋਗਦਾਨ ਮਹੱਤਵਪੂਰਨ ਹੈ ਪ੍ਰੰਤੂ ਇਸ ਸਮੇਂ ਦੀਆਂ ਸਰਕਾਰਾਂ ਨੇ ਅਜਿਹੇ ਸੂਰਬੀਰਾਂ ਦੇ ਮਹੱਤਵ ਨੂੰ ਅੱਖੋਂ ਪਰੋਖੇ ਕੀਤਾ ਹੋਇਆ ਹੈ। ਇਸ ਮੌਕੇ ਅਮੋਲਕ ਸਿੰਘ ਨੇ ਕਿਹਾ ਕਿ ਗਦਰੀ ਬਾਬਾ ਹਰਜਾਪ ਸਿੰਘ ਦੀ ਵਿਚਾਰਧਾਰਾ ਹਰ ਯੁੱਗ ਵਿਚ ਪ੍ਰਸੰਸਕ ਹੈ। ਉਹਨਾ ਕਿਹਾ ਕਿ ਅੱਜ ਦੇ ਸਮੇਂ ਜਦੋਂ ਦੇਸ਼ ਪੂੰਜੀਵਾਦੀ ਤਾਕਤਾਂ ਤੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਚਲਾ ਗਿਆ ਹੈ ਤਾਂ ਦੇਸ਼ ਨੂੰ ਇਕ ਹੋਰ ਗਦਰ ਦੀ ਲੋੜ ਹੈ। ਉਹਨਾਂ ਕਾਲਜ ਦੇ ਵਿਦਿਆਰਥੀਆਂ ਨੂੰ ਇਨਕਲਾਬੀ ਵਿਰਾਸਤ ਨਾਲ ਜੁੜਨ ਦਾ ਸੱਦਾ ਦਿੱਤਾ ਅਤੇ ਬਹੁਰਾਸ਼ਟਰੀ ਕੰਪਨੀਆਂ ਦੁਆਰਾ ਸੂਚਨਾ ਸੰਚਾਰ ਦੇ ਸਾਧਨਾਂ ਦੀ ਮਦਦ ਨਾਲ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾਉਣ ਦੀਆਂ ਸਾਜਿਸ਼ਾਂ ਬਾਰੇ ਜਾਗਰੂਕ ਕੀਤਾ। ਇਤਿਹਾਸਕਾਰ ਚਰੰਜ਼ੀ ਲਾਲ ਕੰਗਣੀਵਾਲ ਨੇ ਕਿਹਾ ਕਿ 'ਭਾਰਤ ਦੇ ਇਤਿਹਾਸ ਵਿਚ 1913 ਵਿਚ ਉਠੀ ਗਦਰ ਲਹਿਰ ਦਾ ਯੋਗਦਾਨ ਵਿਲੱਖਣ ਹੈ ਤੇ ਅਨੇਕਾਂ ਗੱਦਰੀ ਬਾਬੇ ਤੇ ਉਹਨਾਂ ਦੇ ਪਰਿਵਾਰ ਸਰਕਾਰ ਦੀ ਅਣਦੇਖੀ ਕਾਰਨ ਹਾਸ਼ੀਏ ਤੇ ਹਨ। ਉਹਨਾਂ ਬਾਬਾ ਹਰਜਾਪ ਸਿੰਘ ਦੇ ਜੀਵਨ ਸੰਘਰਸ਼ ਤੇ ਵਿਚਾਰਧਾਰਾ ਬਾਰੇ ਚਾਨਣਾ ਪਾਇਆ। ਇਸ ਮੌਕੇ ਐਸ ਜੀ ਪੀ ਸੀ ਮੈਂਬਰ ਰਣਜੀਤ ਕੌਰ ਮਾਹਿਲਪੁਰੀ, ਬਾਬਾ ਹਰਜਾਪ ਸਿੰਘ ਦੀ ਪੁੱਤਰੀ ਬੀਬੀ ਗੁਰਮੀਤ ਕੌਰ, ਇਕਬਾਲ ਸਿੰਘ ਧਾਮੀ, ਹਰਦੇਵ ਸਿੰਘ, ਹਰਜੀਤ ਸਿੰਘ ਨਾਗਰਾ, ਗੁਰਦੇਵ ਸਿੰਘ ਖੜੌਦੀ, ਡਾਕਟਰ ਗਿਆਨ ਕੌਰ, ਅਵਤਾਰ ਲੰਗੇਰੀ, ਪ੍ਰੋ ਕੁਲਵਰਨ ਸਿੰਘ, ਪ੍ਰੋ ਜੇ ਬੀ ਸੇਖੋਂ , ਪ੍ਰੋ ਪ੍ਰਮਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਕਾਲਜ ਦੇ ਵਿਦਿਆਰਥੀ ਹਾਜਰ ਸਨ। ਪ੍ਰੋ ਅਪਿੰਦਰ ਸਿੰਘ ਮਾਹਿਲਪੁਰੀਨੇ ਸਮੂਹ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ ਅਤੇ ਮੰਚ ਸੰਚਾਲਨ ਪ੍ਰੋ ਅਜੀਤ ਲੰਗੇਰੀ ਨੇ ਬਾਖੂਬੀ ਕੀਤਾ।



## ਹਾਈ ਕੋਰਟ ਵੱਲੋਂ ਮੁਹੰਮਦ ਸਦੀਕ ਦੀ ਚੋਣ ਰੱਦ

**ਚੰਡੀਗੜ੍ਹ–** ਪੰਜਾਬ ਕਾਂਗਰਸ ਨੂੰ ਅੱਜ ਝਟਕਾ ਵੱਜਿਆ ਜਦੋਂ ਹਾਈ ਕੋਰਟ ਨੇ ਪਾਰਟੀ ਦੇ ਭਦੌੜ ਹਲਕੇ ਤੋਂ ਵਿਧਾਇਕ ਮੁਹੰਮਦ ਸਦੀਕ ਦੀ ਮੈਂਬਰੀ ਖਾਰਜ ਕਰ ਦਿੱਤੀ। ਇਸ ਨਾਲ 117 ਮੈਂਬਰੀ ਵਿਧਾਨ ਸਭਾ ਵਿੱਚ ਕਾਂਗਰਸ ਦੀ ਗਿਣਤੀ ਘਟ ਕੇ 42 ਰਹਿ ਗਈ ਹੈ। ਅਦਾਲਤ ਨੇ ਫੈਸਲਾ ਇਸ ਗੱਲ ਨੂੰ ਆਧਾਰ ਬਣਾ ਕੇ ਕੀਤਾ ਕਿ ਸਦੀਕ ਮੁਸਲਿਮ ਹੋਣ ਦੇ ਨਾਤੇ ਅਨੁਸੂਚਿਤ ਜਾਤੀਆਂ ਦੇ ਹੱਕ ਲੈਣ ਦਾ ਪਾਤਰ ਨਹੀਂ ਹੈ। ਸਦੀਕ ਨੇ 2012 ਦੀ ਵਿਧਾਨ ਸਭਾ ਚੋਣ ਭਦੌੜ ਰਾਖਵੇਂ ਹਲਕੇ ਤੋਂ ਲੜੀ ਸੀ ਅਤੇ ਉਨ੍ਹਾਂ ਅਕਾਲੀ ਦਲ ਦੇ ਉਮੀਦਵਾਰ ਅਤੇ ਰਾਜ ਦੇ ਸਾਬਕਾ ਪ੍ਰਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਨੂੰ 7000 ਤੋਂ ਵੱਧ ਵੋਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਸੀ। ਅਕਾਲੀ ਉਮੀਦਵਾਰ ਨੇ ਥੋੜ੍ਹੀ ਦੇਰ ਬਾਅਦ ਹੀ ਮੁਹੰਮਦ ਸਦੀਕ ਦੀ ਚੋਣ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਇਸ ਮੁਤੱਲਕ ਪੰਜ ਮੁੱਦੇ ਤੈਅ ਕੀਤੇ ਸਨ। ਇਸ ਵਿੱਚ ਇਹ ਵੀ ਸ਼ਾਮਲ ਸੀ ਕਿ ਮੁਸਲਿਮ ਹੋਣ ਦੇ ਨਾਤੇ ਮੁਹੰਮਦ ਸਦੀਕ ਨੂੰ ਅਨੁਸੂਚਿਤ ਜਾਤੀਆਂ ਲਈ ਰਾਖਵੇਂ ਹਲਕੇ ਤੋਂ ਚੋਣ ਲੜਨ ਦਾ ਹੱਕ ਨਹੀ ਸੀ। ਦਰਬਾਰਾ ਸਿੰਘ ਗੁਰੂ ਨੇ ਦਲੀਲ ਦਿੱਤੀ ਸੀ ਕਿ ਇਕ ਅਜਿਹਾ ਉਮੀਦਵਾਰ ਜੋ ਹਿੰਦੂ, ਸਿੱਖ ਜਾਂ ਬੁੱਧ ਮੱਤ ਨਾਲ ਸਬੰਧਤ ਨਹੀਂ ਹੈ, ਉਹ ਰਾਖਵੇਂ ਕੋਟੇ ਦੇ ਲਾਭ ਲੈਣ ਦਾ ਦਾਅਵਾ ਨਹੀਂ ਕਰ ਸਕਦਾ। ਦੂਜੇ ਬੰਨ੍ਹੇ ਸਦੀਕ ਨੇ ਦਾਅਵਾ ਕੀਤਾ ਸੀ ਕਿ ਉਹ ਸਿੱਖ ਧਰਮ ਦਾ ਅਨੁਯਾਈ ਹੈ। ਉਨ੍ਹਾਂ ਕਿਹਾ ਸੀ ਕਿ ਭਾਵੇਂ ਉਨ੍ਹਾਂ ਦੀ ਮਾਂ ਮੁਸਲਮਾਨ ਸੀ ਪਰ ਉਨ੍ਹਾਂ ਕਦੇ ਵੀ ਇਸਲਾਮ ਦੀ ਪਾਲਣਾ ਨਹੀਂ ਕੀਤੀ ਸੀ ਸਗੋਂ ਉਹ ਹਮੇਸ਼ਾ ਸਿੱਖ ਧਰਮ ਨੂੰ ਮੰਨਦਾ ਰਿਹਾ ਜਿਸ ਕਰਕੇ ਉਹ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੈ। ਦੋਵਾਂ ਧਿਰਾਂ ਦੀਆਂ ਦਲੀਲਾਂ ਤੇ ਸਬੂਤਾਂ ਦੀ ਸੁਣਵਾਈ ਤੋਂ ਬਾਅਦ ਜਸਟਿਸ ਸਾਂਘੀ ਨੇ ਲੰਘੀ 21 ਜਨਵਰੀ ਨੂੰ ਆਪਣਾ ਫੈਸਲਾ ਰਾਖਵਾਂ ਕਰ ਲਿਆ ਸੀ। ਅੱਜ ਉਨ੍ਹਾਂ ਪਟੀਸ਼ਨ ਪ੍ਰਵਾਨ ਕਰਦਿਆਂ ਆਖਿਆ ਕਿ ਸਦੀਕ ਮੁਸਲਿਮ ਹੋਣ ਦੇ ਨਾਤੇ ਰਾਖਵੇਂ ਹਲਕੇ ਤੋਂ ਚੋਣ ਨਹੀਂ ਲੜ ਸਕਦਾ। ਅਦਾਲਤ ਨੇ ਇਹ ਵੀ ਕਿਹਾ ਕਿ ਸਦੀਕ ਇਹ ਵੀ ਸਿੱਧ ਕਰਨ 'ਚ ਨਾਕਾਮ ਰਿਹਾ ਕਿ ਨਾਮਜ਼ਦਗੀ ਕਾਗਜ਼ਾਂ ਦੀ ਪੜਤਾਲ ਤੋਂ ਪਹਿਲਾਂ ਉਸ ਨੇ ਸਿੱਖ ਧਰਮ ਆਪਣਾ ਲਿਆ ਸੀ।




ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ / ਯੂਬਾ ਸਿਟੀ ਵਲੋਂ ਸੱਦਾ-ਪੱਤਰ

ਹਰ ਸਾਲ ਦੀ ਤਰ੍ਹਾਂ ਮਿਤੀ 9 ਮਈ 2015 ਨੂੰ ਮਾਂ-ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਅਤੇ ਪੰਜਾਬੀ ਸਭਿਆਚਾਰ ਦੇ ਮੁਦੱਈਆਂ ਵਲੋਂ, ਕੈਲੀਫੋਰਨੀਆ ਦੇ ਸਾਰੇ ਸਾਹਿਤਕਾਰਾਂ ਦੇ ਸਹਿਯੋਗ ਨਾਲ ਸਤਾਰਵੀਂ ਸਾਲਾਨਾ ਕਾਨਫਰੰਸ ਦਾ ਆਯੋਜਨ ਕੀਤਾ ਜਾ ਰਿਹਾ ਹੈ। ਆਪ ਜੀ ਦੀ ਸ਼ਮੂਲੀਅਤ ਅਤੀ ਜ਼ਰੂਰੀ ਹੈ। ਸਾਨੂੰ ਉਮੀਦ ਹੈ ਕਿ ਤੁਸੀਂ ਆਪਣੇ ਮਿੱਤਰਾਂ-ਪਿਆਰਿਆਂ ਤੇ ਪਰਿਵਾਰ ਸਹਿਤ ਜ਼ਰੂਰ ਪਧਾਰੋਗੇ।

ਸਥਾਨ: *Sangam Hall 2920 West Capitol Ave, West Sacramento CA 95691.*

ਪ੍ਰਧਾਨਗੀ: ਡਾ. ਉਂਕਾਰ ਸਿੰਘ ਬਿੰਦਰਾ ਜੀ ਕਰਨਗੇ।

ਵਿਸ਼ੇਸ਼ ਮਹਿਮਾਨ: ਸ੍ਰ. ਕੁਲਦੀਪ ਸਿੰਘ ਬੇਦੀ (ਮੈਗਜ਼ੀਨ ਐਡੀਟਰ ਜੱਗ ਬਾਣੀ), ਉਸਤਾਦ ਗ਼ਜ਼ਲਗੋ ਸ੍ਰ. ਹਰਭਜਨ ਸਿੰਘ ਬੈਂਸ, ਅਜ਼ਾਦ ਜਲੰਧਰੀ ਅਤੇ ਈਸ਼ਰ ਸਿੰਘ ਮੋਮਨ ਜੀ ਹੋਣਗੇ।

ਪ੍ਰੋਗਰਾਮਾਂ ਦੇ ਸੰਚਾਲਨ ਦਾ ਵੇਰਵਾ:-

ਕਹਾਣੀ ਦਰਬਾਰ: ਸਵੇਰੇ ਦਸ ਵਜੇ ਤੋਂ ਗਿਆਰਾਂ ਵਜੇ ਤੱਕ।

ਪਰਚੇ ਪੜ੍ਹਨ ਦਾ ਸਮਾਂ: ਗਿਆਰਾਂ ਤੋਂ ਸਾਢੇ ਗਿਆਰਾਂ ਵਜੇ ਤੱਕ।

ਪ੍ਰਧਾਨਗੀ ਭਾਸ਼ਨ ਤੇ ਹੋਰ ਮਹਿਮਾਨਾਂ ਦੇ ਵਿਚਾਰ ਸੁਣਾਂਗੇ: ਸਾਢੇ ਗਿਆਰਾਂ ਤੋਂ ਸਾਢੇ ਬਾਰਾਂ ਵਜੇ ਤੱਕ।

ਗੀਤ-ਸੰਗੀਤ: ਸਾਢੇ ਬਾਰਾਂ ਵਜੇ ਤੋਂ ਇਕ ਵਜੇ ਤੱਕ।

ਲੰਗਰ: ਇਕ ਤੋਂ ਡੇਢ ਵਜੇ ਤੱਕ।

ਉਪ੍ਰੰਤ: ਵਿਸ਼ੇਸ਼ ਮਨੋਰੰਜਨ ਪ੍ਰੋਗਰਾਮ, ਕਵੀ ਦਰਬਾਰ ਅਤੇ ਮਾਣ-ਸਨਮਾਨ ਸ਼ਾਮ ਛੇ ਵਜੇ ਤੱਕ।

ਨੋਟ: ਵੇਲੇ ਸਿਰ ਨਾ ਪਹੁੰਚਣ ਵਾਲੇ ਬੁਲਾਰਿਆਂ ਨੂੰ ਸਮਾਂ ਨਾ ਦੇਣ ਲਈ ਸਾਡੀ ਮਜ਼ਬੂਰੀ ਹੋਵੇਗੀ।

ਉਡੀਕਵਾਨ: ਪੰਜਾਬੀ ਸਾਹਿਤ ਸਭਾ ਦੀ ਕਾਰਜਕਾਰਨੀ, ਸਰਪ੍ਰਸਤ-ਮਹਿਮਾਨ ਤੇ ਸਮੂਹ ਮੈਂਬਰਾਨ।


Ratheshwar Singh Surapuri — ਡਾਇਰੈਕਟਰ

Dalvir Dil Nijjar — ਪ੍ਰਧਾਨ


## ਪਰਵਾਸੀ ਪੰਜਾਬੀ ਦੀ ਗਰਿਫਤਾਰੀ ਦਾ ਮਾਮਲਾ

### ਨਾਪਾ ਵਫਦ ਨੇ ਵਿਦੇਸ਼ ਸੈਕਟਰੀ ਪਾਸੋਂ ਕੀਤੀ ਰਿਹਾਈ ਦੀ ਮੰਗ

**ਸਾਂਨਫਰਾਂਸਿਸਕੋ (ਕੈਲੀਫੋਰਨੀਆ)–** ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਇਕ ਉਚ ਪੱਧਰੀ ਵਫਦ ਨੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਦੀ ਅਗਵਾਈ ਵਿਚ ਅਮਰੀਕਾ ਫੇਰੀ ਤੇ ਆਏ ਭਾਰਤ ਸਰਕਾਰ ਦੇ ਪਰਵਾਸੀ ਮਾਮਲਿਆਂ ਬਾਰੇ ਵਿਦੇਸ਼ ਸੈਕਟਰੀ ਸ਼੍ਰੀ ਸੁਨੀਲ ਸੋਨੀ ਆਈ.ਏ.ਐਸ ਨਾਲ ਕੌਂਸਲਰ ਜਨਰਲ ਆਫ ਇੰਡੀਆ ਸ਼੍ਰੀ ਵੈਂਕਟੇਸ਼ਨ ਅਸ਼ੋਕ ਦੇ ਗ੍ਰੀਹ ਵਿਖੇ ਹੋਈ ਇਕ ਡਿਨਰ ਮੀਟਿੰਗ ਦੌਰਾਨ ਜੋਰਦਾਰ ਪਰੋਟੈਸਟ ਪਰਗਟ ਕੀਤਾ ਕਿ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਉਪਰ ਝੂਠੇ ਤੇ ਮਨਘੜਤ ਮੁਕੱਦਮੇ ਦਰਜ ਕਰਕੇ ਉਹਨਾਂ ਦੇ ਮਨਾਂ ਅੰਦਰ ਡਰ ਤੇ ਸਹਿਮ ਦਾ ਵਾਤਾਵਰਣ ਪੈਦਾ ਕਰ ਰਹੀ ਹੈ ਤਾਂ ਕਿ ਇਹ ਪਰਵਾਸੀ ਪੰਜਾਬੀ ਪੰਜਾਬ ਵਿਚ ਆਪਣੀਆਂ ਜਮੀਨਾਂ ਜਾਇਦਾਦਾਂ ਦੀ ਦੇਖਭਾਲ ਲਈ ਪੰਜਾਬ ਨਾ ਆ ਸਕਣ। ਲੁਧਿਆਣਾ ਪੁਲੀਸ ਵਲੋਂ ਪਰਵਾਸੀ ਪੰਜਾਬੀ ਸ: ਰਵਿੰਦਰ-ਜੀਤ ਸਿੰਘ ਗੋਗੀ ਦੀ ਧਾਰਾ 107/151 ਅਧੀਨ ਕੀਤੀ ਗਈ ਗਰਿਫਤਾਰੀ ਤੋਂ ਬਾਅਦ ਪਿਛਲੇ ਇਕ ਮਹੀਨੇ ਤੋਂ ਲੁਧਿਆਣਾ ਦੀ ਕੇਂਦਰੀ ਜੇਲ ਵਿਚ ਨਜਰਬੰਦ ਕੀਤੇ ਜਾਣ ਦੀ ਉਦਾਹਰਣ ਦਿੰਦਿਆਂ ਨਾਪਾ ਵਫਦ ਨੇ ਕਿਹਾ ਕਿ ਰਵਿੰਦਰਜੀਤ ਸਿੰਘ ਗੋਗੀ ਦਾ ਕਸੂਰ ਸਿਰਫ ਇਤਨਾ ਹੀ ਹੈ ਕਿ ਉਹ ਕੈਲੀਫੋਰਨੀਆ ਵਿਚੋਂ ਆਪਣਾ ਕਾਰੋਬਾਰ ਪਿਛੇ ਛਡ ਕੇ ਆਪਣੇ ਬਜੁਰਗ ਪਿਤਾ ਦੀ ਸੇਹਤ ਦਾ ਹਾਲ ਚਾਲ ਪੁਛਲ ਲਈ ਪੰਜਾਬ ਗਿਆ ਸੀ।ਨਾਪਾ ਵਫਦ ਨੇ ਮੀਟਿੰਗ ਦੌਰਾਨ ਦਸਿਆ ਕਿ ਅਗਰ ਪੰਜਾਬ ਪੁਲੀਸ ਤੇ ਪੰਜਾਬ ਸਰਕਾਰ ਦਾ ਪਰਵਾਸੀ ਪੰਜਾਬੀਆਂ ਪ੍ਰਤੀ ਅਜਿਹਾ ਹੀ ਰਵੱਈਆ ਰਹੇਗਾ ਤਾਂ ਪਰਵਾਸੀ ਪੰਜਾਬੀ ਡਰ ਤੇ ਸਹਿਮ ਕਾਰਣ ਆਪਣੀ ਮਾਤ ਭੂਮੀ ਨਾਲੋਂ ਹਮੇਸ਼ਾਂ ਹਮੇਸ਼ਾਂ ਟੁਟ ਕੇ ਰਹਿ ਜਾਣਗੇ।



ਵਫਦ ਨੇ ਜੋਰਦਾਰ ਸ਼ਬਦਾਂ ਰਾਹੀਂ ਮੰਗ ਕੀਤੀ ਕਿ ਲੁਧਿਆਣਾ ਜੇਲ ਵਿਚ ਨਜਰਬੰਦ ਬੇਕਸੂਰ ਪਰਵਾਸੀ ਪੰਜਾਬੀ ਰਵਿੰਦਰਜੀਤ ਸਿੰਘ ਗੋਗੀ ਨੂੰ ਤੁਰੰਤ ਰਿਹਾ ਕੀਤਾ ਜਾਵੇ।ਵਫਦ ਨੂੰ ਧਿਆਨ ਨਾਲ ਸੁਣਨ ਤੋਂ ਬਾਅਦ ਸ਼੍ਰੀ ਸੋਨੀ ਨੇ ਵਫਦ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਵਾਪਸ ਭਾਰਤ ਜਾ ਕੇ ਇਸ ਮਸਲੇ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਨ ਦਾ ਯਤਨ ਕਰਨਗੇ।ਮੀਟਿੰਗ ਦੌਰਾਨ ਨਾਪਾ ਆਗੂ ਸ: ਸਤਨਾਮ ਸਿੰਘ ਚਾਹਲ, ਸ: ਸੰਤੋਖ ਸਿੰਘ ਜੱਜ ਤੋਂ ਇਲਾਵਾ ਸਾਂਨਫਰਾਂਸਿਸਕੋ ਸਥਿਤ ਭਾਰਤ ਦੇ ਰਾਜਦੂਤ ਵੈਂਕਟੇਸ਼ਨ ਅਸ਼ੋਕ ਵੀ ਹਾਜਰ ਸਨ

# "ਕਾਲੇ ਵਰਕੇ" ਲੋਕਾਰਪਣ ਅਤੇ ਗੋਸ਼ਟੀ

**ਕੁਰੁਕਸ਼ੇਤਰ–** ਪੰਜਾਬੀ ਸਾਹਿਤ ਸਭਾ, ਪੰਜਾਬੀ ਵਿਭਾਗ ਕੁਰੁਕਸ਼ੇਤਰ ਯੂਨੀਵਰਸਿਟੀ ਕੁਰੁਕਸ਼ੇਤਰ ਵਲੋਂ ਜਰਨੈਲ ਸਿੰਘ ਦੇ ਨਵੇਂ ਕਹਾਣੀ ਸੰਗ੍ਰਹਿ 'ਕਾਲੇ ਵਰਕੇ' ਦਾ ਲੋਕਾਰਪਣ ਕੀਤਾ ਗਿਆ ਅਤੇ ਇਸ ਉਪਰ ਗੋਸ਼ਟੀ ਦਾ ਆਯੋਜਨ ਵੀ ਕੀਤਾ ਗਿਆ। ਗੋਸ਼ਟੀ ਦੀ ਪ੍ਰਧਾਨਗੀ ਕਰਦਿਆਂ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਜਿੱਥੋਂ ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ ਟਾਵਰਜ਼ ਦਾ ਸਮਾਪਨ ਹੁੰਦਾ ਹੈ ਉੱਥੋਂ ਹੀ ਕਾਲੇ ਵਰਕੇ ਸੰਗ੍ਰਹਿ ਅਗਾਂਹ ਤੁਰਦਾ ਹੈ। ਉਨ੍ਹਾਂ ਨੇ ਕਾਲੇ ਵਰਕੇ ਸੰਗ੍ਰਹਿ ਦੇ ਸਰੋਕਾਰਾਂ ਨੂੰ ਸਮੁੱਚੀ ਮਾਨਵਤਾ ਤਕ ਫੈਲਦਿਆਂ ਦੱਸਿਆ ਅਤੇ ਨਾਲ ਹੀ ਸਮੁੱਚੇ ਸੈਮੀਨਾਰ ਵਿਚ ਪੇਸ਼ ਹੋਏ ਵਿਚਾਰਾਂ ਨੂੰ ਸੂਤਰਬੱਧ ਵੀ ਕੀਤਾ। ਸੈਮੀਨਾਰ ਦੇ ਆਰੰਭ ਵਿਚ ਆਪਣੇ ਸਵਾਗਤੀ ਭਾਸ਼ਣ ਵਿਚ ਡੀਨ ਲੈਂਗੁਏਜਿਜ਼ ਐਂਡ ਆਰਟ ਅਤੇ ਪੰਜਾਬੀ ਵਿਭਾਗ ਦੇ ਚੇਅਰਮੈਨ ਡਾ. ਰਾਜਿੰਦਰ ਸਿੰਘ ਭੱਟੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਟਾਵਰਜ਼ ਸੰਗ੍ਰਹਿ ਵਾਂਗ ਕਾਲੇ ਵਰਕੇ ਸੰਗ੍ਰਹਿ ਉਪਰ ਗੋਸ਼ਟੀ ਦਾ ਆਯੋਜਨ ਵੀ ਉਨ੍ਹਾਂ ਦੀ ਯੂਨੀਵਰਸਿਟੀ ਵਿਚ ਹੋਇਆ ਹੈ। ਡਾ. ਸਰਬਜੀਤ ਸਿੰਘ ਨੇ ਆਪਣੇ ਪੇਪਰ ਵਿਚ ਕਿਹਾ ਕਿ ਜਰਨੈਲ ਸਿੰਘ ਦੀਆਂ ਕਹਾਣੀਆਂ ਦਾ ਵਸਤੂ ਯਥਾਰਥ ਵਿਕਸਿਤ ਪੂੰਜੀਵਾਦ ਦੀਆਂ ਉਨ੍ਹਾਂ ਮਹੀਨ ਪਰਤਾਂ ਨੂੰ ਫੜਨ ਵਿਚ ਹੈ ਜਿਨ੍ਹਾਂ ਨੇ



ਮਨੁੱਖੀ ਅਵਚੇਤਨ ਤਕ ਰਸਾਈ ਕਰਕੇ ਇਕ ਅਜਿਹੇ ਮਨੁੱਖ ਨੂੰ ਸਿਰਜਿਆ ਹੈ ਜਿਹੜਾ ਮਾਨਵੀ ਗੌਰਵ ਅਤੇ ਮਾਨਵੀ ਗੁਣਾਂ ਤੋਂ ਵੰਚਿਤ ਹੈ। ਪੜ੍ਹੇ ਗਏ ਦੂਸਰੇ ਪਰਚੇ ਵਿਚ ਡਾ. ਗੁਰਪਾਲ ਸਿੰਘ ਸੰਧੂ ਨੇ ਕਿਹਾ ਕਿ ਕਾਲੇ ਵਰਕੇ ਸੰਗ੍ਰਹਿ ਦੀਆਂ ਕਹਾਣੀਆ ਸਮਕਾਲੀ ਪ੍ਰਵਾਸੀ ਅਤੇ ਪੰਜਾਬੀ ਕਹਾਣੀ ਦੇ ਨਵੇਂ ਦ੍ਰਿਸ਼ਾਂ ਦੀ ਸਿਰਜਣਾ ਕਰਦੀਆਂ ਹਨ। ਡਾ. ਸੰਧੂ ਅਨੁਸਾਰ ਇਨ੍ਹਾਂ ਕਹਾਣੀਆਂ ਵਿਚ ਮਨੁੱਖੀ ਹੋਂਦ ਅਤੇ ਮਾਨਵੀ ਸਰੋਕਾਰਾਂ ਦੇ ਵਿਸਥਾਪਨ ਦੀ ਨਿਸ਼ਾਨਦੇਹੀ ਹੁੰਦੀ ਹੈ। ਵਿਚਾਰ ਚਰਚਾ ਵਿਚ ਹਿੱਸਾ ਲੈਂਦਿਆਂ ਡਾ. ਬਲਦੇਵ ਸਿੰਘ ਧਾਲੀਵਾਲ ਨੇ ਇਸ ਗੱਲ ਉਪਰ ਜੋਰ ਦਿੱਤਾ ਕਿ ਜਰਨੈਲ ਸਿੰਘ ਦੀਆਂ ਕਹਾਣੀਆਂ ਮੁੱਖ ਤੌਰ ਤੇ ਸਮੱਸਿਆ ਆਧਾਰਿਤ (ਇਸ਼ੂ ਬੇਸਡ) ਹਨ ਅਤੇ ਉਹ ਕਥਾਵਾਂ ਵਿਚ ਇਕ ਤਰ੍ਹਾਂ ਦਾ ਵਿਚਾਰਧਾਰਕ ਸੰਤੁਲਿਨ ਬਣਾਉਣ ਦਾ ਯਤਨ ਕਰਦਾ ਹੈ। ਪੰਜਾਬੀ ਵਿਭਾਗ ਦੇ ਪ੍ਰੋਫੈਸਰ ਡਾ. ਹਰਸਿਮਰਨ ਸਿੰਘ ਰੰਧਾਵਾ ਨੇ ਧੰਨਵਾਦੀ ਸ਼ਬਦ ਕਹਿੰਦਿਆਂ ਇਸ ਗੱਲ ਨੂੰ ਰੇਖਾਂਕਿਤ ਕੀਤਾ ਕਿ ਜਰਨੈਲ ਸਿੰਘ ਪਰਵਾਸੀ ਸਾਹਿਤ ਅਤੇ ਮੁੱਖ ਧਾਰਾ ਦੇ ਸਾਹਿਤ ਵਿਚ ਵੱਖਰਾ ਹੀ ਖੜ੍ਹਾ ਦਿਖਾਈ ਦਿੰਦਾ ਹੈ। ਸੈਮੀਨਾਰ ਦੀ ਸਮੁੱਚੀ ਕਾਰਵਾਈ ਡਾ. ਕੁਲਦੀਪ ਸਿੰਘ ਨੇ ਖ਼ੂਬਸੂਰਤ ਢੰਗ ਨਾਲ ਨਿਭਾਈ। ਸੈਮੀਨਾਰ ਵਿਚ ਡਾ. ਨਰਵਿੰਦਰ ਸਿੰਘ ਕੌਸ਼ਲ, ਡਾ. ਪਰਮਜੀਤ ਕੌਰ ਸਿੱਧੂ, ਡਾ. ਰਜਨੀ ਰਾਣੀ, ਡਾ. ਰਵਿੰਦਰ ਕੌਰ, ਡਾ. ਅਮਰਜੀਤ ਕੌਰ ਤੋਂ ਇਲਾਵਾ ਪੰਜਾਬੀ ਵਿਭਾਗ ਦੇ ਖੋਜਾਰਥੀਆਂ ਅਤੇ ਡੇਢ ਸੌ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਸੈਮੀਨਾਰ ਦਾ ਸਮੁੱਚਾ ਪ੍ਰਭਾਵ ਇਹ ਸੀ ਕਿ ਇਹ ਸਰੋਤਿਆਂ ਉਪਰ ਵਿਚਾਰਾਂ ਦੀ ਗਹਿਰਾਈ ਕਾਰਣ ਆਪਣੀ ਵੱਖਰੀ ਛਾਪ ਛੱਡ ਗਿਆ ਹੈ।

# ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ



**ਜਲੰਧਰ–** ਬੀਤੀ 31 ਮਾਰਚ ਨੂੰ ਸਰਕਾਰੀ ਮਿਡਲ ਸਕੂਲ ਚੱਕ ਗੁੱਜਰਾਂ ਵਿਚ ਸਲਾਨਾ ਇਨਾਮ ਵੰਡ ਸਮਾਰੋਹ ਹੋਇਆ, ਜਿਸ ਵਿਚ ਡੀ. ਈ. ਓ. ਐਲੀਮੈਂਟਰੀ ਅਤੇ ਐਸ. ਐਸ. ਏ ਦੇ ਕੋਆਰਡੀਨੇਟਰ ਸ੍ਰੀ ਸੁਦੇਸ਼ ਕੁਮਾਰ ਅਤੇ ਪਿੰਡ ਚੱਕ ਗੁੱਜਰਾਂ ਦੇ ਸਰਪੰਚ ਸ: ਮੋਹਣ ਸਿੰਘ ਲੇਹਲ ਅਤੇ ਐਸ ਐਸ ਸੀ. ਦੇ ਮੈਂਬਰ ਸ਼ਾਮਲ ਹੋਏ।

ਇਸ ਸਮਾਗਮ ਵਿਚ ਪਹਿਲੀ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਪਿੰਡ ਦੇ ਸਰਪੰਚ ਵੱਲੋਂ ਵੀ ਸਕੂਲ ਦੇ ਸਾਰੇ ਬੱਚਿਆਂ ਨੂੰ ਕਾਪੀਆਂ, ਪੈਨ ਅਤੇ ਪੈਨਸਿਲਾਂ ਵੰਡੀਆਂ ਗਈਆਂ। ਇਸ ਮੌਕੇ ਸ੍ਰੀ ਸੁਦੇਸ਼ ਕੁਮਾਰ ਨੇ ਬੱਚਿਆਂ ਨੂੰ ਹੋਰ ਮਿਹਨਤ ਕਰਨ ਦੀ ਸਿੱਖਿਆ ਦਿੱਤੀ। ਇਸ ਸਮਾਗਮ ਮੌਕੇ ਸਰਕਾਰੀ ਐਲੀਮੈਂਟਰੀ ਸਕੂਲ ਦਾ ਸਟਾਫ ਸਰਦਾਰ ਗੁਰਨਾਮ ਸਿੰਘ, ਸ੍ਰੀ ਓਮ ਪ੍ਰਕਾਸ਼, ਸ੍ਰੀਮਤੀ ਸਰਬਜੀਤ ਕੌਰ, ਸ੍ਰੀਮਤੀ ਅਰਚਨਾ ਡੋਗਰਾ ਅਤੇ ਸਰਕਾਰੀ ਮਿਡਲ ਸਕੂਲ ਦਾ ਸਟਾਫ ਸ੍ਰੀਮਤੀ ਬੰਧਨਾ ਸਿੱਧੂ, ਸ੍ਰੀਮਤੀ ਬਬੀਤਾ ਰਾਣੀ, ਸ੍ਰੀਮਤੀ ਵੀਰਾਂਵਾਲੀ ਅਤੇ ਸ੍ਰੀਮਤੀ ਵਨੀਤਾ ਠਾਕੁਰ ਜੀ ਵੀ ਹਾਜ਼ਰ ਸਨ।

# ਅੰਬੇਦਕਰ ਦੇ ਜਨਮ ਦਿਨ ਤੇ ਡਾਕ ਟਿਕਟ ਜਾਰੀ ਕਰਨ ਦੀ ਮੰਗ


**ਨਵੀਂ ਦਿੱਲੀ–** ਕਾਂਗਰਸ ਦੇ ਇਕ ਸਾਂਸਦ ਨੇ 14 ਅਪ੍ਰੈਲ ਨੂੰ ਭਾਰਤ ਰਤਨ ਡਾ. ਅੰਬੇਦਕਰ ਦੇ 125ਵੇਂ ਜਨਮ ਦਿਨ ਦੇ ਮੌਕੇ ਤੇ ਕੇਂਦਰ ਤੋਂ ਉਹਨਾਂ ਦੀ ਯਾਦ ਵਿਚ ਡਾਕ ਟਿਕਟ ਜਾਰੀ ਕਰਨ ਦੀ ਮੰਗ ਕੀਤੀ ਹੈ।

ਕਾਂਗਰਸ ਦੇ ਰਾਜ ਸਭਾ ਮੈਂਬਰ ਭਰਤਚੰਦਰ ਮੁੰਗੇਕਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਇਸ ਸਬੰਧ ਵਿਚ ਮੰਗ ਕੀਤੀ ਹੈ। ਉਹਨਾਂ ਕਿਹਾ ਕਿ ਮੈਂ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ 14 ਅਪ੍ਰੈਲ 2015 ਤੋਂ ਆਰੰਭ ਹੋ ਰਹੇ ਡਾ. ਅੰਬੇਦਕਰ ਜੀ ਦੇ ਜਨਮ ਦਿਨ ਦੇ ਮੌਕੇ ਤੇ ਡਾਕ ਟਿਕਟ ਅਤੇ ਸੋਨੇ ਦੇ ਸਿੱਕੇ ਜਾਰੀ ਕਰਨ ਦੀ ਮੰਗ ਕਰਦਾ ਹਾਂ।

ਮੁੰਗੇਕਰ ਨੇ ਕਿਹਾ ਕਿ ਡਾ. ਅੰਬੇਦਕਰ ਇੰਸਟੀਚਿਊਟ ਆਫ ਸੋਸ਼ਲ ਐਂਡ ਇਕਨਾਮਿਕ ਚੇਂਜ ਨੇ ਸਮਤਾ ਮੁਹਿੰਮ ਦੇ ਤਹਿਤ ਮਹਾਰਾਸ਼ਟਰ ਵਿਚ ਸਾਲ ਭਰ ਤੱਕ ਪ੍ਰੋਗਰਾਮ ਆਯੋਜਿਤ ਕਰਨ ਦੀ ਯੋਜਨਾ ਬਣਾਈ ਹੈ, ਜਿਸਦੇ ਉਹ ਸੰਸਥਾਪਕ ਅਤੇ ਪ੍ਰਧਾਨ ਹਨ।

# ਕਾਲੇ ਵਿਅਕਤੀ ਦੀ ਹੱਤਿਆ ਕਰਨ ਵਾਲਾ ਪੁਲਿਸ ਕਰਮਚਾਰੀ ਗ੍ਰਿਫਤਾਰ

**ਸਾਊਥ ਕੈਰੋਲਿਨਾ–** ਅਮਰੀਕਾ ਦੇ ਸਾਊਥ ਕੈਰੋਲਿਨਾ ਵਿਚ ਇਬ ਗੋਰੇ ਪੁਲਿਸ ਅਧਿਕਾਰੀ ਨੂੰ ਇਕ ਕਾਲੇ ਵਿਅਕਤੀ ਦੀ ਹੱਤਿਆ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਕਥਿਤ ਤੌਰ ਤੇ ਇਹ ਕਾਲਾ ਵਿਅਕਤੀ ਪੁਲਿਸ ਅਧਿਕਾਰੀ ਨੂੰ ਦੇਖ ਕੇ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਾਂਚ ਕਾਰਾਂ ਦਾ ਕਹਿਣਾ ਹੈ ਕਿ ਇਸ ਘਟਨਾ ਦੀ ਵੀਡੀਓ ਦੇਖਣ ਤੋਂ ਬਾਅਦ ਪੂਰਬੀ ਚਾਰਲਸਟਨ ਦੇ ਪੁਲਿਸ ਅਧਿਕਾਰੀ ਮਾਈਕਲ ਸਲੇਗਰਨੂੰ ਮੰਗਲਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ।



ਅਧਿਕਾਰੀਆਂ ਮੁਤਾਬਕ ਵਾਲਟਰ ਲਾਮੇਰ ਸਕਾਟ ਨੂੰ ਉਸ ਵਕਤ ਗੋਲੀ ਮਾਰੀ ਗਈ, ਜਦੋਂ ਪੁਲਿਸ ਅਧਿਕਾਰੀ ਨੇ ਉਸਨੂੰ ਪਹਿਲਾਂ ਤੋਂ ਹੀ ਸਟਨ ਗਨ (ਬੇਹੋਸ਼ ਕਰਨ ਵਾਲੀ ਬੰਦੂਕ) ਦੇ ਨਿਸ਼ਾਨੇ ਤੇ ਲੈ ਰੱਖਿਆ ਸੀ। ਸਥਾਨਕ ਅਖ਼ਬਾਰਾਂ ਵਿਚ ਆਈਆਂ ਖਬਰਾਂ ਦੇ ਮੁਤਾਬਕ ਇਹ ਘਟਨਾ ਉਦੋਂ ਹੋਈ ਜਦੋਂ ਸਕਾਟ ਦੇ ਕਾਰ ਦੀ ਪਿੱਛੇ ਦੀ ਲਾਈਟ ਟੁੱਟੀ ਹੋਈ ਦੇਖ ਕੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ।

ਨਿਊਯਾਰਕ ਟਾਈਮਜ਼ ਨੇ ਇਸ ਘਟਨਾ ਦੀ ਵੀਡੀਓ ਪ੍ਰਕਾਸ਼ਿਤ ਕੀਤੀ ਹੈ। ਇਸ ਵਿਚ ਸਕਾਟ ਅਤੇ ਪੁਲਿਸ ਅਧਿਕਾਰੀ ਵਿਚਕਾਰ ਹੱਥੋਪਾਈ ਅਤੇ ਉਸ ਤੋਂ ਬਾਅਦ ਸਕਾਟ ਨੂੰ ਭੱਜਦੇ ਹੋਏ ਦਿਖਾਇਆ ਗਿਆ ਹੈ। ਇਸ ਵਿਚ ਅਧਿਕਾਰੀ ਨੂੰ ਸਕਾਟ ਤੇ ਕਈ ਰਾਊਂਡ ਗੋਲੀਆਂ ਚਲਾਉਂਦੇ ਹੋਏ ਅਤੇ ਉਸਨੂੰ ਡਿੱਗਦੇ ਹੋਏ ਦਿਖਾਇਆ ਗਿਆ ਹੈ। ਇਸ ਤੋਂ ਪਹਿਲਾਂ ਇਕ ਗ੍ਰੈਂਡ ਜਿਊਰੀ ਨੇ ਪਿਛਲੇ ਸਾਲ ਅਗਸਤ ਵਿਚ ਮਿਸੂਰੀ ਦੇ ਫਰਗੂਸਨ ਵਿਚ ਮਾਈਕਲ ਬ੍ਰਾਊਨ ਨਾਂ ਦੇ ਇਕ ਕਾਲੇ ਲੜਕੇ ਤੇ ਗੋਲੀ ਚਲਾਉਣ ਦੇ ਮਾਮਲੇ ਵਿਚ ਡੈਰਨ ਵਾਲਸਨ ਨਾਂ ਦੇ ਪੁਲਿਸ ਅਧਿਕਾਰੀ ਉਤੇ ਮੁਕੱਦਮਾ ਚਲਾਉਣ ਤੋਂ ਇਨਕਾਰ ਕਰ ਦਿੱਤਾ ਸੀ।

# ਭੂਮੀ ਗ੍ਰਹਿਣ ਬਿੱਲ ਵਾਪਸ ਲਿਆ ਜਾਵੇ: ਮਾਇਆਵਤੀ

**ਲਖਨਊ–** ਬਸਪਾ ਸੁਪਰੀਮੋ ਮਾਇਆਵਤੀ ਨੇ ਉੱਤਰ ਪ੍ਰਦੇਸ਼ ਦੀ ਸਮਾਜਵਾਦੀ ਪਾਰਟੀ ਦੀ ਸਰਕਾਰ ਨੂੰ ਚੁਣੌਤੀ ਦਿੱਤੀ ਹੈ ਕਿ ਜੇ ਉਸ ਨੂੰ ਆਪਣੇ ਕਾਰਜਕਾਲ ਵਿੱਚ ਕੀਤੇ ਕੰਮਾਂ ਉਤੇ ਭਰੋਸਾ ਹੈ ਤਾਂ ਮੱਧਕਾਲੀ ਚੋਣਾਂ ਕਰਵਾਈਆਂ ਜਾਣ। ਉਨ੍ਹਾਂ ਕੇਂਦਰ ਸਰਕਾਰ ਨੂੰ ਵੀ ਆੜੇ ਹੱਥੀ ਲੈਂਦਿਆਂ ਉਸ ਉਤੇ ਸਨਅਤੀ ਘਰਾਣਿਆਂ ਦਾ ਪੱਖ ਪੂਰਨ ਦੇ ਦੋਸ਼ ਲਾਏ। ਸੂਬਾ ਸਰਕਾਰ ਵੱਲੋਂ ਆਪਣੇ ਸਾਰੇ ਵਾਅਦੇ ਪੂਰੇ ਕਰਨ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਦੇ ਦਾਅਵਿਆਂ ਨੂੰ ਰੱਦ ਕਰਦਿਆਂ ਇੱਥੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਮਾਇਆਵਤੀ ਨੇ ਕਿਹਾ ਕਿ ਰਾਜ 'ਅਪਰਾਧ ਪ੍ਰਦੇਸ਼' ਬਣ ਗਿਆ ਹੈ ਅਤੇ ਕਿਸਾਨਾਂ ਦੀ ਕੋਈ ਪੁੱਛ ਪ੍ਰਤੀਤ ਨਹੀਂ ਹੈ। ਇਸ ਦੌਰਾਨ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਤੇ ਹਮਲਾ ਕਰਦਿਆਂ ਕਿਹਾ ਕਿ ਐਨਡੀਏ ਸਰਕਾਰ ਹਿੰਦੂ ਜਥੇਬੰਦੀਆਂ ਨੂੰ ਨੱਥ ਪਾਉਣ ਅਤੇ ਆਰਥਿਕਤਾ ਵਿੱਚ ਸੁਧਾਰ ਲਿਆਉਣ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਗ਼ਰੀਬਾਂ ਦੀ ਭਲਾਈ ਦੀ ਥਾਂ ਪੂੰਜੀਪਤੀਆਂ ਲਈ ਕੰਮ ਕਰ ਰਹੀ ਹੈ। ਕੇਂਦਰੀ ਬਜਟ ਵੀ ਪੂੰਜੀਪਤੀਆਂ ਪੱਖੀ ਹੈ। ਭੂਮੀ ਗ੍ਰਹਿਣ ਸੋਧ ਬਿੱਲ ਦਾ ਵਿਰੋਧ ਕਰਦਿਆਂ ਬਸਪਾ ਸੁਪਰੀਮੋ ਨੇ ਕਿਹਾ ਕਿ ਇਹ ਕਿਸਾਨਾਂ ਦੇ ਹਿੱਤ ਵਿੱਚ ਨਹੀਂ ਹਨ ਅਤੇ ਇਸ ਨੂੰ ਫੌਰੀ ਵਾਪਸ ਲੈ ਲੈਣਾ ਚਾਹੀਦਾ ਹੈ। ਇਸ ਦੀ ਥਾਂ 2013 ਵਿੱਚ ਪਾਸ ਕਾਨੂੰਨ ਨੂੰ ਮੂਲ ਰੂਪ ਵਿੱਚ ਹੀ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਦੇਸ਼ ਦੇ ਵਿਕਾਸ ਨੂੰ ਪੂੰਜੀਪਤੀਆਂ ਦੇ ਵਿਕਾਸ ਨਾਲ ਜੋੜ ਰਹੀ ਹੈ। ਇਹ ਸਰਕਾਰ ਪੂੰਜੀਪਤੀਆਂ ਦੇ ਹਿੱਤ ਪੂਰਨ ਵਿੱਚ ਕਾਂਗਰਸ ਦੀ ਤੁਲਨਾ ਵਿੱਚ ਚਾਰ ਗੁਣਾ ਅੱਗੇ ਹੈ। ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਮਦਨ ਮੋਹਨ ਮਾਲਵੀਆ ਨੂੰ ਭਾਰਤ ਰਤਨ ਦੇਣ ਦਾ ਸਵਾਗਤ ਕਰਦਿਆਂ ਮਾਇਆਵਤੀ ਨੇ ਕਿਹਾ ਕਿ ਸਮਾਜਿਕ ਤਬਦੀਲੀ ਵਿੱਚ ਪਾਏ ਯੋਗਦਾਨ ਲਈ ਬਸਪਾ ਦੇ ਬਾਨੀ ਕਾਂਸ਼ੀਰਾਮ ਨੂੰ ਵੀ ਇਹ ਸਨਮਾਨ ਦਿੱਤਾ ਜਾਵੇ। ਉਨ੍ਹਾਂ ਅਖਿਲੇਸ਼ ਸਰਕਾਰ ਨੂੰ ਵਿਧਾਨ ਸਭਾ ਭੰਗ ਕਰਨ ਦੀ ਚੁਣੌਤੀ ਦਿੱਤੀ।



ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਪਿਛਲੇ ਮਹੀਨੇ ਆਪਣੇ ਤਿੰਨ ਸਾਲ ਪੂਰੇ ਕਰ ਲਏ ਹਨ ਅਤੇ ਸਰਕਾਰ ਦਾਅਵਾ ਕਰ ਰਹੀ ਹੈ ਕਿ ਉਸ ਨੇ ਚੋਣ ਮੈਨੀਫੈਸਟੋ ਵਿਚਲੇ ਸਾਰੇ ਵਾਅਦੇ ਪੂਰੇ ਕਰ ਲਏ ਹਨ। ਜੇ ਸਰਕਾਰ ਨੇ ਸਾਰੇ ਵਾਅਦੇ ਪੂਰੇ ਕਰ ਲਏ ਹਨ ਤਾਂ ਵਿਧਾਨ ਸਭਾ ਭੰਗ ਕਰ ਕੇ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਰਾਜ ਵਿਚ ਸਪਾ ਗੁੰਡਿਆਂ, ਮਾਫੀਆ ਤੇ ਸਮਾਜ ਵਿਰੋਧੀ ਤੱਤਾਂ ਦਾ ਦਬਦਬਾ ਹੈ ਅਤੇ ਸਰਕਾਰ ਇਨ੍ਹਾਂ 'ਤੇ ਕਾਬੂ ਪਾਉਣ ਵਿੱਚ ਲਾਚਾਰ ਹੈ।

# ਸਿੱਖ ਜਥੇਬੰਦੀਆਂ ਵਲੋਂ ਸ੍ਰੀ ਦਰਬਾਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦੇਣ ਦਾ ਸਖਤ ਵਿਰੋਧ

**ਲੰਡਨ–** ਯੂਨੈਸਕੋ ਵਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦੇਣ ਦੀ ਤਜਵੀਜ਼ ਦਾ ਯੂ,ਕੇ ਦੀਆਂ ਪੰਥਕ ਜਥੇਬੰਦੀਆਂ ਵਲੋਂ ਸਖਤ ਵਿਰੋਧ ਕਰਦਿਆਂ ਯੂਨੈਸਕੋ ਦੇ ਚੇਅਰਪਰਸਨ ਪ੍ਰੋਫਸਰ ਮਾਰੀਆ ਬੋਮਰ ਪੱਤਰ ਲਿਖਿਆ ਗਿਆ ਹੈ। ਜਿਸ ਵਿਚ ਸਪੱਸ਼ਟ ਕੀਤਾ ਗਿਆ ਕਿ ਸ੍ਰੀ ਦਰਬਾਰ ਸਾਹਿਬ ਸਿੱਖਾਂ ਦਾ ਕੇਂਦਰੀ ਧਾਰਮਿਕ ਅਸਥਾਨ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਸਰਵਉਚ ਰਾਜਨੀਤਕ ਅਸਥਾਨ ਹੈ ਜਿੱਥੋਂ ਸਿੱਖ ਕੌਮ ਦੇ ਫੈਸਲੇ ਲਏ ਜਾਂਦੇ ਹਨ । ਇਸ ਨੂੰ ਕਿਸੇ ਵੀ ਤਰਾਂ ਜੈਰ ਸਪਾਟਾ ਜਾਂ ਸੱਭਿਆਚਾਰਕ ਕੇਂਦਰ ਸਮਝਦਿਆਂ ਵਿਰਾਸਤੀ ਦਰਜਾ ਨਹੀਂ ਦਿੱਤਾ ਜਾ ਸਕਦਾ ਅਤੇ ਨਾ ਹੀ ਇਸ ਦਾ ਪ੍ਰਬੰਧ ਕਿਸੇ ਗੈਰ ਸਿੱਖ ਸੰਸਥਾ ਦੇ ਅਧੀਨ ਕੀਤਾ ਜਾ ਸਕਦਾ ਹੈ। ਯੁਨਾਈਟਿਡ ਖਾਲਸਾ ਦਲ ਯੂ,ਕੇ ਦੇ ਜਨਰਲ ਸਕੱਤਰ ਸ੍ਰ, ਲਵਸ਼ਿੰਦਰ ਸਿੰਘ ਡੱਲੇਵਾਲ ,ਧਰਮਯੁੱਧ ਜਥਾ ਦਮਦਮੀ ਟਕਸਾਲ ਦੇ ਆਗੂ ਸ੍ਰ, ਬਲਵਿੰਦਰ ਸਿੰਘ ਚਹੇੜੂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਆਗੂ ਭਾਈ ਰਘਬੀਰ ਸਿੰਘ ਵਲੋਂ ਸਿੱਖ ਕੌਮ ਨੂੰ ਸੱਦਾ ਦਿੱਤਾ ਗਿਆ ਕਿ ਯੂਨੈਸਕੋ ਦੇ ਮੁਖੀ ਨੂੰ ਵੱਧ ਤੋਂ ਵੱਧ ਈ ਪੱਤਰਾਂ ਰਾਹੀਂ ਰੂਹਾਨੀਅਤ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਦੀ ਮਹਾਨਤਾ ਬਾਰੇ ਜਾਣੂ ਕਰਵਾਉਂਦਿਆਂ ਸੰਭਾਵੀ ਕਾਰਵਾਈ ਮਨਸੂਖ ਕਰਨ ਲਈ ਆਖਿਆ ਜਾਵੇ। ਯੂਨੈਸਕੋ ਦੀ ਵੈਬ ਸਾਈਟ ਅਨੁਸਾਰ ਭਾਰਤ ਸਰਕਾਰ ਵਲੋਂ ਚੁੱਪ ਚਪੀਤੇ ਪਿਛਲੇ ਸਾਲ ਅੈਪਰੈਲ ਵਿੱਚ ਇਸ ਬਾਰੇ ਅਰਜ਼ੀ ਦਿੱਤੀ ਜਾ ਚੁੱਕੀ ਹੈ ਜਦਕਿ ਇਸ ਬਾਰੇ ਖੁਲਾਸਾ ਇਸ ਸਾਲ ਕੀਤਾ ਗਿਆ ਹੈ ।ਸਿੱਖ ਜਥੇਬੰਦੀਆਂ ਵਲੋਂ ਇਸ ਨੂੰ ਕੌਮ ਲਈ ਬਹੁਤ ਹੀ ਚਿੰਤਾਜਨਕ ਵਰਤਾਰਾ ਅਤੇ ਭਾਰਤ ਸਰਕਾਰ ਦਾ ਮਾਰੂ ਹਮਲਾ ਕਰਾਰ ਦਿੱਤਾ ਗਿਆ ਹੈ। ਜਿਸ ਨਾਲ ਸਿੱਖ ਕੌਮ ਧਾਰਮਿਕ ਤੌਰ ਤੇ ਸਦਾ ਵਾਸਤੇ ਗੁਲਾਮ ਹੋ ਜਾਵੇਗੀ ।ਪਰ ਸਿੱਖ ਕੌਮ ਅਜਿਹਾ ਕਦੀ ਨਹੀਂ ਹੋਣ ਦੇਵੇਗੀ । ਇਸ ਬਾਰੇ ਲੋਕਲ ਪਾਰਲੀਮੈਂਟ ਮੈਂਬਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਜਲਦੀ ਹੀ ਪੰਥਕ ਸਮਾਗਮ ਕਰਨ ਦੀ ਤਜਵੀਜ਼ ਹੈ ।ਵਰਨਣਯੋਗ ਹੈ ਕਿ ਦਸ ਕੁ ਸਾਲ ਪਹਿਲਾਂ ਵੀ ਇਹ ਗੱਲ ਚੱਲੀ ਸੀ ਪਰ ਵਿਦੇਸ਼ਾਂ ਵਿੱਚਲੀਆਂ ਸਿੱਖ ਜਥੇਬੰਦੀਆਂ ਦੇ ਭਾਰੀ ਵਿਰੋਧ ਕਾਰਨ ਇਸ ਬਾਰੇ ਦਿੱਤੀ ਗਈ ਅਰਜੀ ਵਾਪਸ ਹੋ ਗਈ ਸੀ। ਬ੍ਰਿਟਿਸ਼ ਮੰਤਰੀ ਨੇ ਸਿੱਖਾਂ ਦੀ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਯੂਨੈਸਕੋ ਨੂੰ ਲਿਖਿਆ ਸੀ ਕਿ ਅਜਿਹਾ ਹੋਣ ਨਾਲ ਸਾਡੇ ਦੇਸ਼ ਵਿੱਚ ਵਸਦੇ ਸਿੱਖਾਂ ਦੀ ਖੁਦਮੁਖਤਾਰੀ ਅਤੇ ਸਵੈਮਾਣ ਨੂੰ ਖਤਰਾ ਹੈ।

# ਨਿਊਜ਼ੀਲੈਂਡ 'ਚ ਸਿੱਖ ਗੱਭਰੂ ਨੂੰ ਦੱਸਿਆ ਅੱਤਵਾਦੀ

**ਆਕਲੈਂਡ–** ਨਿਊਜ਼ੀਲੈਂਡ ਦੇ ਸ਼ਹਿਰ ਕੈਂਟਰਬਰੀ ਵਿਚ ਇਕ 23 ਸਾਲਾ ਸਿੱਖ ਗੱਭਰੂ ਨੂੰ ਰਾਜਵਿੰਦਰ ਸਿੰਘ ਨੂੰ ਅੱਤਵਾਦੀ ਦੱਸ ਕੇ ਬਦਨਾਮ ਕੀਤਾ ਗਿਆ। ਨਸਲਪ੍ਰਸਤ ਕਿਸੇ ਵਿਅਕਤੀ ਨੇ ਬੱਸ ਵਿਚ ਬੈਠੇ ਰਾਜਿੰਦਰ ਸਿੰਘ ਦੀਆਂ ਤਸਵੀਰਾਂ ਖਿੱਚ ਕੇ ਆਨਲਾਈਨ ਪਾ ਦਿੱਤੀਆਂ ਅਤੇ ਕਿਹਾ ਕਿ ਇਹ ਨੌਜਵਾਨ ਅੱਤਵਾਦੀ ਹੈ। ਫਿਰ ਕੀ ਸੀ, ਲੋਕਾਂ ਨੇ ਫੇਸਬੁੱਕ ਪੇਜ 'ਤੇ ਰਾਜਵਿੰਦਰ ਸਿੰਘ ਦੀਆਂ ਤਸਵੀਰਾਂ 'ਤੇ ਨਫਰਤ ਭਰੇ ਕੁਮੈਂਟਾਂ ਦੀ ਝੜੀ ਲਗਾ ਦਿੱਤੀ। ਕਿਸੇ ਨੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਤੇ ਕਿਸੇ ਨੇ ਕਿਹਾ ਕਿ ਇਸ ਦੀ ਪੱਗ ਲਾਹ ਕੇ ਮਾਰੋ ਤੇ ਲੱਤਾਂ ਤੋੜ ਦਿਓ। ਇਸ ਤਰ੍ਹਾਂ ਦੀਆਂ ਧਮਕੀਆਂ ਤੋਂ ਬਾਅਦ ਨੌਜਵਾਨ ਪੁਲਸ ਕੋਲ ਸੁਰੱਖਿਆ ਲਈ ਗਿਆ ਪਰ ਪੁਲਸ ਨੇ ਇਹ ਕਹਿ ਕੇ ਮਨ੍ਹਾ ਕਰ ਦਿੱਤਾ ਕਿ ਇਹ ਇਕ ਆਨਲਾਈਨ ਮਾਮਲਾ ਹੈ ਤੇ ਇਸ ਵਿਚ ਉਹ ਉਸ ਨੂੰ ਸੁਰੱਖਿਆ ਨਹੀਂ ਦੇ ਸਕਦੇ। ਇਸ 'ਤੇ ਨੌਜਵਾਨ ਨੇ ਨਿਧੜਕ ਹੋ ਕੇ ਤਸਵੀਰ ਪੋਸਟ ਕਰਨ ਵਾਲੇ ਨੂੰ ਇਕ ਵੀਡੀਓ ਜਾਰੀ ਕਰਕੇ ਦੱਸਿਆ ਕਿ ਉਹ ਨਿਊਜ਼ੀਲੈਂਡ ਵਿਚ ਪੜ੍ਹਾਈ ਕਰਨ ਲਈ ਆਇਆ ਹੈ। ਉਹ ਅੱਤਵਾਦੀ ਨਹੀਂ ਹੈ ਤੇ ਉਸ ਦੀ ਪਹਿਲ ਪੜ੍ਹਾਈ ਹੀ ਹੈ। ਨਿਊਜ਼ੀਲੈਂਡ ਵਿਚ ਉਹ ਪਾਰਟ ਟਾਈਮ ਕੰਮ ਕਰਕੇ ਆਪਣਾ ਖਰਚਾ ਚੁੱਕ ਰਿਹਾ ਹੈ ਅਤੇ ਜੇਕਰ ਉਸ ਦੀ ਕੋਈ ਗਲਤੀ ਹੈ ਤਾਂ ਉਹ ਕਿਸੇ ਤਰ੍ਹਾਂ ਦੀ ਸਜ਼ਾ ਲਈ ਵੀ ਤਿਆਰ ਹੈ ਪਰ



ਉਹ ਅੱਤਵਾਦੀ ਨਹੀਂ ਹੈ। ਇਸ ਵੀਡੀਓ ਤੋਂ ਬਾਅਦ ਪੋਸਟ ਕਰਨ ਵਾਲੇ ਨੇ ਆਪਣੀ ਗਲਤੀ ਮੰਨ ਕੇ ਪੋਸਟ ਹਟਾ ਲਈ। ਇਹ ਘਟਨਾ ਜਨਵਰੀ ਦੀ ਹੈ। ਜ਼ਿਕਰਯੋਗ ਹੈ ਕਿ ਨਿਊਜ਼ੀਲੈਂਡ ਵਿਚ ਆਨਲਾਈਨ ਧਮਕੀ ਦੇਣਾ ਕੋਈ ਅਪਰਾਧ ਨਹੀਂ ਹੈ ਪਰ ਹੁਣ 'ਹਾਰਮਫੁਲ ਡਿਜੀਟਲ ਕਮਿਊਨੀਕੇਸ਼ਨਜ਼ ਬਿੱਲ' ਦੇ ਰਾਹੀਂ ਅਜਿਹਾ ਕਰਨ ਵਾਲੇ ਨੂੰ 2000 ਡਾਲਰ ਦਾ ਜੁਰਮਾਨਾ ਤੇ ਤਿੰਨ ਮਹੀਨਿਆਂ ਦੀ ਸਜ਼ਾ ਹੋ ਸਕਦੀ ਹੈ। ਇਹ ਬਿੱਲ ਅਗਲੇ ਮਹੀਨੇ ਲਾਗੂ ਹੋਵੇਗਾ। ਉਮੀਦ ਕੀਤੀ ਜਾ ਰਹੀ ਹੈ ਕਿ ਇਸ ਕਾਨੂੰਨ ਨਾਲ ਨਿਊਜ਼ੀਲੈਂਡ ਵਿਚ ਸਿੱਖਾਂ ਪ੍ਰਤੀ ਨਫਰਤ ਫੈਲਾਉਣ ਵਾਲਿਆਂ 'ਤੇ ਠੱਲ੍ਹ ਪਵੇਗੀ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ 317ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 17ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਾਰੀ ਦੁਨੀਆਂ ਵਿਚ ਵੱਸਦੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ ਲੱਖ ਲੱਖ ਵਧਾਈਆਂ





# SANDHU

IMMIGRATION CONSULTANT

Passports, Visas, Green Cards, Notary, Immigration Forms
Citizenship, Study Visas, Family Immigration Visas

WE OPEN 7-DAYS A WEEK

(209-373-3562)

MANDEEP SANDHU
msandhu2014@gmail.com

3222 PENELOPE DR. STOCKTON, CA- 95212
(NEAR HWY 99 ON MORADA LANE)



# Golden State Truck Sales Inc.

ਸਾਡੇ ਕੋਲ ਟਰੱਕ, ਟਰੇਲਰ ਖਰੀਦਣ ਵੇਚਣ ਅਤੇ ਲੋਨ ਕਰਾਉਣ ਲਈ ਮਿਲੋ। ਅਸੀਂ ਆਪ ਜੀ ਦੀ ਪੂਰੀ ਸਹਾਇਤਾ ਕਰਾਂਗੇ।

ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

Call : Dharminder Singh



Cell : 530-870-6600
Fax : 530-405-1429

Buy Quality Used Trucks



2535 Front St.
West Sacramento, CA 95691
email: myfuturetruck@gmail.com

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ 317ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 17ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਾਰੀ ਦੁਨੀਆਂ ਵਿਚ ਵੱਸਦੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ ਲੱਖ ਲੱਖ ਵਧਾਈਆਂ





## ਜੈ ਰਾਮ ਗਾਟ ਅਤੇ ਸਮੂਹ ਪਰਿਵਾਰ

# INDIA BAZAAR




## Indian, Pakistani & Fijjian Groceries

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com
1304-E HAMMER LANE, Suite 12, STOCKTON CA, 95210

# ਅੰਬੀਆਂ ਨੂੰ ਤਰਸੇਂਗੀ ਛੱਡ ਕੇ ਦੇਸ ਦੁਆਬਾ



ਸੀ ਐਲ ਚੁੰਬਰ
91-96462-27227

ਬੜੇ ਸਮੇਂ ਤੋਂ ਅਸੀਂ ਸਾਰੇ ਬਚਪਨ ਤੋਂ ਸੁਣਦੇ ਆ ਰਹਾਂ ਹਾਂ- ਅੰਬੀਆਂ ਨੂੰ ਤਰਸੇਂਗੀ, ਛੱਡ ਕੇ ਦੇਸ਼ ਦੁਆਬਾ। ਇਹ ਉਦੋਂ ਤੋਂ ਕਹਿਣਾ ਸੁਣਨਾ ਸ਼ੁਰੂ ਹੋਇਆ ਹੋਵੇਗਾ ਜਦੋਂ ਦੁਆਬਾ ਅੰਬਾਂ ਦੇ ਬਾਗਾਂ ਨਾਲ ਇਉਂ ਭਰਿਆ ਹੋਣਾ, ਜਿਸ ਤਰ੍ਹਾਂ ਇਹ ਹੁਣ ਝੋਨੇ ਅਤੇ ਕਣਕ ਨਾਲ ਭਰਿਆ ਏ। ਜਿਲ੍ਹਾ ਹੁਸ਼ਿਆਰਪੁਰ ਤਾਂ ਮੈਂ ਅੰਬਾਂ ਦੇ ਬਾਗਾਂ ਦੇ ਬਾਗ ਦੇਖੇ ਸਨ, ਜਦੋਂ ਮੈਂ ਇਸ ਜਿਲ੍ਹੇ ਦੇ ਹਾਲਟੇ ਪਿੰਡ ਦਾ ਜਵਾਈ ਬਣਿਆ ਸੀ। ਉਸ ਤੋਂ ਵੀ ਤਿੰਨ ਸਾਲ ਪਹਿਲੋਂ ਮੈਂ ਬਤੌਰ ਤਹਿਸੀਲ ਭਲਾਈ ਅਫਸਰ ਹੁਸ਼ਿਆਰਪੁਰ ਵਿਖੇ ਪੰਜਾਬ ਦੀ ਮੀਟਿੰਗ ਵਿੱਚ ਜਾਂਦਿਆਂ ਦੇਖੇ ਸਨ, ਜੋ ਉਸ ਸਮੇਂ ਦੇ ਸਮਾਜ ਭਲਾਈ ਮੰਤਰੀ ਵੈਦ ਕਰਤਾਰ ਸਿੰਘ ਨੇ ਬੁਲਾਈ ਸੀ। ਇਹ ਮੇਰੀ ਹੁਸ਼ਿਆਰਪੁਰ ਜਿਲ੍ਹੇ ਦੀ 1977 ਈ. ਵਿੱਚ ਪਹਿਲੀ ਫੇਰੀ ਸੀ।

ਸੁਆਲਾਂ ਦਾ ਸੁਆਲ ਹੈ ਕਿ ਅੰਬੀਆਂ ਦਾ ਤਰਸੇਵਾਂ ਕਿਸ ਗੱਲ ਦਾ ਸੀ? ਕੱਚੇ ਅੰਬਾਂ ਜਾਂ ਪੱਕੇ ਅੰਬਾਂ ਦਾ ਤਰਸੇਵਾਂ ਕਿਉਂ ਨਹੀਂ ਸੀ। ਕੀ ਅੰਬ ਸਿਰਫ਼ ਦੁਆਬੇ ਵਿੱਚ ਹੀ ਹੁੰਦੇ ਸਨ?

ਦੁਆਬੇ ਨੂੰ ਛੱਡਣ ਦੀ ਲੋੜ ਕਿਉਂ ਪਈ? ਤੇ ਦੁਆਬਾ ਦੇਸ਼ ਕਦੋਂ ਬਣਿਆ ਅਤੇ ਕਦੋਂ ਤੱਕ ਇਹ ਦੇਸ਼ ਰਿਹਾ? ਇਸ ਦੀ ਰਾਜਧਾਨੀ ਕਿਹੜੀ ਸੀ? ਇਸ ਦਾ ਬਾਨੀ ਰਾਜਾ ਕੌਣ ਸੀ ਅਤੇ ਅੱਗੇ ਰਾਜੇ ਕਿਹੜੇ-ਕਿਹੜੇ ਹੋਏ ਸਨ? ਇਹ ਰਾਜਾ ਖਾਨਦਾਨੀ ਸੀ ਜਾਂ ਕੋਈ ਸਭਾ ਸੁਸਾਇਟੀ ਦੇ ਅਧੀਨ ਸੀ। ਕਿਤੇ ਰਾਜੇ ਦੀ ਜਗ੍ਹਾ ਕੋਈ ਰਾਣੀ ਮਹਾਰਾਣੀ ਤਾਂ ਨਹੀਂ ਰਾਜ ਕਰਦੀ ਸੀ? ਜਿਵੇਂ ਕਦੇ ਦਿੱਲੀ ਵਿੱਚ ਗੁਲਾਮ ਵੰਸ਼ ਦੀ ਰਜੀਆ ਬੇਗਮ ਰਾਜ ਕਰਦੀ ਸੀ ਤੇ ਇਹ ਰਾਜੇ ਆਪਣੀ ਰਾਣੀ/ਰਾਣੀਆਂ ਨੂੰ ਬੰਦੇ ਵੀ ਸਮਝਦੇ ਸਨ ਜਾਂ ਪੈਰ ਦੀ ਜੁੱਤੀ ਸਮਝਦੇ ਸਨ ਜਿਵੇਂ ਰਾਜ 'ਏਕ ਰਾਮ ਦਸਰਥ ਕਾ ਬੇਟਾ' ਨੇ ਆਪਣੀ ਬੇਦੋਸ਼ੀ ਪਤਨੀ ਸੀਤਾ ਨੂੰ ਬਿਨਾਂ ਦੱਸੇ ਬਨਵਾਸ ਦੀ ਸਜ਼ਾ ਦੇ ਦਿੱਤੀ ਸੀ।

ਕੀ ਇੱਕ ਦੇਸ਼ ਦੁਆਬੇ ਦੇ ਰਾਜ ਵੀ ਪਰਜਾ ਜਾਤ-ਪਾਤ ਮੰਨਦੀ ਸੀ ਜਾਂ ਜਾਤਪਾਤ ਦਾ ਅੰਬ ਅਜੇ ਲੱਗਿਆ ਨਹੀਂ ਸੀ ਜਾਂ ਜਾਤ-ਪਾਤ ਦੇ ਅੰਬ ਦਾ ਬੂਟਾ ਜਾਂ ਬਾਗ ਅਜੇ ਲੱਗਿਆ ਨਹੀਂ ਸੀ ਜਾਂ ਲੱਗਿਆ ਹੋਵੇ, ਤਾਂ ਅਜੇ ਅੰਬੀਆਂ ਹੀ ਲੱਗ ਰਹੀਆਂ ਸਨ ਜਾਂ ਜਿਵੇਂ ਆਪਾਂ ਸਾਰੇ ਕੱਚੀਆਂ ਅੰਬੀਆਂ ਜਾਂ ਕੱਚੀਆਂ ਨਾਖਾਂ ਜਾਂ ਕੱਚੇ ਅਮਰੂਦ, ਆੜੂ ਤੋੜ ਕੇ ਖਾਣ ਵਾਂਗ ਜਾਤ-ਪਾਤ ਦੀਆਂ ਅੰਬੀਆਂ ਨੂੰ ਤੋੜ ਦਿੰਦੇ ਸਨ ਲੋਕ। ਇਹ ਵੀ ਦੇਖਣ ਵਾਲੀ ਗੱਲ ਹੈ ਕਿ ਦੁਆਬਾ ਸ਼ਹਿਰੀ ਦੇਸ ਸੀ ਜਾਂ ਪੇਂਡੂ ਵਸੋਂ ਵਾਲਾ ਦੇਸ਼ ਸੀ। ਮੈਂ ਸੁਣਿਆ ਸੀ ਕਿ ਬਿਜਵਾੜੇ ਤੋਂ ਚੜ੍ਹੀ ਬੱਕਰੀ ਜੈਜੋਂ ਦੁਆਬੇ ਉਤੇ ਸੀ।

ਮੈਂ ਇਹ ਵੀ ਕਹਾਣੀ ਸੁਣੀ ਹੈ ਕਿ ਤਲਵਣ ਵੀ ਇੱਕ ਵਾਰ ਗਰਕ ਗਿਆ ਸੀ ਜਿਵੇਂ ਮੈਂ ਸੁਣਿਆ ਕਿ ਸਾਡੇ ਜੱਦੀ ਪਿੰਡ ਹੁਸੈਨ ਅਬਾਦ ਵਿੱਚ ਜੱਟਾਂ ਦੇ ਗੁਰਦੁਆਰੇ ਕੋਲ ਇੱਕ ਕਿਲਾ ਹੁੰਦਾ ਸੀ। ਸ਼ਾਇਦ ਆਪ ਦਾ ਪਿੰਡ ਸਰੀਂਹ, ਸ਼ੰਕਰ, ਟਾਹਲੀ, ਚਾਟੀਆਂ ਗੁੜੇ, ਭੰਗਾਲਾ ਭੰਡਾਲਾ ਵੀ ਕੋਲ ਹੀ ਹੋਵੇ। ਸਾਡੇ ਪਿੰਡ ਵੱਲ ਮੀਂਹਾਂ 'ਚ ਪਾਣੀ ਨੂਰਮਹਿਲ ਤੋਂ ਸਰੀਂਹ ਹੁੰਦਾ ਹੋਇਆ ਸਾਡੇ ਪਿੰਡ ਦੀ ਸੜਕ ਜੋ ਨਹਿਰ ਵਾਂਗੂੰ ਕੱਚਾ ਰਸਤਾ ਹੁੰਦਾ ਸੀ, ਉੱਤੇ ਦੀ ਪਾਣੀ ਵਗ ਕੇ ਅਕਾਲੀਆਂ ਦੇ ਖੂਹ ਕੋਲ ਰੇਲਵੇ ਲਾਈਨ ਦੇ ਇਲਾਕੇ ਦੀ ਸਭ ਤੋਂ ਵੱਡੀ ਪੁਲੀ ਥੱਲਿਓਂ ਹੋ ਕੇ ਚੱਕ ਵੈਂਡਲ ਕੋਲ ਚਿੱਟੀ ਬੇਈਂ ਵਿੱਚ ਪੈ ਜਾਂਦਾ ਸੀ। ਜਿੱਥੇ ਇਹ ਪਾਣੀ ਲਾਈਨ ਕੋਲੋਂ ਪੁਲੀ ਵਿੱਚ ਪੈਂਦਾ ਸੀ, ਉਸ ਤੋਂ ਅੱਗੇ ਚਾਨੀਆਂ ਦੇ ਰੇਲਵੇ ਫਾਟਕ ਕੋਲ ਪੰਜ ਗਰਾਈਂ ਬੇਚਰਾਗ ਪਿੰਡ ਵੱਸਦਾ ਸੀ, ਜੋ ਉੱਤੇ ਥੋੜਾ ਸੀ ਉਂ ਠੀਕਰੀਆਂ ਖਿੱਲਰੀਆਂ ਅਸੀਂ ਆਪ ਦੇਖਦੇ ਸੀ। ਸ਼ਾਇਦ ਇਹ ਪਿੰਡ ਵੀ ਜਲੰਧਰ ਸ਼ਹਿਰ ਤੋਂ ਅਲਾਵਲਪੁਰ ਨੂੰ ਜਾਂਦੀ ਸੜਕ ਅਤੇ ਜਲੰਧਰ ਤੋਂ ਪਠਾਨਕੋਟ ਜੰਮੂ ਜਾਂਦੀ ਰੇਲਵੇ ਲਾਈਨ 'ਤੇ ਵਸੇ ਪਿੰਡ ਧੋਗੜੀ ਵਾਂਗ ਜਾਂ ਨਸਰਾਲੇ ਨੇੜਲੇ ਅਜੜਾ ਪਿੰਡ ਵਾਂਗ ਜਾਂ ਫਿਲੌਰ-ਔੜ ਸੜਕ ਉਂ ਵਸੇ ਪਿੰਡਾਂ ਕਤਪਾਲੋਂ ਅਤੇ ਨਗਰ ਵਾਂਗ ਸਿੰਧੂ ਘਾਟੀ ਸੱਭਿਅਤਾ ਦਾ ਪਿੰਡ ਹੋਵੇ। ਹੋ ਸਕਦਾ ਦੁਆਬੇ ਦੇਸ਼ ਦੀ ਰਾਜਧਾਨੀ ਇਨ੍ਹਾਂ 'ਚੋਂ ਕਿਸੇ ਇੱਕ ਪਿੰਡ ਜਾਂ ਗਰਕ ਗਏ ਤਲਵਣ ਵਾਲੀ ਜਗ੍ਹਾ ਹੋਵੇ। ਤਲਵਣ ਤੋਂ ਨੂਰਮਹਿਲ ਜਾਂਦਿਆਂ ਵੱਡਾ ਸਾਰਾ ਧੋੜਾ ਥੇਹ ਅਜੇ ਵੀ ਮੌਜੂਦ ਹੈ।

ਬਜੂਹਾਂ ਖੁਰਦ ਦਾ ਮਹਿੰਦਰ ਪਾਲ ਰੰਧਾਵਾ ਦੱਸਿਆ ਕਰਦਾ ਸੀ ਕਿ ਉਨ੍ਹਾਂ ਦਾ ਪਿੰਡ ਉੱਜੜ ਕੇ ਪੰਜ ਗਰਾਈਂ ਜਿਲ੍ਹਾ ਫਰੀਦਕੋਟ 'ਚ ਵੱਸ ਗਿਆ ਸੀ। ਮੌ ਸਾਹਿਬ ਬਾਰੇ ਇਹੀ ਸੁਣਦੇ ਹਾਂ ਕਿ ਪਿੰਡ ਵਾਲਿਆਂ ਨੇ ਗੁਰੂ ਅਰਜਨ ਦੇਵ ਜੀ ਨੂੰ ਮਾਤਾ ਗੰਗਾ ਨੂੰ ਵਿਆਹੁਣ ਸਮੇਂ ਘੋੜੇ 'ਤੇ ਚੜ੍ਹ ਕੇ ਨੇਜ਼ੇ ਨਾਲ ਕੀਲਾ ਪੁੱਟਣ ਦੀ ਸ਼ਰਤ ਰੱਖ ਦਿੱਤੀ ਤਾਂ ਉਨ੍ਹਾਂ ਨੇ ਕੀਲਾ ਪੁੱਟ ਦਿੱਤਾ, ਪਰ ਸੀ ਉਹ ਬੇਰੀ ਦਾ ਮੁੱਢ ਜਿਸ ਕਰਕੇ ਘੋੜੇ ਦਾ ਜ਼ੋਰ ਲੱਗਣ ਨਾਲ ਘੋੜਾ ਮਰ ਗਿਆ। ਕਹਿੰਦੇ ਹਨ ਕਿ ਸਰਾਪ ਕਾਰਨ ਮੌ ਪਿੰਡ ਉੱ''ਰ ਕੇ ਦੁਬਾਰਾ ਵੱਸਿਆ।

ਦਰਿਆ ਵੀ ਮਸਤ ਮੌਲੇ ਹੁੰਦੇ ਹਨ ਉਹ ਵੀ ਕਈ ਵੇਰਾਂ ਪਿੰਡਾਂ ਦੇ ਪਿੰਡ ਮੋਢਾ ਮਾਰ ਕੇ ਉਜਾੜ ਜਾਂਦੇ ਹਨ ਜਿਵੇਂ ਕੋਈ ਗੱਡੀ ਕਿਸੇ ਦੀ ਗੱਡੀ ਜਾਣੇ ਅਨਜਾਣੇ ਸਾਈਡ ਮਾਰ ਕੇ ਖਤਾਣਾਂ ਵਿੱਚ ਸੁੱਟ ਜਾਂਦੀ ਹੈ। ਮੌ ਸਾਹਿਬ ਦੇ ਵਸੀਵੇਂ 'ਚ ਵਸੇ ਪਿੰਡ ਮਿਉਂਵਾਲ ਵਿੱਚ ਸਾਡੇ ਭੂਆ ਜੀ ਦੀ ਧੀ ਬੰਸੋ ਵਿਆਹੀ ਹੈ, ਜਿਨ੍ਹਾਂ ਦੇ ਦੋ ਤਿੰਨ ਖੇਤ ਸਤਲੁਜ ਵਹਾ ਕੇ ਕਬਜ਼ਾ ਕਰੀ ਬੈਠਾ ਹੈ। ਰੋਪੜ ਨੂੰ ਸਤਲੁਜ ਨੇ ਛੇ ਵੇਰਾਂ ਉਜਾੜਿਆ, ਪਰ ਤੀਵੀਆਂ-ਮਰਦਾਂ ਨੇ ਸੱਤ ਵੇਰਾਂ ਉਸ ਨੂੰ ਵਸਾਇਆ। ਉੱ''ਰਕ ਵੱਸਣ ਦਾ ਵਸੀਲਾ ਬਣਿਆ ਹੋਇਆ ਹੈ। ਗੱਲ ਘੁੰਮ ਫਿਰ ਕੇ ਫਿਰ ਆ ਕੇ 'ਅੰਬੀਆਂ ਨੂੰ ਤਰਸਣ' ਅਤੇ 'ਦੇਸ਼ ਦੁਆਬ' ਨੂੰ ਛੱਡ ਕੇ ਜਾਣ ਦੀ 'ਮਜ਼ਬੂਰੀ' 'ਤੇ ਆ ਜਾਂਦੀ ਹੈ। ਹੋ ਸਕਦਾ ਹੈ ਇਸ ਲੋਕ ਗੀਤ ਦੀਆਂ ਜੰਮਣ ਪੀੜਾਂ ਉਦੋਂ ਸ਼ੁਰੂ ਹੋਈਆਂ ਹੋਣ ਜਦੋਂ ਕਿਸੇ ਮੁਟਿਆਰ ਦਾ ਰਿਸ਼ਤਾ ਦੁਆਬੇ ਦੇਸ਼ ਤੋਂ ਬਾਹਰ ਕਿਸੇ ਹੋਰ ਮਾਲਵੇ, ਮਾਝੇ ਜਾਂ ਬੀਤ ਦੇਸ਼ ਵਿੱਚ ਹੋਇਆ ਹੋਵੇ। ਪਰ ਅੰਬ ਤਾਂ ਸ਼ਿਵਾਲਿਕ ਪਹਾੜੀਆਂ ਦੇ ਨਾਲ-ਨਾਲ ਸਾਰੇ ਭਾਰਤ ਵਿੱਚ ਹੁੰਦੇ ਹਨ, ਜਦੋਂ ਤੁਸੀਂ ਨਵਾਂਸ਼ਹਿਰ, ਬਲਾਚੌਰ ਤੋਂ ਚੰਡੀਗੜ੍ਹ ਵੱਲ ਨੂੰ ਜਾਂਦੇ ਹੋ ਤਾਂ ਉੱਕਦ ਵੀ ਬੜੇ ਬਾਗ਼ ਅੰਬਾਂ ਦੇ ਹੁੰਦੇ ਸੀ। ਜਦੋਂ ਤੁਸੀਂ ਚੰਡੀਗੜ੍ਹ ਤੋਂ ਲੁਧਿਆਣੇ ਵੱਲ ਚੱਲੋ ਤਾਂ ਖਰੜ ਤੋਂ ਬਾਅਦ ਮੋਰਿੰਡਾ ਆਉਂਦਾ। ਉਸ ਨੂੰ ਅਜੇ ਵੀ 'ਬਾਗਾਂ ਵਾਲਾ' ਕਹਿੰਦੇ ਹਨ। ਇਹ ਇਲਾਕਾ ਕਦੇ ਅੰਬਾਲਾ ਜਿਲ੍ਹੇ ਵਿੱਚ ਹੁੰਦਾ ਸੀ। ਸ਼ਾਇਦ ਅੰਬਾਲੇ ਦਾ ਨਾਂ ਵੀ 'ਅੰਬਾਂ-ਵਾਲੇ' ਤੋਂ ਵਿਗੜਦਾ ਵਿਗੜਦਾ ਅੰਬਾਲਾ ਬਣ ਗਿਆ। ਕੁਝ ਵੀ ਹੋਵੇ ਇਹ ਜ਼ਰੂਰ ਪੱਕੀ ਗੱਲ ਹੈ ਕਿ ਅੰਬਾਂ ਦੀ ਉਸ ਵੇਲੇ ਬੜੀ ਪੁੱਛ ਦੱਸ ਹੋਣੀ ਹੈ ਜੋ ਅੰਬਾਂ ਦੀ 'ਇੱਕ ਅਨਾਰ ਸੌ ਬਿਮਾਰ' ਵਾਂਗ ਹੈਸੀਅਤ ਦੇਸ਼ ਦੁਆਬੇ ਵਿੱਚ ਹੋ ਗਈ। ਮੈਂ ਇੱਕ ਵਾਰ ਕਪਾਹ ਦੇ ਇਤਿਹਾਸ ਦੀ ਕਿਤਾਬ ਖ਼ਰੀਦੀ। ਮੇਰੇ ਸੱਜਣ ਬੇਲੀ ਨੇ ਕਿਹਾ ਕਿ ਕਪਾਹ ਦੀ ਕਿਤਾਬ 'ਚੋਂ ਕੀ ਲੈਣਾ ਹੈ। ਮੈਂ ਜੁਆਬ ਦਿੱਤਾ ਕਿ ਇਸ ਕਿਤਾਬ ਵਿੱਚ ਸਿੱਧ ਕੀਤਾ ਹੈ ਕਿ ਸਿੰਧੂ ਘਾਟੀ ਸੱਭਿਅਤਾ ਸਮੇਂ ਵੀ ਕਪਾਹ ਹੁੰਦੀ ਸੀ। ਜੇ ਮੈਨੂੰ ਅੰਬਾਂ ਬਾਰੇ ਕਿਤਾਬ ਮਿਲੀ ਤਾਂ ਮੈਂ ਉਸ ਕਿਤਾਬ ਵਿੱਚ ਦੇਖਾਂਗਾ ਕਿ ਕੀ ਅੰਬ ਸਿੰਧੂ ਘਾਟੀ ਸੱਭਿਅਤਾ ਜਾਂ ਦੇਸ਼ ਪੰਜਾਬ ਵਿੱਚ ਹੁੰਦਾ ਸੀ।

ਅੰਗਰੇਜ਼ ਤਾਂ ਵਾਲ ਦੀ ਖੱਲ ਲਾਹ ਦਿੰਦੇ ਹਨ ਤਾਂ ਹੀ ਉਨ੍ਹਾਂ ਨੇ ਭਾਰਤ ਦੇ ਇਤਿਹਾਸ ਹਿੰਦੂਆਂ ਦੇ ਇਤਿਹਾਸ ਅਤੇ ਸਿੱਖਾਂ ਦੇ ਇਤਿਹਾਸ ਦੀਆਂ ਪਹਿਲੀਆਂ ਕਿਤਾਬਾਂ ਉਨ੍ਹਾਂ ਨੇ ਲਿਖੀਆਂ। ਹੋਰ ਤਾਂ ਹੋਰ ਦੁਆਬੇ ਦੇ ਗਦਰੀ ਬਾਬੇ ਅਤੇ ਆਦਿ ਧਰਮ ਦੇ ਬਾਨੀ ਬਾਬਾ ਮੰਗੂ ਰਾਮ ਮੱਗੋਵਾਲੀਆ ਬਾਰੇ ਵੀ ਪਹਿਲੀ ਪੀ. ਐਚ. ਡੀ. ਅਮਰੀਕਾ ਦੇ ਡਾ. ਮਾਰਕ ਜਰਗਾਜ ਮਾਇਰ ਨੇ ਕੀਤੀ, ਪਰ ਅਸੀਂ ਉਨ੍ਹਾਂ ਨੂੰ ਭੁੱਲ ਗਏ ਸੀ। ਮੈਂ ਵੀ ਸਭ ਤੋਂ ਪਹਿਲਾਂ ਸੋਵੀਨਰ 1985 ਵਿੱਚ ਛਾਪਿਆ ਸੀ। ਉਹਨਾਂ ਦਾ ਪਿੰਡ ਮਾਹਿਲਪੁਰ ਨੇੜੇ ਮੁੱਗੋਵਾਲੀ ਸੀ ਜੋ 1909 ਵਿੱਚ ਅਮਰੀਕਾ ਆਏ। ਬਹੁਤ ਸਾਰੇ ਲੋਕ ਉਸ ਸਮੇਂ ਦੇਸ਼ ਦੁਆਬੇ ਤੋਂ ਅੰਬੀਆਂ ਨੂੰ ਛੱਡ ਕੇ ਅਮਰੀਕਾ, ਨਿਊਜ਼ੀਲੈਂਡ, ਕੈਨੇਡਾ ਆਦਿ ਦੇਸ਼ਾਂ ਵਿੱਚ ਦੇਸ਼ ਦੁਆਬੇ ਨੂੰ ਖੁਸ਼ਹਾਲ ਬਣਾਉਣ ਲਈ ਆਏ।

ਦੇਸ਼ ਦੁਆਬਾ ਦੇਸ਼ ਦੇ ਹਰ ਅੰਦੋਲਨ ਵਿੱਚ ਅੱਗੇ ਰਿਹਾ। ਭਾਵੇਂ ਦੁਆਬੀਏ ਸ਼ਾਂਤੀ ਪਸੰਦ ਹਨ, ਪਰ ਅਜ਼ਾਦੀ ਦੇ ਪ੍ਰਵਾਨੇ ਹਨ। ਇਹਨਾਂ ਨੇ ਸਿੰਧੂ ਘਾਟੀ ਸਮੇਂ ਵਿਦੇਸ਼ੀ ਹਮਲਾਵਰ ਆਰੀਆ ਦਾ ਡੱਟ ਕੇ ਮੁਕਾਬਲਾ ਕੀਤਾ। ਸ਼ੇਰਸ਼ਾਹ ਸੂਰੀ ਵਰਗਾ ਦੇਸ਼ ਦਾ ਹੁਕਮਰਾਨ ਦੇਸ਼ ਦੁਆਬੇ ਦੇ ਪਿੰਡ ਬਜਵਾੜਾ ਕਲਾਂ ਨੇ ਦਿੱਤਾ। ਇਸ ਸਮੇਂ ਪਿੰਡ ਨੇ ਗੁਰੂ ਗੋਬਿੰਦ ਸਿੰਘ ਦੀ ਪਤਨੀ ਮਾਤਾ ਸਾਹਿਬ ਕੌਰ ਨੂੰ ਜਨਮ ਦਿੱਤਾ। ਇਸੇ ਪਿੰਡ ਦੇ ਨਾਲ ਬੱਸੀ ਦੇ ਸੰਤ ਰਾਮ ਬੀ. ਏ. ਨੇ ਜਾਤਪਾਤ ਦਾ ਨਾਸ ਕਰਨ ਲਈ 'ਜਾਤ ਪਾਤ ਤੋੜਕ ਮੰਡਲ' ਬਣਾਇਆ ਅਤੇ ਆਪਣੀ ਇਕਲੌਤੀ ਧੀ ਗਾਰਗੀ ਦਾ ਵਿਆਹ ਚੱਢਿਆਂ 'ਚ ਕੀਤਾ। ਉਨ੍ਹਾਂ ਨੂੰ ਪੰਜਾਬ ਦਾ ਸ਼੍ਰੋਮਣੀ ਸਾਹਿਤਕਾਰ ਦਾ ਇਨਾਮ ਸਰਕਾਰ ਵੱਲੋਂ ਦਿੱਤਾ ਅਤੇ ਉਨ੍ਹਾਂ ਨੇ ਸੌ ਕਿਤਾਬਾਂ ਲਿਖੀਆਂ। ਡਾ. ਅੰਬੇਦਕਰ ਦੀ ਕਿਤਾਬ 'ਜਾਤ ਪਾਤ ਦਾ ਬੀਜ ਨਾਸ' ਦਾ ਜਨਮ ਉਨ੍ਹਾਂ ਕਰਕੇ ਹੋਇਆ ਜੋ ਜਾਤ ਪਾਤ ਤੋੜਕ ਮੰਡਲ ਦੇ ਸਾਲਾਨਾ ਜਲਸੇ ਦੇ ਮੁੱਖ ਮਹਿਮਾਨ ਵਜੋਂ ਡਾ. ਅੰਬੇਦਕਰ ਦਾ ਭਾਸ਼ਣ ਸੀ, ਜਿਸ ਭਾਸ਼ਣ ਦੀ ਭਰੂਣ ਹੱਤਿਆ ਹੋ ਗਈ ਸੀ। ਬਿਜਵਾੜਾ ਕਲਾਂ ਪਿੰਡ ਵਿੱਚ ਦਲਿਤਾਂ ਦੇ ਧਰਮ ਆਦਿ ਧਰਮ ਦੇ ਬਾਨੀ ਅਤੇ ਪ੍ਰਮੁੱਖ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਅਮੀਂ ਚੰਦ ਪਿਆਰੇ ਲਾਲ ਹਾਈ ਸਕੂਲ ਵਿੱਚ ਪੜ੍ਹੇ ਸਨ, ਜਿਨ੍ਹਾਂ ਨੂੰ ਇਸ ਸ਼ਰਤ 'ਤੇ ਦਾਖਲਾ ਮਿਲਿਆ ਸੀ ਕਿ ਪਹਿਲਾਂ ਤੋਂ ਉਹ ਕਮਰੇ ਵਿੱਚ ਬੈਠਣ ਦੀ ਬਜਾਏ ਖਿੜਕੀ ਰਾਹੀਂ ਬਾਹਰ ਖੜ੍ਹੇ ਮੀਂਹ, ਧੁੱਪ, ਠੰਡ ਵਿੱਚ ਸਾਰੇ ਦਿਨ ਖੜ੍ਹੇ ਹੋ ਕੇ ਪੜ੍ਹਾਈ ਕਰਨਗੇ ਅਤੇ ਮਾਸਟਰ ਪੋਲੋ ਰਾਮ ਨੂੰ ਕਦੇ ਕੋਈ ਸਵਾਲ ਨਹੀਂ ਪੁੱਛਣਗੇ। ਉਨ੍ਹਾਂ ਬਾਰੇ ਬਾਕੀ ਗੱਲਾਂ ਫੇਰ ਬਹਿ ਕੇ ਕਰਾਂਗੇ।

ਦੇਸ਼ ਦੁਆਬੇ ਦੇ ਪਿੰਡ ਸਾਹਰੀ ਦੇ ਬਾਬੂ ਹਰਨਾਮ ਸਿੰਘ ਸਾਹਰੀ ਵੀ ਅਮਰੀਕਾ ਵਿੱਚ ਉੱਚ ਸਿੱਖਿਆ ਲੈਣ ਆਏ, ਪਰ ਗਦਰ ਪਾਰਟੀ ਰਾਹੀਂ ਦੇਸ਼ ਦੁਆਬੇ ਨੂੰ ਆਜ਼ਾਦ ਕਰਾਉਣ ਲਈ ਫਾਂਸੀ ਦੇ ਰੱਸੇ ਤੇ ਝੂਲ ਗਏ, ਪਰ ਦੁਆਬੀਆਂ ਨੂੰ ਉਸ ਬਾਰੇ ਪਤਾ ਹੀ ਨਹੀਂ। ਦੁਆਬਾ ਦੇਸ਼ ਵਿੱਚ ਬੱਬਰ ਅਕਾਲੀ ਲਹਿਰ ਚੱਲੀ ਜਿਸ ਨੇ ਅੰਗਰੇਜ਼ਾਂ ਦੇ ਟਾਊਟਾਂ ਦੀਆਂ ਬੁੱਚੀਆਂ ਪੁਆ ਦਿੱਤੀਆਂ। ਡਾ. ਬਖਸ਼ੀਸ਼ ਸਿੰਘ ਨਿੱਝਰ ਨੇ ਉਨ੍ਹਾਂ ਬਾਰੇ ਵਧੀਆ ਖੋਜ ਪੁਸਤਕ ਲਿਖੀ ਹੈ।

ਬੱਬਰਾਂ ਨੇ ਗੱਦਾਰ ਬੇਲਾ ਸਿੰਘ ਜਿਆਣ ਨੂੰ ਬਹੁਤ ਬੁਰੀ ਤਰ੍ਹਾਂ ਚੱਬੇਵਾਲ ਕੋਲ ਮਾਰਿਆ।

ਉਸ ਦਾ ਦੋਸ਼ ਸੀ ਕਿ ਉਸ ਨੇ ਪੰਜ ਗਦਰੀ ਬਾਬਿਆਂ ਮੰਗੂ ਰਾਮ ਮੁੱਗੋਵਾਲੀਆ, ਹਰੀ ਸਿੰਘ ਉਸਮਾਨ ਆਦਿ ਨੂੰ ਮਨੀਲਾ (ਫਿਲਪਾਇਨ) ਵਿੱਚ ਅੰਗਰੇਜ਼ਾਂ ਕੋਲ ਫੜਾ ਦਿੱਤਾ। ਜਦੋਂ ਉਹ ਗਦਰ ਪਾਰਟੀ ਦਾ ਮੈਵਰਿਨ ਸਮੁੰਦਰੀ ਜਹਾਜ ਅਸਲੇ ਨਾਲ ਭਰ ਕੇ ਭਾਰਤ ਲੈ ਕੇ ਆ ਰਹੇ ਸਨ।

ਪਿੰਡ ਚੱਕ ਕਲਾਂ ਦੇ ਬੱਬਰ ਅਕਾਲੀ ਕਰਤਾਰ ਸਿੰਘ ਫਾਂਸੀ ਝੂਲ ਗਏ, ਜਿਨ੍ਹਾਂ ਬਾਰੇ ਕਾਵਿਕ ਪੁਸਤਕ ਸਾਡੇ ਤਾਇਆ ਜੀ ਬੰਤਾ ਸਿੰਘ ਮੁਗਧ ਨੇ ਲਿਖੀ, ਜਿਸ ਨੂੰ ਸ਼ਹੀਦ ਕਰਤਾਰ ਸਿੰਘ ਕਲੱਬ ਨੇ ਛਾਪਿਆ ਹੈ। ਦੇਸ਼ ਦੁਆਬੇ ਨੇ ਸਵਰਨ ਸਿੰਘ ਰੱਖਿਆ ਮੰਤਰੀ ਅਤੇ ਵਿਦੇਸ਼ ਮੰਤਰੀ ਤੇ ਬੂਟਾ ਸਿੰਘ ਗ੍ਰਹਿ ਮੰਤਰੀ ਭਾਰਤ ਸਰਕਾਰ ਦਿੱਤੇ। ਦੇਸ਼ ਦਾ ਇਕਲੌਤਾ ਪੰਜਾਬ ਅਤੇ ਪੱਛੜੇ ਵਰਗ ਦੇ ਸਿੱਖ ਗਿਆਨੀ ਜੈਲ ਸਿੰਘ ਰਾਸ਼ਟਰਪਤੀ ਅਤੇ ਗ੍ਰਹਿ ਮੰਤਰੀ ਦੇਸ਼ ਦੁਆਬੇ ਨੇ ਹੀ ਦਿੱਤੇ ਜੋ 1980 ਈ. ਵਿੱਚ ਹੁਸ਼ਿਆਰਪੁਰ ਤੋਂ ਐਮ. ਪੀ. ਬਣੇ, ਜਿੱਥੋਂ 1996 ਵਿੱਚ ਸਾਹਿਬ ਕਾਂਸ਼ੀ ਰਾਮ ਐਮ. ਪੀ. ਬਣੇ ਅਤੇ ਦੇਸ਼ ਦੀ ਮਾਨਤਾ ਪ੍ਰਾਪਤ ਰਾਸ਼ਟਰੀ ਪਾਰਟੀ ਬੀ. ਐਸ. ਪੀ. ਦੇ ਬਾਨੀ ਪ੍ਰਧਾਨ ਬਣੇ ਜਿਨ੍ਹਾਂ ਨੂੰ ਰਾਸ਼ਟਰਪਤੀ ਦੇ ਅਹੁਦੇ ਦੀ ਆਫਰ ਆਈ, ਪਰ ਉਨ੍ਹਾਂ ਠੁਕਰਾ ਦਿੱਤੀ। ਸਾਹਿਬ ਕਾਂਸ਼ੀ ਰਾਮ ਨੇ ਯੂ ਪੀ ਵਿੱਚ ਮੁਲਾਇਮ ਸਿੰਘ ਸਰਕਾਰ ਬਣ ਕੇ ਆਏ ਤਾਂ ਕਲੱਬ ਚੰਡੀਗੜ੍ਹ ਨੇ ਉਨ੍ਹਾਂ ਦੇ ਸਨਮਾਨ ਵਿੱਚ ਪਾਰਟੀ ਕੀਤੀ, ਤਾਂ ਉਨ੍ਹਾਂ ਵੀ ਉਸ ਸਮੇਂ ਕਿਹਾ ਸੀ ਕਿ ਮੈਂ ਦੁਆਬੀਆ ਮੁੰਡਾ ਹਾਂ ਉਹ ਦੁਆਬੇ ਦੇ ਸ. ਮੂਲਾ ਸਿੰਘ ਬਲਾਚੌਰ ਐਮ. ਐਲ. ਏ. ਦੀ ਧੀ ਨੂੰ ਮੰਗੇ ਸੀ, ਪਰ ਉਨ੍ਹਾਂ ਨੇ ਵਿਆਹ ਨਾ ਕਰਵਾ ਕੇ ਲੋਕਤੰਤਰ ਦੀ ਮਜ਼ਬੂਤੀ ਲਈ ਜੀਵਨ ਲਾ ਦਿੱਤਾ।

ਦੇਸ਼ ਦੁਆਬਾ ਨੇ ਜੇ ਭਾਰਤ ਦੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਕਈ ਵੇਰਾਂ ਸਨਮਾਨ ਕੀਤਾ, ਤਾਂ ਇਹ ਦੇਸ਼ ਦੁਆਬਾ ਹੀ ਹੈ, ਜਿਸ ਦੇ ਅਣਖੀਲੇ ਪੁੱਤਰ ਬਾਬਾ ਮੰਗੂ ਰਾਮ ਮੁੱਗੋਵਾਲੀਆ ਨੇ ਸ੍ਰੀ ਗਾਂਧੀ ਦੇ ਪੂਨੇ ਵਿਖੇ ਦਲਿਤਾਂ ਦੇ ਹੱਕਾਂ ਖਿਲਾਫ ਰੱਖੇ ਮਰਨ ਵਰਤ ਦੇ ਵਿਰੋਧ ਵਿੱਚ ਸ਼ਿਮਲੇ ਵਿਖੇ ਮਰਨ ਵਰਤ ਰੱਖਿਆ ਜੋ ਇਕਲੌਤੀ ਮਿਸਾਲ ਹੈ। ਦੇਸ਼ ਦੁਆਬਾ ਦਾ ਜਲੰਧਰ ਸ਼ਹਿਰ ਸਿੰਧੂ ਘਾਟੀ ਸੱਭਿਅਤਾ ਦਾ ਸ਼ਹਿਰ ਹੈ, ਜੋ ਕਦੇ ਸਤਲੁਜ ਦਰਿਆ ਕੰਢੇ ਵਸਿਆ ਸੀ। ਦਮੋਰੀਆ ਪੁਲ ਵਾਲੀ ਜਗ੍ਹਾ ਦਰਿਆ ਵਗਦਾ ਸੀ, ਜੋ ਕਦੇ ਸ਼ੰਕਰ ਕੋਲ ਵੀ ਵਗਦਾ ਰਿਹਾ ਤੇ ਪਰ੍ਹੇ ਹਟਦਾ ਹਟਦਾ ਮੌਜੂਦ ਜਗ੍ਹਾ ਵਹਿਣ ਲੱਗ ਪਿਆ। ਸ਼ੰਕਰ ਪਿੰਡ ਨੇ ਸ. ਸਵਰਨ ਸਿੰਘ ਰੱਖਿਆ ਮੰਤਰੀ ਤੋਂ ਇਲਾਵਾ, ਜੋਗਿੰਦਰ ਪਾਲ ਪਾਂਡੇ, ਉਸ ਦਾ ਬੇਟਾ, ਬਲਬੀਰ ਸਿੰਘ ਮੰਤਰੀ ਦਿੱਤੇ।

ਪ੍ਰਤਾਪ ਸਿੰਘ ਸ਼ੰਕਰ ਅਕਾਲ ਤਖ਼ਤ ਦੇ ਜਥੇਦਾਰ ਰਹੇ। ਇੱਥੋਂ ਦੇ ਸਰਵਣ ਸਿੰਘ ਢਾਡੀ, ਧਿਆਨਾ ਪਹਿਲਵਾਨ ਚੋਟੀ ਦੇ ਰਹੇ। ਪਾਲ ਸਿੰਘ ਪੁਰੇਵਾਲ ਨਾਨਕਸ਼ਾਹੀ ਜੰਤਰੀ ਵਾਲੇ ਸ਼ੰਕਰ ਦੇ ਹਨ। ਸਾਡੇ ਦੋ ਬਜ਼ੁਰਗ ਭਾਈ ਗੁਲਾਬ ਸਿੰਘ, ਭਾਈ ਗੁਰਬਖਸ਼ ਸਿੰਘ ਨੂੰ ਨਨਕਾਣਾ ਸਾਕੇ ਵਿੱਚ ਜਿਊਂਦੇ ਸਾੜ ਦਿੱਤਾ ਗਿਆ ਜਿਨ੍ਹਾਂ ਦੀਆਂ ਫੋਟੋਆਂ ਅਤੇ ਜੀਵਨੀਆਂ ਸ਼੍ਰੋਮਣੀ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦਾ ਇਤਿਹਾਸ ਪੁਸਤਕ ਅਤੇ ਗੁਰੂ ਨਾਨਕ ਦੇਵ ਯੂਨੀ. ਦੇ ਅੰਮ੍ਰਿਤਸਰ ਦੀ ਕਿਤਾਬ 'ਸਿਖ ਲੀਡਰਸ਼ਿਪ' ਵਿੱਚ ਛਪੀਆਂ ਹਨ। ਨਾਲ ਦੇ ਪਿੰਡ ਸਰੀਂਹ ਦੇ ਪ੍ਰੀਤਮ ਸਿੰਘ ਸਰੀਂਹ ਕਦੇ ਅਕਾਲੀ ਦਲ ਦੇ ਕਹਿੰਦੇ ਕਹਾਉਂਦੇ ਲੀਡਰ ਸਨ, ਜਿਨ੍ਹਾਂ ਨੇ 1969 ਈ. ਵਿੱਚ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਬਣਨ 'ਤੇ ਪਿੰਡ ਸਰੀਂਹ ਵਿੱਚ ਬੜੀ ਵੱਡੀ ਕਾਨਫਰੰਸ ਕੀਤੀ, ਜੋ ਮੈਂ ਦੇਖਣ ਗਿਆ ਸੀ।

ਇਸੇ ਪਿੰਡ ਦੇ ਕੁਲਦੀਪ ਸਿੰਘ ਵਡਾਲਾ ਐਮ. ਐਲ. ਏ. ਰਹੇ, ਜਿਨ੍ਹਾਂ ਦੇ ਪਿਤਾ ਵੀ ਗੁਰਦੁਆਰਾ ਸੁਧਾਰ ਲਹਿਰ ਵਿੱਚ ਜੇਲ੍ਹ ਗਏ। ਉਮਰਾਓ ਸਿੰਘ ਸਾਬਕਾ ਸਿੱਖਿਆ ਮੰਤਰੀ ਅਤੇ ਐਮ. ਪੀ. ਵੀ ਪਿੰਡ ਸਰੀਂਹ ਦੇ ਜੰਮਪਲ ਸਨ। ਸਾਡੇ ਦੇਸ਼ ਦੁਆਬੇ ਵਿੱਚ ਵੀ ਭਾਰਤ ਦੇ ਦੂਜੇ 'ਦੇਸ਼ਾਂ' ਵਾਂਗ ਊਚ-ਨੀਚ, ਅਮੀਰੀ-ਗਰੀਬੀ 'ਚ ਦੁਰਭਾਵਨਾ ਦੇ ਨਾਲਨਾਲ ਇੱਕ ਛੋਟੇ-ਵੱਡੇ ਪਿੰਡ ਦੀ ਵੀ ਦੁਰਭਾਵਨਾ ਹੈ। ਪੰਜਾਬੀ ਵਿੱਚ ਕਹਾਵਤ ਹੈ। ਵੱਡੇ ਪਿੰਡੀਂ ਵੱਸਣ ਦੇਵਤੇ, ਛੋਟੇ ਪਿੰਡੀਂ ਭੂਤਣੇ। ਸਾਡੇ ਪਿੰਡ ਦੇ ਜੱਟਾਂ ਦੇ ਅਜੀਤ ਸਿੰਘ ਗੁਆਂਢੀ ਪਿੰਡ ਸਰੀਂਹ ਦੇ ਜੱਟਾਂ ਨਾਲ ਗੱਲਾਂ ਗੱਲਾਂ 'ਚ ਬੋਲ ਬੁਲਾਰਾ ਹੋ ਗਿਆ। ਗੱਲ ਆ ਗਈ ਛੋਟੇ ਵੱਡੇ ਪਿੰਡ ਦੀ। ਅਜੀਤ ਸਿੰਘ ਦੇ ਦੱਸਣ ਅਨੁਸਾਰ ਉਨ੍ਹਾਂ ਨੂੰ ਗੱਲ ਹੋਰ ਤਾਂ ਆਈ ਨਾ, ਪਰ ਉਸ ਨੇ ਸਰੀਂਹ ਪਿੰਡ ਦੇ ਜੱਟਾਂ ਨੂੰ ਅੱਗੇ ਧਰ ਲਿਆ। ਉਨ੍ਹਾਂ ਨੇ ਕਿਹਾ ਕਿ ਬਈ ਤੁਹਾਡੇ ਨਾਲੋਂ ਤਾਂ ਸਾਡੇ ਪਿੰਡ ਦੇ ਆਦਿ-ਧਰਮੀ ਜ਼ਿਆਦਾ ਪੜ੍ਹੇ ਹਨ। ਉਸ ਨੇ ਦੱਸਿਆ ਕਿ ਸਾਡੇ ਪਿੰਡ ਦੇ ਗੁਰਦੁਆਰਾ ਸੁਧਾਰ ਲਹਿਰ ਵਿੱਚ ਦੋ ਸ਼ਹੀਦ ਹੋਏ ਹਨ ਤੁਹਾਡਾ ਕਿਹੜਾ ਹੋਇਆ। ਮੈਨੂੰ ਯਾਦ ਹੈ ਜਦੋਂ ਜੋਗਿੰਦਰ ਪਾਲ ਪਾਂਡੇ ਅਤੇ ਬਲਬੀਰ ਸਿੰਘ ਗਿਆਨੀ ਜੈਲ ਸਿੰਘ ਦੇ ਮੰਤਰੀ ਮੰਡਲ ਵਿੱਚ ਮੰਤਰੀ ਬਣੇ, ਤਾਂ ਸ਼ੰਕਰ ਪਿੰਡ ਵਾਲਿਆਂ ਨੇ ਬੜਾ ਵੱਡਾ ਜਲਸਾ ਕੀਤਾ। ਸਾਰੇ ਪਿੰਡ ਵਾਲਿਆਂ ਨੇ ਉਨ੍ਹਾਂ ਦੇ ਵੱਡੇ-ਵੱਡੇ ਨੋਟਾਂ ਵਾਲੇ ਹਾਰ ਇਨ੍ਹਾਂ ਮੰਤਰੀਆਂ ਦੇ ਗਲਾਂ ਵਿੱਚ ਪਾਏ ਪਰ ਸਾਡੇ ਪਿੰਡ ਵਾਲਿਆਂ ਜੱਟਾਂ, ਆਦਿਧਰਮੀਆਂ, ਵਾਲਮੀਕੀਆਂ, ਰਾਮਗੜ੍ਹੀਆਂ, ਪੰਡਿਤਾਂ, ਝੀਰਾਂ ਨੇ ਏਕਾ ਕਰਕੇ ਕੋਈ ਹਾਰ ਨਹੀਂ ਪਾਏ। ਮੈਂ ਵੀ ਉਸ ਜਲਸੇ ਵਿੱਚ ਗਿਆ। ਮੈਂ ਆਪਣੇ ਪਿੰਡ ਵਾਲਿਆਂ ਦੇ ਰਵੱਈਏ ਨੂੰ ਬੜੇ ਗਹੁ ਨਾਲ ਦੇਖਿਆ ਜਿਸ ਦਾ ਪ੍ਰਭਾਵ ਮੇਰੇ ਮਨ ਨੇ ਕਬੂਲਿਆ ਕਿ ਹੁਕਮਰਾਨਾਂ ਨਾਲ ਟੱਕਰ ਲੈਣੀ ਚਾਹੀਦੀ। ਪਰ ਇਸ ਦਾ ਸਿੱਟਾ ਇਹ ਨਿਕਲਿਆ ਕਿ ਸ਼ੰਕਰ ਵਾਲੇ ਮੰਤਰੀਆਂ ਨੇ ਸ਼ੰਕਰ ਤੋਂ ਸਾਡੇ ਪਿੰਡ ਸੜਕ ਕੋਈ 30 ਸਾਲ ਪੱਕੀ ਨਹੀਂ ਹੋਣ ਦਿੱਤੀ। ਬਾਕੀ ਸਾਰੇ ਪਿੰਡਾਂ ਨੂੰ ਸ਼ੰਕਰ ਤੋਂ ਪੱਕੀਆਂ ਸੜਕਾਂ ਬਣੀਆਂ। ਸਾਨੂੰ ਆਸ਼ਾ ਅੰਤਰੀਵ ਵਾਂਗ ਸਰੀਂਹ ਜਾਂ ਟਾਹਲੀ ਪਿੰਡਾਂ ਵਿੱਚੋਂ ਘੁੰਮ ਕੇ ਜਾਣਾ ਪੈਂਦਾ।

ਹੁਣ ਜਾ ਕੇ ਸੜਕ ਪੱਕੀ ਹੋਈ, ਪਰ ਸਾਡੇ ਪਿੰਡ ਦੇ ਝੁਕੇ ਨਹੀਂ। ਗੱਲ ਆ ਗਈ ਹੈ ਦੂਜੇ ਨੂੰ ਅਮੀਰ-ਗਰੀਬ, ਛੋਟੀ-ਵੱਡੀ ਜਾਤ ਜਾਂ ਛੋਟੇ- ਵੱਡੇ ਪਿੰਡ ਦੇ ਪਲੜੇ 'ਚ ਤੋਲ ਕੇ ਜ਼ਲੀਲ ਕਰਨ ਦੀ। ਇਹ ਜਹਾਲਤ ਦੇਸ਼ ਦੁਆਬੇ ਜਾਂ ਭਾਰਤ ਦੇਸ਼ ਵਿੱਚ ਹੀ ਨਹੀਂ। ਦੇਸ਼ ਦੁਆਬੇ ਵਾਲੇ ਇਸ ਜਹਾਲਤ ਨੂੰ ਲੜ ਬੰਨ੍ਹ ਕੇ ਵਿਦੇਸ਼ਾਂ ਵਿੱਚ ਵੀ ਲੈ ਗਏ ਹਨ। ਕਥਿਤ ਛੋਟੀਆਂ ਜਾਤਾਂ ਵਿੱਚ ਅਮੀਰ ਆਪਣੇ ਗਰੀਬ ਭਰਾਵਾਂ ਨਾਲ ਨੀਚਤਾ ਭਰਿਆ ਵਰਤਾਓ ਕਰਦੇ ਹਨ।

ਸਾਡੀ ਹਵੇਲੀ ਦੀ ਕੰਧ 'ਤੇ ਕੈਨੇਡੀਅਨ ਸ਼ਰੀਕ ਨੇ ਕੰਧ ਧਰ ਕੇ ਮਕਾਨ ਬਣਾ ਲਿਆ। ਮੈਂ ਆਪਣੇ ਸਕੇ ਕੈਨੇਡੀਅਨ ਤਾਏ ਕੋਲ ਸ਼ਿਕਾਇਤ ਕੀਤੀ, ਤਾਂ ਉਸ ਨੇ ਕਿਹਾ ਕਿ ਤੁਸੀਂ ਪੈਸੇ ਲੈ ਲਓ।

ਲੋਕ ਜ਼ੁਲਮਾਂ-ਸਿਤਮਾਂ ਦੇ ਸਦੀਆਂ ਤੋਂ ਸ਼ਿਕਾਰ ਲੋਕ ਆਪਣਿਆਂ ਨਾਲ ਪਿਆਰ ਨਿਆਂ ਦੀ ਬੋਲੀ ਦੀ ਥਾਂ ਪੈਸੇ ਦੀ ਡਾਲਰਾਂ ਪੌਂਡਾਂ ਦੀ ਬੋਲੀ ਬੋਲਣ ਲੱਗ ਪਏ ਹਨ। ਹੋਰ ਤਾਂ ਹੋਰ ਸਾਡੇ ਤਾਏ ਨੇ ਆਪਣੀ ਜੀਵਨੀ ਲਿਖ ਮਾਰੀ, ਜਿਸ ਵਿੱਚ ਉਨ੍ਹਾਂ ਨੇ ਆਪਣੇ ਖਾਨਦਾਨ ਦਾ ਗੁਣਗਾਣ ਕਰਨ ਦੀ ਬਜਾਏ ਇੱਕ ਲਾਈਨ ਲਿਖ ਦਿੱਤੀ ਕਿ ਮੈਂ ਆਪਣੇ ਭਰਾਵਾਂ ਦੀ ਪਾਲਣਾ-ਪੋਸ਼ਣਾ ਕਰਦਾ ਹਾਂ ਜਦ ਕਿ ਅਸੀਂ 1975 ਤੋਂ ਨੌਕਰੀਆਂ ਕਰਦੇ ਹਾਂ ਅਤੇ ਉਸ ਨਾਲੋਂ ਵੱਧ ਅਮੀਰ ਹਾਂ। ਗੱਲ ਕੀ 'ਤੇਲੀ ਰੇ ਤੇਲੀ ਤੇਰੇ ਸਿਰ ਪੇ ਕੋਹਲੂ'। ਸਾਡੇ ਪਿਤਾ ਐਮ. ਏ. (ਇਕਨਾਮਿਕਸ), ਰੂਸੀ ਭਾਸ਼ਾ 'ਚ ਡਿਪਲੋਮਾ ਕਰਕੇ 1952 ਤੋਂ ਨੌਕਰ ਲੱਗੇ। ਦੇਸ਼ ਦੁਆਬਾ ਤਲਵਣ ਵਾਂਗ ਉੱਭਰ ਕੇ ਦੇਸ਼ ਵਿਦੇਸ਼ ਵਿੱਚ ਵੱਸ ਰਿਹਾ ਹੈ ਪਰ ਦੇਸ਼ ਦੁਆਬਾ ਨੂੰ ਚਾਹੀਦਾ ਸੀ ਕਿ ਵਿਦੇਸ਼ਾਂ ਵਿੱਚ ਜਾਂ ਭਾਰਤ ਦੀ ਜਾਤੀਵਾਦੀ ਵਿਵਸਥਾ ਨੂੰ ਲੱਤ ਮਾਰ ਕੇ ਭਾਰਤੀ ਹੁਕਮਰਾਨਾਂ ਦੀਆਂ ਦੋਗਲੀਆਂ ਨੀਤੀਆਂ ਨੂੰ ਅੰਤਰ ਰਾਸ਼ਟਰੀ ਪੱਧਰ 'ਤੇ ਉਠਾਉਂਦਾ,êਰ ਦੇਸ਼ ਦੁਆਬਾ ਤੋਰੀ ਫੁਲਕੇ ਜਾਂ ਦਾਰੂ ਦੇ ਚੱਕਰ ਵਿੱਚ ਉਲਝ ਕੇ ਰਹਿ ਗਿਆ ਹੈ। ਨਾ ਦੇਸ਼ ਦੁਆਬਾ ਵਿੱਚ 'ਅੰਬੀਆਂ ਰਹੀਆਂ' ਨਾ ਉਹ 'ਦੇਸ਼ ਦੁਆਬਾ' ਰਿਹਾ। ਇਸ ਦੇ ਆਲੇ-ਦੁਆਲੇ ਸਤਲੁਜ ਅਤੇ ਬਿਆਸ ਵਹਿ ਰਹੇ ਹਨ ਤੇ ਇੱਕ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ ਹਨ, ਪਰ ਵਿਚਕਾਰ ਨਸ਼ਿਆਂ, ਅਨਪੜ੍ਹਤਾ, ਅਗਿਆਨਤਾ, ਅਸਹਿਣਸ਼ੀਲਤਾ, ਅਦੂਰਦ੍ਰਿਸ਼ਟੀ ਦੀ ਝੀਲ ਹੈ। ਪੈਸੇ ਦੀ ਘਾਟ ਅਤੇ ਬਹੁਤਾਤ ਦੋਵੇਂ ਵੇਲੇ ਬੜੇ ਸੰਜਮ ਦੀ ਲੋੜ ਹੈ। ਦੇਸ਼ ਦੁਆਬਾ ਦਾ ਇਹ ਅੰਕ 'ਦੇਸ਼ ਦੁਆਬੇ' ਦੇ ਪ੍ਰਵਾਸੀਆਂ ਦੇ ਦਰਾਂ ਦੀਆਂ ਬਰੂਹਾਂ 'ਤੇ ਦਸਤਕ ਦੇ ਰਿਹਾ ਹੈ। ਬਾਕੀ ਹੋਰ ਗੱਲਾਂ ਅਗਲੇ ਅੰਕ ਵਿੱਚ ਬੈਠ ਕੇ ਕਰਾਂਗੇ।

# ਕੇਜਰੀਵਾਲ ਦੀ ਤਾਨਾਸ਼ਾਹੀ ਕਾਰਨ ਪਾਰਟੀ ਦਾ ਨੁਕਸਾਨ: ਯਾਦਵ

**ਚੰਡੀਗੜ੍ਹ-** ਆਮ ਆਦਮੀ ਪਾਰਟੀ ਦੇ ਬਾਗ਼ੀ ਧੜੇ ਦੇ ਨੇਤਾ ਯੋਗੇਂਦਰ ਯਾਦਵ ਨੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਰਵੱਈਏ ਨੂੰ ਤਾਨਾਸ਼ਾਹੀ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਕੇਜਰੀਵਾਲ ਦੇ ਤਾਨਾਸ਼ਾਹੀ ਰਵੱਈਏ ਨਾਲ ਪਾਰਟੀ ਦਾ ਨੁਕਸਾਨ ਹੋਇਆ ਹੈ ਤੇ ਵਰਕਰਾਂ ਦੇ ਹੌਸਲੇ ਪਸਤ ਹੋਏ ਹਨ। ਉਨ੍ਹਾਂ ਅਗਲੀ ਰਣਨੀਤੀ ਦੇ ਐਲਾਨ ਲਈ 14 ਅਪਰੈਲ ਨੂੰ ਦਿੱਲੀ ਵਿੱਚ ਦੇਸ਼ ਪੱਧਰੀ ਇਕੱਠ ਸੱਦਿਆ ਹੈ। ਯੋਗੇਂਦਰ ਯਾਦਵ ਨੇ ਇੱਥੋਂ ਦੇ ਪੀਪਲਜ਼ ਕਨਵੈਨਸ਼ਨ ਸੈਂਟਰ ਵਿੱਚ 14 ਅਪਰੈਲ ਦੇ ਸਵਰਾਜ ਸੰਵਾਦ ਇਕੱਠ ਲਈ ਪੰਜਾਬ ਅਤੇ ਹਰਿਆਣਾ ਦੇ ਵਰਕਰਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਪਾਰਟੀ ਵਿਚਲੀ ਖਿੱਚੋਤਾਣ ਕਰਕੇ ਵਾਲੰਟੀਅਰਾਂ ਦੇ ਹੌਸਲੇ ਟੁੱਟੇ ਹਨ ਤੇ ਵਰਕਰਾਂ ਵਿੱਚ ਲੀਡਰਸ਼ਿਪ ਪ੍ਰਤੀ ਗੁੱਸਾ ਵਧਿਆ ਹੈ। ਉਨ੍ਹਾਂ ਨੇ ਅੱਜ ਦੀ ਮੀਟਿੰਗ ਵਿੱਚ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਤਕਰਾਰ ਹੋਣ ਦੀ ਕਹਾਣੀ ਦਸਦਿਆਂ ਕਿਹਾ ਕਿ ਉਹ ਭਵਿੱਖ ਦੀ ਰਣਨੀਤੀ ਤੈਅ ਕਰਨ ਦਾ ਫ਼ੈਸਲਾ ਲੋਕਾਂ 'ਤੇ ਛੱਡ ਰਹੇ ਹਨ। ਉਨ੍ਹਾਂ ਸੰਕੇਤ ਦਿੱਤਾ ਕਿ ਦਿੱਲੀ ਦੀ 14 ਅਪਰੈਲ ਦੀ ਇਕੱਤਰਤਾ ਵਿੱਚ ਲੋਕਾਂ ਦੀ ਇੱਛਾ ਜਾਣਨ ਤੋਂ ਬਾਅਦ ਕੋਈ ਅਹਿਮ ਐਲਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਮਹਿਸੂਸ ਕਰਨ ਲੱਗੇ ਹਨ ਕਿ ਹੁਣ ਪਾਰਟੀ ਸੁਪਰੀਮੋ ਦੀਆਂ ਜ਼ਿਆਦਤੀਆਂ ਸਹਿਣ ਦਾ ਸਮਰੱਥਾ ਨਹੀਂ ਰਹੀ ਹੈ।

ਉਨ੍ਹਾਂ ਦੋਸ਼ ਲਾਇਆ ਕਿ ਅਰਵਿੰਦ ਕੇਜਰੀਵਾਲ ਉਨ੍ਹਾਂ ਸਮੇਤ ਪ੍ਰਸ਼ਾਂਤ ਭੂਸ਼ਣ ਨੂੰ ਆਪਣੇ ਰਾਹ ਦਾ ਰੋੜਾ ਸਮਝਣ ਲੱਗ ਪਏ ਸਨ। ਇਸ ਕਰਕੇ ਦੋਹਾਂ ਨੂੰ ਪਾਰਟੀ 'ਚੋਂ ਬਾਹਰ ਕਰਨ ਦਾ ਫ਼ੈਸਲਾ ਅੰਦਰਖ਼ਾਤੇ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਲੈ ਲਿਆ ਗਿਆ ਸੀ। ਉਨ੍ਹਾਂ ਕਿਹਾ ਕਿ ਸਿਆਸੀ ਮਾਮਲਿਆਂ ਦੀ ਕਮੇਟੀ ਦੇ ਮੈਂਬਰ ਦੀ ਹੈਸੀਅਤ 'ਚ ਕਈ ਦਾਗੀ ਉਮੀਦਵਾਰਾਂ ਨੂੰ ਟਿਕਟ ਦੇਣ ਦਾ ਵਿਰੋਧ ਕਰਨ ਕਰਕੇ ਉਨ੍ਹਾਂ ਨੂੰ ਇਹ ਦਿਨ ਦੇਖਣੇ ਪਏ ਹਨ। ਇਸ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਦੇ ਅਧਿਆਪਕ ਅਤੇ 'ਆਪ' ਵਿੱਚੋਂ ਮੁੱਅਤਲ ਆਗੂ ਪ੍ਰੋ. ਮਨਜੀਤ ਸਿੰਘ ਨੇ ਆਪਣੇ ਸੰਬੋਧਨ ਕੀਤਾ। ਹਰਿਆਣਾ ਤੋਂ ਰਾਜੀਵ ਗੋਦਾਰਾ ਨੇ ਵੀ ਅਰਵਿੰਦ ਕੇਜਰੀਵਾਲ ਦੀਆਂ ਜ਼ਿਆਦਤੀਆਂ ਅਤੇ ਪਾਰਟੀ ਅੰਦਰ ਵਾਲੰਟੀਅਰਾਂ ਦੀ ਆਵਾਜ਼ ਦਬਾਏ ਜਾਣ ਦਾ ਦੋਸ਼ ਲਾਇਆ।

## ਕੀ ਕਰਨ ਕਲਮਾਂ?

ਹੋਣੀ ਕਦਰ ਦੀ ਲਾਲ ਤੇ ਹੀਰਿਆਂ ਦੀ
ਭਾਅ ਸੋਨੇ ਦੇ ਵਿਕ ਰਿਹਾ ਕੱਚ ਹੋਵੇ।
ਉਥੇ ਫ਼ਲਸਫ਼ਾ ਕਾਟ ਨਾ ਕਰੇ ਕੋਈ
ਕੁਫ਼ਰ ਟਹਿਕਦਾ, ਸਹਿਕਦਾ ਸੱਚ ਹੋਵੇ।
ਭੇਡਾਂ ਵਾਂਗ ਜੋ ਤੁਰਨ ਕੀ ਜਾਣ ਸਕਦੇ
ਕਿੱਦਾਂ ਖੰਡੇ ਦੀ ਧਾਰ 'ਤੇ ਨੱਚ ਹੋਵੇ।
ਆਟੇ-ਦਾਲ ਤੇ ਮੁਫਤ ਦੇ ਸਾਈਕਲਾਂ ਦਾ
ਗੌਰਮਿੰਟ ਨੇ ਪਾਇਆ ਜੇ ਲੱਚ ਹੋਵੇ।
ਮੂੰਹ ਬੰਦ ਹੀ ਰੱਖਦੇ ਅਕਲ ਵਾਲੇ
ਪੈਂਦੀ ਢੋਲ-ਢਮੱਕੇ ਦੀ ਖੱਚ ਹੋਵੇ।
ਉਥੇ ਕਰੇ ਕੀ ਕਲਮ ਲਿਖਾਰੀਆਂ ਦੀ
ਜਿੱਥੇ ਲੋਕਾਂ ਦਾ ਮਰ ਗਿਆ ਮੱਚ ਹੋਵੇ!

**- ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**

# ਇਤਿਹਾਸਿਕ ਇਕੱਠ ਦੇ ਵਿਚ ਸੰਪਨ ਹੋਇਆ 15ਵਾਂ ਮੇਲਾ ਗਦਰੀ ਬਾਬਿਆਂ ਦਾ'

ਦੇ ਸ਼ਹੀਦਾਂ ਮੇਵਾ ਸਿੰਘ ਲੋਪੋਕੇ, ਸਰਦਾਰ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਸਰੈਣ ਸਿੰਘ ਵੱਡਾ, ਸਰੈਣ ਸਿੰਘ ਛੋਟਾ, ਜਗਤ ਸਿੰਘ, ਹਰਨਾਮ ਸਿੰਘ ਅਤੇ ਬਖਸ਼ੀਸ਼ ਸਿੰਘ ਗਿਲਵਾਲੀ ਦੀ ਸ਼ਹਾਦਤ ਦੀ ਸ਼ਤਾਬਦੀ ਨੂੰ ਸਮਰਪਿਤ ਸੀ।ਇਸ ਮੇਲੇ ਵਿਚ ਮੁੱਖ ਬੁਲਾਰੇ ਪ੍ਰਸਿੱਧ ਪੱਤਰਕਾਰ ਅਤੇ ਕਾਲਮਨਾਵੀਸ ਸ੍ਰ ਜਤਿੰਦਰ ਪਨੂੰ ਜੀ ਸਨ ਜਿਨਾਂ ਦੇ ਇਕ ਇਕ ਬੋਲ ਨੂੰ ਹਜ਼ਾਰਾ ਲੋਕਾਂ ਨੇ ਸਾਹ ਰੋਕ ਕੇ ਸੁਣਿਆ।

ਇਸ ਮੇਲੇ ਵਿਚ ਇੰਡੀਅਨ ਕਾਂਸਲੇਟ ਆਫਿਸ ਸਾਂਨਫਰਾਸਿਸਕੋ ਵਲੋਂ ਸ੍ਰੀ ਡੈਬਾਬਰਟਾ ਚਟੋਪਾਧਿਏ ਨੇ ਪਰਿਵਾਰ ਸਮੇਤ ਸ਼ਾਮਿਲ ਹੋ ਕੇ ਦੇਸ਼ ਦੀ ਅਜ਼ਾਦੀ ਦੇ ਸ਼ਹੀਦਾਂ ਨੂੰ ਨਮਨ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਸਫਾਰਤਖਾਨੇ ਵਲੋ ਅਗੇ ਤੋਂ ਵੀ ਅਜਿਹੇ ਉਪਰਾਲਿਆ ਦਾ ਸਮਰਥਨ ਕਰਦੇ ਰਹਿਣਗੇ। ਮੇਲੇ ਵਿਚ ਹੇਅਰ ਮੀਡੀਆ, 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਅਤੇ ਰੂਹ ਪੰਜਾਬ ਦੀ ਦੀਆਂ ਟੀਮਾਂ ਦੇ ਕੋਈ 50 ਦੇ ਕਰੀਬ ਬੱਚਿਆ ਨੇ ਗਿੱਧੇ, ਭੰਗੜੇ ਗੀਤ,ਕਵਿਤਾਵਾਂ ਅਤੇ ਸਕਿਟਾਂ ਦੇ ਰੂਪ ਆਪਣੀਆਂ ਦਿੱਲ ਖਿੱਚਵੀ ਪੇਸ਼ਕਾਰੀ ਕੀਤੀ। ਸਮਾਗਮ ਦੀ ਸ਼ੁਰੂਆਤ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਨੇ ਆਏ ਹੋਏ ਮਹਿਮਾਨਾਂ ਅਤੇ ਦਰਸ਼ਕਾਂ ਨੂੰ ਜੀ ਆਇਆਂ ਆਖਦਿਆਂ ਕੀਤੀ ਜਿਸ ਉਪਰੰਤ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਸ਼ਹੀਦਾ ਨੂੰ ਸੱਜਦਾ ਕਰਦਿਆਂ ਦੇਸ਼ ਭਗਤੀ ਦੇ ਗੀਤ ਗਾ ਕੇ ਮਹੌਲ ਬੰਨਿਆ।

ਸਮਾਗਮ ਦੇ ਮੁਖ ਮਹਿਮਾਨ ਜਤਿੰਦਰ ਪੰਨੂ ਨੇ ਆਪਣੇ 35 ਮਿੰਟ ਦੇ ਭਾਸ਼ਨ ਵਿਚ ਕਈ ਸੰਜੀਦਾ ਮਸਲੇ ਛੋਹੇ ਅਤੇ ਪੰਜਾਬ ਨੂੰ ਦਰਪੇਸ਼ ਮਸਲਿਆ ਤੇ ਆਪਣੇ ਵੱਖਰੇ, ਬੇਬਾਕ ਤੇ ਰੌਚਕ ਅੰਦਾਜ਼ ਵਿਚ ਟਿੱਪਣੀਆਂ ਕੀਤੀਆ। ਉਹਨਾਂ ਕਿਹਾ ਕਿ ਪੰਜਾਬ ਨੂੰ ਅੱਜ ਪਰਵਾਸੀ ਪੰਜਾਬੀਆਂ ਦੀ ਮਦਦ ਦੀ ਲੋੜ ਹੈ ਕਿਉਕਿ ਉਥੋਂ ਦਾ ਸਮਾਜਕ, ਆਰਥਕ ਤੇ ਰਾਜਨੀਤਕ ਤਾਣਾ-ਬਾਣਾ ਵਿਗੜਿਆ ਹੋਇਆ ਹੈ, ਉਥੋਂ ਦੀ ਮਿੱਟੀ ਪਾਣੀ ਤੋਂ ਲੈਕੇ ਜਵਾਨੀ ਤੱਕ ਸਾਰਾ ਕੁਝ ਤਬਾਹੀ ਦੇ ਕੰਢੇ ਤੇ ਹੈ।ਉਨਾਂ ਪ੍ਰਵਾਸੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਨਾ ਨੇ ਜਿਸ ਤਰਾਂ ਬਾਹਰਲੇ ਮੁਲਕਾਂ ਵਿਚ ਥਾਂ-ਥਾਂ ਨਿਕੇ ਪੰਜਾਬ ਵਸਾ ਲਏ ਨੇ ਉਸਾ ਤਰਾਂ ਆਪਣੇ ਆਪਣੇ ਪਿੰਡਾਂ ਵਿਚ ਨਿਕੇ ਨਿਕੇ ਅਮਰੀਕਾ ਕੈਨੇਡਾ ਵੀ ਬਣਾਉਣ ਤਾਂ ਜੋ ਪੰਜਾਬ ਮੁੜ ਖੁਸ਼ਹਾਲੀ ਦੇ ਰਾਹ ਪੈ ਸਕੇ। ਉਹਨਾਂ ਪੱਛਮੀ ਸੱਭਿਆਚਾਰ ਦੀਆਂ ਅਗਾਂਹਵਧੂ ਚੀਜ਼ਾਂ ਨੂੰ ਅਪਣਾਉਣ ਦੀ ਸਲਾਹ ਵੀ ਦਿੱਤੀ। ਉਨਾਂ ਨੇ ਕਿਹਾ ਕਿ ਸਾਨੂੰ ਸਾਡੇ ਸ਼ਹੀਦਾ ਅਤੇ ਇਤਿਹਾਸਿਕ ਸਭਿਆਚਾਰਕ ਵਿਰਸੇ ਦੀਆਂ ਗੱਲਾਂ ਬੱਚਿਆਂ ਨੂੰ ਦੱਸਦੇ ਰਹਿਣਾ ਚਾਹੀਦਾ ਹੈ ਪਰ ਇਸ ਦੇ ਨਾਲ ਹੀ ਉਨਾਂ ਨੇ ਅਗਲੀ ਪੀੜੀ ਨੂੰ ਅਮਰੀਕਾ ਦੀ ਮੁਖ ਧਾਰਾ ਨਾਲ ਜੋੜ ਕੇ ਰੱਖਣ ਦੀ ਲੋੜ ਤੇ ਜੋਰ ਦਿਤਾ। ਗੁਰਬਾਣੀ ਕਥਨ 'ਬਾਬਾਣੀਆਂ ਕਹਾਣੀਆ, ਪੁੱਤ ਸਪੁੱਤ ਕਰੇਨਿ' ਦੇ ਹਵਾਲੇ ਨਾਲ ਸ. ਪੰਨੂ ਨੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਸੰਸਥਾ ਨੂੰ ਵਧਾਈ ਦਿੰਦਿਆ ਕਿਹਾ ਕਿ ਅਮਰੀਕਾ ਦੀ ਧਰਤੀ ਤੇ ਗਦਰੀ ਬਾਬਿਆਂ ਦੀ ਯਾਦ ਨੂੰ ਮੇਲੇਆ ਰਾਹੀਂ ਗਦਰੀ ਬਾਬਿਆ ਦੇ ਸੰਦੇਸ਼ ਨੂੰ ਫੈਲਾ ਕੇ ਉਹ ਵਾਕਿਆ ਹੀ ਸਪੂਤਾ ਵਾਲਾ ਕੰਮ ਕਰ ਰਹੇ ਹਨ।

ਉਹਨਾਂ ਭਾਰਤੀ ਲੋਕਾਂ ਅਤੇ ਸਰਕਾਰਾਂ ਤੇ ਗਿਲਾ ਕਰਦਿਆਂ ਕਿਹਾ ਕਿ ਸਮੁੱਚੇ ਦੇਸ਼ ਲਈ ਬਿਨਾਂ ਕਿਸੇ ਲੋਭ ਲਾਲਚ ਦੇ ਕੁਰਬਾਨੀਆਂ ਕਰਨ ਵਾਲੇ ਸ਼ਹੀਦਾਂ ਨੂੰ ਹੀ ਵਰਗੀਕ੍ਰਿਤ ਕਰਕੇ ਵੰਡ ਦਿੱਤਾ ਗਿਆ ਹੈ। ਅੰਤ ਵਿਚ ਉਹਨਾਂ ਆਪਣੇ ਸਮਾਜ ਅਤੇ ਮੁਲਕ ਦੀ ਚੜ੍ਹਦੀ ਕਲਾ ਵਿਚ ਯੋਗਦਾਨ ਪਾਉਣ ਲਈ ਸਭਨਾਂ ਨੂੰ ਗਦਰੀ ਬਾਬਿਆਂ ਦੀ ਸਹੁੰ ਖਾਣ ਲਈ ਵੀ ਪ੍ਰੇਰਿਤ ਕੀਤਾ। ਫੋਰਮ ਦੇ ਸਰਪ੍ਰਸਤ ਸ. ਗੁਰਦੀਪ ਸਿੰਘ ਅਣਖੀ ਨੇ ਮੇਲੇ ਵਿਚ ਉਤਸ਼ਾਹ ਨਾਲ ਪਹੁੰਚੇ ਲੋਕਾਂ ਦਾ ਧੰਨਵਾਦ ਕਰਦਿਆ ਕਿਹਾ ਕਿ ਸਾਨੂੰ ਗਦਰੀ ਬਾਬਿਆ ਦੇ ਫਲਸਫੇ ਤੋਂ ਜੀਵਨ ਸੇਧ ਲੈਣੀ ਚਾਹੀਦੀ ਹੈ। ਨਾਮਧਾਰੀ ਸੰਗਤ ਲਾਸ ਏਂਜਲਸ ਤੋਂ ਸ. ਪ੍ਰੀਤਮ ਸਿੰਘ ਅਤੇ ਬਚਿੱਤਰ ਸਿੰਘ ਨੇ ਵੀ ਆਪੋ ਆਪਣੇ ਵਿਚਾਰ ਸਾਂਝੇ ਕੀਤੇ। ਕੈਲੇਫੋਰਨੀਆ ਸੰਗੀਤ ਗਰੁੱਪ ਦੇ ਗਾਇਕ ਤਰਲੋਕ ਸਿੰਘ, ਅਨੂਪ ਚੀਮਾ, ਅਮਰਜੀਤ ਦੂਲੇ ਅਤੇ ਜਗਦੇਵ ਸਿੰਘ ਤੋਂ ਇਲਾਵਾ ਜੀਤਾ ਗਿੱਲ, ਧਰਮਵੀਰ ਥਾਂਦੀ, ਰਾਜ ਬਰਾੜ ਅਤੇ ਤਨਵੀਰ ਅਖਤਰ ਵਰਗੇ ਗਾਇਕਾਂ ਨੇ ਸਮੇਂ ਸਮੇਂ ਤੇ ਸੰਗੀਤਕ ਮਹੌਲ ਸਿਰਜਿਆ।

ਗਦਰੀ ਬਾਬਿਆ 'ਤੇ ਹੋਰ ਦੇਸ਼ ਭਗਤਾਂ ਦੀਆਂ ਤਸਵੀਰਾ ਦੀ ਪ੍ਰਦਰਸ਼ਨੀ ਵੀ ਇਸ ਮੇਲੇ ਦਾ ਆਕਰਸ਼ਣ ਬਣੀ ਜਿਸ ਨੂੰ ਮੇਲੇ ਵਿਚ ਆਏ ਲੋਕਾਂ ਨੇ ਬਹੁਤ ਹੀ ਰੀਝ ਨਾਲ ਵੇਖਿਆ।ਇਸ ਮੇਲੇ ਵਿਚ ਇਤਿਹਾਸ ਦੇ ਮਾਹਰਾਂ ਦੇ ਲੇਖਾਂ ਅਤੇ ਕਵਿਤਾਵਾਂ ਨਾਲ ਸੱਜਿਆ ਧਜਿਆ ਇਕ ਸੋਵੀਨਰ ਵੀ ਰਲੀਜ ਕੀਤਾ ਗਿਆ। ਪੜ੍ਹਾਈ ਵਿਚ ਵੱਧੀਆ ਗਰੇਡ ਪ੍ਰਾਪਤ ਕਰਨ ਵਾਲੇ 34 ਵਿਦਿਆਰਥੀਆ ਨੂੰ ਸੰਸਥਾ ਵਲੋਂ ਨਗਦ ਇਨਾਮ ਅਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਬਾਬਾ ਜਵਾਲਾ ਸਿੰਘ ਠੱਠੀਆਂ ਦੀਆਂ ਹੱਥ ਲਿਖਤਾਂ 'ਤੇ ਅਧਾਰਤ, ਚਰੰਜੀ ਲਾਲ ਕੰਗਣੀਵਾਲ ਦੀ ਲਿਖੀ ਇਕ ਕਿਤਾਬ ਅਤੇ ਡਾ ਗੁਰੂਮੇਲ ਸਿੱਧੂ ਦੀ ਲਿਖੀ ਕਿਤਾਬ 'ਗਦਰ ਦਾ ਦੂਜਾ ਪੱਖ' ਲੋਕ ਅਰਪਿਤ ਕੀਤੀਆਂ ਗਈਆਂ। ਮੇਲੇ ਵਿਚ ਚਾਹ-ਪਕੌੜੇ ਅਤੇ ਲੰਗਰ ਸ਼ਾਮ ਤੱਕ ਲਗਾਤਾਰ ਚਲਦਾ ਰਿਹਾ। ਇਸ ਮੇਲੇ ਵਿਚ ਲਾਂਸ ਏਂਜਲਸ ਤੋਂ ਵੱਡੀ ਗਿਣਤੀ ਵਿਚ ਨਾਮਧਾਰੀ ਸੰਗਤ ਅਤੇ ਬੀਬੀਆਂ ਖਾਸ ਤੌਰ 'ਤੇ ਹਾਜ਼ਰੀ ਲਗਵਾਈ। ਸਟੇਜ ਦੀ ਕਾਰਵਾਈ ਆਸ਼ਾ ਸ਼ਰਮਾ, ਦਲਜੀਤ ਰਿਆੜ ਅਤੇ ਹਰਜਿੰਦਰ ਢੇਸੀ ਨੇ ਬਾਖੂਬੀ ਨਿਭਾਅ ਕੇ ਮੇਲੇ ਦੀ ਰੌਚਕਤਾ ਵਿਚ ਵਾਧਾ ਕੀਤਾ। ਮੇਲੇ ਦੀ ਸਫਲਤਾ ਭਾਈਚਾਰੇ ਵਲੋਂ ਹਰ ਤਰਾਂ ਦੀ ਮਦਦ ਦਿਲ ਖੋਲ੍ਹ ਕੇ ਕੀਤੀ ਗਈ ਮਦਦ ਲਈ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਧੰਨਵਾਦ ਕੀਤਾ ਗਿਆ ਅਤੇ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਮੇਲੇ ਦੀ ਸਮਾਪਤੀ ਦਾ ਐਲਾਨ ਕੀਤਾ ਗਿਆ।

## (ਮਿੰਨੀ ਕਹਾਣੀ) ਵਿਸਾਖੀ ਵਾਲੇ ਗੀਤ



ਜੈਲਾ ਵਿਹੜੇ 'ਚ ਬੈਠਾ ਵਾਣ ਦੀ ਰੱਸੀ ਵੱਟ ਰਿਹਾ ਸੀ। ਅਚਾਨਕ ਉਸਦਾ ਪੋਤਰਾ ਜਿਸਦੀ ਉਮਰ ਦਸ ਕੁ ਸਾਲ ਸੀ ਕਹਿਣ ਲੱਗਾ, "ਬਾਪੂ ਜੀ ਕਣਕ ਵੇਚ ਕੇ ਆਪਾਂ ਵਿਸਾਖੀ ਦਾ ਮੇਲਾ ਦੇਖਣ ਜਾਵਾਂਗੇ ਤੇ ਗੀਤ ਗਾਵਾਂਗੇ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ'। ਜੈਲਾ ਉਸਦੀ ਮਾਸੂਮ ਮੁਸਕਰਾਹਟ ਦੇਖ ਉਦਾਸ ਹੋ ਗਿਆ ਤੇ ਕਹਿਣ ਲੱਗਾ, "ਪੁੱਤਰਾ ਵਿਸਾਖੀ ਦੇਖਣ ਦੇ ਵੱਕਤ ਕਦੋਂ ਦੇ ਤੁਰ ਗਏ। ਅੱਜ-ਕੱਲ੍ਹ ਕਿਸਾਨ ਕਣਕ ਵੇਚ ਕੇ ਨਹੀਂ, ਮੰਡੀ 'ਚ ਸੁੱਟ ਕੇ ਆਉਂਦਾ ਏ। ਕਿਉਂਕਿ ਵੇਚੀ ਚੀਜ਼ ਤਾਂ ਉਹ ਜਾਵੇ ਜਿਦੀ ਕੀਮਤ ਮਿਲੇ। ਪਰ ਹੁਣ ਤਾਂ ਮਸਾਂ ਹੀ ਸ਼ਾਹੂਕਾਰਾਂ ਦਾ ਵਿਆਜ, ਰੈਅ-ਸਪਰੇਅ ਦੇ ਖ਼ਰਚੇ ਹੀ ਪੂਰੇ ਹੁੰਦੇ ਨੇ। ਪੁੱਤਰ ਣ ਦਮਾਮੇ ਵਾਲੇ ਗੀਤ ਫੱਬਦੇ ਨਹੀਂ, ਹੁਣ ਤਾਂ ਇਹੀ ਗਾਇਆ ਕਰੋ 'ਬਈ ਬੈਂਕ ਵਾਲੀ ਗੱਡੀ ਦੇਖ ਜੱਟ ਸਲਫ਼ਾਸ ਖਾ ਗਿਆ'। ਪੋਤਰਾ ਉਦਾਸ ਹੋਏ ਬਾਪੂ ਦੇ ਗਲ਼ ਨਾਲ ਚਿੰਬੜ ਗਿਆ।

**- ਸੁਖਵਿੰਦਰ ਕੌਰ 'ਹਰਿਆਓ'**
**ਸਕੱਤਰ ਮਾਲਵਾ ਲਿਖਾਰੀ ਸਭਾ, ਸੰਗਰੂਰ +91-8146447541**

# ਮਲਿੰਦ ਪ੍ਰਕਾਸ਼ਨ ਦੀ ਨਵੀਂ ਪੁਸਤਕ 'ਜਜ਼ਬਾਤ' ਰਿਲੀਜ਼




**ਜਲੰਧਰ-** ਮਲਿੰਦ ਪ੍ਰਕਾਸ਼ਨ ਵੱਲੋਂ ਛਾਪੀ ਗਈ ਸ੍ਰੀ ਧਰਮ ਚੰਦ 'ਮਹੇ' ਦੀ ਦੂਜੀ ਕਾਵਿ-ਪੁਸਤਕ 'ਜਜ਼ਬਾਤ' ਨੂੰ ਪਿੰਡ ਢੇਸੀਆਂ ਕਾਹਨਾ ਵਿਖੇ ਡਾ. ਭੀਮ ਰਾਓ ਅੰਬੇਦਕਰ ਮਿਸ਼ਨ ਸੁਸਾਇਟੀ ਦੇ ਮੈਂਬਰਾਂ ਵੱਲੋਂ ਆਯੋਜਿਤ ਕੀਤੇ ਸਮਾਗਮ ਵਿਚ 10 ਮਾਰਚ 2015 ਨੂੰ ਰਿਲੀਜ਼ ਕੀਤਾ ਗਿਆ, ਜਿਸ ਵਿਚ ਬੀ. ਐਸ. ਪੀ. ਦੇ ਨੇਤਾਵਾਂ, ਗਾਇਕ ਬਲਵਿੰਦਰ ਬਿੱਟੂ ਤੋਂ ਇਲਾਵਾ ਹਰਮੇਸ਼ ਜੱਸਲ ਨੇ ਵਿਸ਼ੇਸ਼ ਰੂਪ ਵਿਚ ਹਿੱਸਾ ਲਿਆ।

ਬੁਲਾਰਿਆਂ ਨੇ ਸ੍ਰੀ ਧਰਮ ਚੰਦ 'ਮਹੇ' ਦੇ ਜੀਵਨ, ਉਹਨਾਂ ਦੀਆਂ ਕਾਰਗੁਜ਼ਾਰੀਆਂ ਅਤੇ ਲਿਖਤਾਂ ਨੂੰ ਵਾਚਦੇ ਹੋਏ ਆਪੋ-ਆਪਣੇ ਵਿਚਾਰ ਰੱਖੇ। ਜਿੱਥੇ ਧਰਮ ਚੰਦ 'ਮਹੇ' ਨੇ ਆਪਣੀ ਪਹਿਲੀ ਪੁਸਤਕ 'ਸਾਡਾ ਪ੍ਰਣਾਮ' ਤੋਂ 'ਜਜ਼ਬਾਤ' ਲਿਖਣ ਤੱਕ ਦੀ ਪ੍ਰਕਿਰਿਆ ਬਾਰੇ ਚਾਨਣਾ ਪਾਉਂਦੇ ਹੋਏ ਮਲਿੰਦ ਪ੍ਰਕਾਸ਼ਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੇਰੇ ਵਰਗੇ ਨਵੇਂ ਲੇਖਕ ਨੂੰ ਹੱਲਾਸ਼ੇਰੀ ਦੇ ਕੇ ਲੇਖਕ ਬਣਾ ਦੇਣਾ, ਦਲਿਤਾਂ 'ਚੋਂ ਹੋਰ ਨਵੇਂ ਉਭਰ ਰਹੇ ਲੇਖਕਾਂ ਲਈ ਆਸ ਦੀ ਕਿਰਨ ਹੈ, ਜਿਸ ਦਾ ਸਹਾਰਾ ਲੈ ਕੇ ਉਹ ਵੀ ਆਪਣੇ ਵਿਚਾਰ ਪਾਠਕਾਂ ਸਾਹਮਣੇ ਰੱਖ ਸਕਦੇ ਹਨ।

ਉਹਨਾਂ ਨੇ ਆਪਣੀ ਕਵਿਤਾ ਵੀ ਸੁਣਾਈ ਅਤੇ ਆਏ ਹੋਏ ਸਰੋਤਿਆਂ ਦਾ ਧੰਨਵਾਦ ਕੀਤਾ। ਸ੍ਰੀ ਹਰਮੇਸ਼ ਜੱਸਲ ਨੇ ਧਰਮ ਚੰਦ 'ਮਹੇ' ਦਾ ਆਪਣੀਆਂ ਦੋ ਕਾਵਿ-ਪੁਸਤਕਾਂ ਮਲਿੰਦ ਪ੍ਰਕਾਸ਼ਨ ਵੱਲੋਂ ਛਪਵਾਉਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਹਮੇਸ਼ਾ ਨਵੇਂ ਲੇਖਕਾਂ ਨੂੰ ਤਰਜੀਹ ਦਿੰਦੇ ਹਾਂ ਤਾਂ ਕਿ ਅੰਬੇਦਕਰੀ ਵਿਚਾਰਧਾਰਾ ਦਾ ਪ੍ਰਵਾਹ ਸਦਾ-ਸਦਾ ਲਈ ਚਲਦਾ ਰਹੇ।

ਇਸ ਮੌਕੇ ਜਿਹੜੇ ਪ੍ਰਮੁੱਖ ਲੋਕ ਹਾਜ਼ਰ ਸਨ, ਉਹ ਸਨ ਪ੍ਰਸਿੱਧ ਗਾਇਕ ਬਲਵਿੰਦਰ ਬਿੱਟੂ, ਹਰਮੇਸ਼ ਜੱਸਲ, ਬਲਵੀਰ ਭਾਰਤੀ, ਸੁਸ਼ੀਲ ਵਿਰਦੀ, ਸੁਰਿੰਦਰ ਵਿਰਦੀ, ਰਣਜੀਤ ਕੁਮਾਰ, ਸੁਰਿੰਦਰ ਬਬਲਾ, ਬਲਜਿੰਦਰ ਕੁਮਾਰ, ਬਲਜਿੰਦਰ ਕੁਮਾਰ ਰਾਜੂ, ਅਸ਼ਵਨੀ ਕੁਮਾਰ, ਜੁਗਿੰਦਰ ਪਾਲ ਅਤੇ ਬੀਬੀ ਗੁਰਦੇਵ ਕੌਰ 'ਮਹੇ', ਬੀਬੀ ਸੁਖਵਿੰਦਰ ਕੌਰ। ਚਾਹ ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

# ਕੋਟੇ ਤੋਂ ਪ੍ਰਮੋਸ਼ਨ ਪ੍ਰਾਪਤ ਕਰਨ ਵਾਲੇ ਹਜ਼ਾਰਾਂ ਕਰਮਚਾਰੀ ਰਿਵਰਟ ਹੋਣਗੇ

**ਲਖਨਊ-** ਉਤਰ ਪ੍ਰਦੇਸ਼ ਸਰਕਾਰ ਨੇ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਦਾ ਲਾਭ ਪ੍ਰਾਪਤ ਸਿੰਚਾਈ ਵਿਭਾਗ ਦੇ ਕਾਮਿਆਂ ਨੂੰ ਰਿਵਰਟ ਕਰਨ ਦਾ ਅਹਿਮ ਫੈਸਲਾ ਲਿਆ ਹੈ। ਇਸ ਦਾਇਰੇ ਵਿਚ ਉਹ ਕਰਮਚਾਰੀ ਅਤੇ ਅਧਿਕਾਰੀ ਹੋਣਗੇ ਜੋ 15 ਨਵੰਬਰ 1997 ਤੋਂ ਬਾਅਦ ਅਤੇ 28 ਅਪ੍ਰੈਲ 2012 ਤੋਂ ਪਹਿਲਾਂ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਦਾ ਲਾਭ ਪ੍ਰਾਪਤ ਕਰ ਚੁੱਕੇ ਹਨ।

ਹਾਲਾਂਕਿ ਰਿਵਰਟ ਹੋਏ ਕਰਮਚਾਰੀਆਂ ਅਤੇ ਅਧਿਕਾਰੀਆਂ ਦੇ ਆਰਥਿਕ ਨੁਕਸਾਨ ਦਾ ਸਰਕਾਰ ਨੇ ਖਿਆਲ ਰੱਖਿਆ ਹੈ। ਉਹਨਾਂ ਨੂੰ ਉਦੋਂ ਤੱਕ ਤਨਖਾਹ ਅਤੇ ਮਹਿੰਗਾਈ ਭੱਤਾ ਉਹਨਾਂ ਦੇ ਉੱਚੇ ਅਹੁਦੇ ਦੇ ਹਿਸਾਬ ਨਾਲ ਮਿਲਦਾ ਰਹੇਗਾ, ਜਦੋਂ ਤੱਕ ਸੋਧੀ ਸੀਨੀਆਰਟੀ ਸੂਚੀ ਦੇ ਮੁਤਾਬਕ ਉਹਨਾਂ ਦੇ ਸੀਨੀਅਰ ਕਰਮਚਾਰੀ ਦੀ ਤਨਖਾਹ, ਉਹਨਾਂ ਦੇ ਬਰਾਬਰ ਨਾ ਹੋ ਜਾਵੇ।

ਉਤਰ ਪ੍ਰਦੇਸ਼ ਸਰਕਾਰ ਨੇ ਫਿਲਹਾਲ ਇਹ ਫੈਸਲਾ ਸਿੰਚਾਈ ਵਿਭਾਗ ਵਿਚ ਲਾਗੂ ਕਰਨ ਦਾ ਆਦੇਸ਼ ਜਾਰੀ ਕੀਤਾ ਹੈ। ਉਹ ਵੀ ਗੁਪਤ ਤਰੀਕੇ ਨਾਲ। ਉੱਚ ਸੂਤਰਾਂ ਦੇ ਮੁਤਾਬਕ ਸੁਪਰੀਮ ਕੋਰਟ ਵਿਚ ਸਿੰਚਾਈ ਵਿਭਾਗ ਦੇ ਅਧਿਕਾਰੀ ਦੁਆਰਾ ਦਾਖਲ ਰਿੱਟ ਤੇ ਇਸੇ 6 ਅਪ੍ਰੈਲ ਨੂੰ ਸੁਣਵਾਈ ਹੋਈ। ਸੰਭਵ ਹੈ ਕਿ ਸਰਕਾਰ ਨੇ ਫੌਰੀ ਕਦਮ ਉਠਾਉਂਦੇ ਹੋਏ ਸਿੰਚਾਈ ਵਿਭਾਗ ਦੇ ਲਈ ਇ ਆਦੇਸ਼ ਜਾਰੀ ਕਰ ਦਿੱਤਾ। ਤਾਂ ਜੋ ਅਦਾਲਤ ਵਿਚ ਸਰਕਾਰ ਇਸ ਬਾਰੇ ਜਾਣਕਾਰੀ ਦੇ ਸਕੇ।

ਮੁੱਖ ਸਕੱਤਰ ਅਲੋਕ ਰੰਜਨ ਨੇ ਇਸ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਜੋ ਕਾਮੇ ਰਿਵਰਟ ਹੋਣਗੇ, ਉਹਨਾਂ ਨੂੰ ਕੋਈ ਆਰਥਿਕ ਨੁਕਸਾਨ ਨਹੀਂ ਹੋਵੇਗਾ। ਉਹਨਾਂ ਨੂੰ ਮੂਲ ਤਨਖਾਹ, ਮਹਿੰਗਾਈ ਭੱਤਾ ਅਤੇ ਦੂਜੇ ਭੱਤੇ ਰੈਗੂਲਰ ਮਿਲਦੇ ਰਹਿਣਗੇ।

# ਛੱਤੀਸਗੜ੍ਹ ਨਕਸਲੀ ਹਮਲੇ ਦੇ ਸ਼ਹੀਦ ਤਿਲਕ ਰਾਜ ਸਿੰਘ ਦੀ ਪਹਿਲੀ ਬਰਸੀ 'ਤੇ ਸ਼ਰਧਾਂਜਲੀ ਸਮਾਗਮ

**ਬੰਗਾ- (ਰੇਸ਼ਮ ਕਰਨਾਣਵੀ)-** ਛੱਤੀਸਗੜ੍ਹ ਨਕਸਲੀ ਹਮਲੇ ਦੇ ਸ਼ਹੀਦ ਤਿਲਕ ਰਾਜ ਸਿੰਘ ਦੀ ਪਹਿਲੀ ਬਰਸੀ 'ਤੇ ਸ਼ਰਧਾਂਜਲੀ ਸਮਾਗਮ ਉਨ੍ਹਾਂ ਦੇ ਪਿੰਡ ਦੇ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਵਿਖੇ ਕਰਵਾਇਆ ਗਿਆ। ਇਸ ਸਮੇਂ ਸ਼੍ਰੀ ਸਹਿਜ ਪਾਠ ਦੇ ਭੋਗ ਨਾਂ 'ਤੇ ਪਾਰਕ ਵੀ ਬਣਾਇਆ ਜਾਵੇਗਾ ਜਿਸ 'ਤੇ ਆਉਣ ਵਾਲਾ ਖਰਚ ਪੰਜਾਬ ਸਰਕਾਰ ਵੱਲੋਂ ਦਿੱਤਾ ਜਾਵੇਗਾ। ਉਨ੍ਹਾਂ ਇਸ ਮੌਕੇ ਮੌਜੂਦ ਐਸ.ਡੀ.ਐਮ. ਬੰਗਾ ਸੁਖਪ੍ਰੀਤ ਸਿੰਘ ਸਿੱਧੂ ਅਤੇ ਮਾਰਕੀਟ ਕਮੇਟੀ ਬੰਗਾ ਦੇ ਚੇਅਰਮੈਨ ਬੁੱਧ ਸਿੰਘ ਬਲਾਕੀਪੁਰ ਨੂੰ ਮੰਡੀ ਬੋਰਡ ਦਿੱਤਾ ਕਿ ਉਹ ਪਰਿਵਾਰ ਦੇ ਰੋਜ਼ਗਾਰ ਦਾ ਮਸਲਾ ਹਰ ਹੀਲੇ ਹੱਲ ਕਰਨਗੇ ਅਤੇ ਇਸ ਸਬੰਧੀ ਮੁੱਖ ਮੰਤਰੀ ਪੰਜਾਬ ਸ. ਪਰਕਾਸ਼ ਸਿੰਘ ਬਾਦਲ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਹੈ। ਇਸ ਤੋਂ ਇਲਾਵਾ ਮਾਰਕੀਟ ਕਮੇਟੀ ਬੰਗਾ ਦੇ ਚੇਅਰਮੈਨ ਬੁੱਧ ਸਿੰਘ ਬਲਾਕੀਪੁਰ,







ਉਪਰੰਤ ਭਾਈ ਰਣਜੋਧ ਸਿੰਘ ਦੇ ਰਾਗੀ ਜੱਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ ਅਤੇ ਪਹੁੰਚੀਆਂ ਸਖ਼ਸ਼ੀਅਤਾਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਪੰਜਾਬ ਦੇ ਸਭਿਆਚਾਰਕ ਮਾਮਲੇ ਤੇ ਜੇਲ੍ਹਾਂ ਬਾਰੇ ਮੰਤਰੀ ਸ. ਸੋਹਣ ਸਿੰਘ ਠੰਡਲ ਨੇ ਬੀਤੇ ਸਾਲ ਛੱਤੀਸਗੜ੍ਹ ਦੇ ਸੁਕਮਾ ਇਲਾਕੇ ਵਿੱਚ ਨਕਸਲੀ ਹਮਲੇ ਵਿੱਚ ਸ਼ਹੀਦ ਹੋਏ ਇੰਸਪੈਕਟਰ ਤਿਲਕ ਰਾਜ ਸਿੰਘ ਦੀ ਪਹਿਲੀ ਅਤੇ ਕਿ ਬਹਿਰਾਮ-ਕੋਟ ਮਾਰਗ 'ਤੇ ਫ਼ਰਾਲਾ-ਭਰੋਲੀ ਸੜ੍ਹਕ ਦਾ ਨਾਂ ਸ਼ਹੀਦ ਤਿਲਕ ਰਾਜ ਸਿੰਘ ਦੇ ਨਾਂ ਰੱਖਣ ਦਾ ਐਲਾਨ ਕੀਤਾ। ਸ਼ਹੀਦ ਤਿਲਕ ਰਾਜ ਸਿੰਘ ਨੂੰ ਸ਼ਰਧਾਂਜਲੀ ਦੇਣ ਪੁੱਜੇ ਕੈਬਿਨਟ ਮੰਤਰੀ ਸ. ਠੰਡਲ ਨੇ ਆਖਿਆ ਕਿ ਇਸ ਤੋਂ ਇਲਾਵਾ ਪਿੰਡ ਵਿੱਚ ਸ਼ਹੀਦ ਦੇ ਅਧੀਨ ਪੈਂਦੀ ਫ਼ਰਾਲਾ-ਭਰੋਲੀ ਸੜਕ ਦਾ ਨਾਮਕਰਣ ਸ਼ਹੀਦ ਤਿਲਕ ਰਾਜ ਸਿੰਘ ਦੇ ਨਾਂ 'ਤੇ ਕਰਨ ਲਈ ਲੋੜੀਂਦੀ ਪ੍ਰਕਿਰਿਆ ਆਰੰਭ ਕਰਕੇ, ਕੇਸ ਸਰਕਾਰ ਨੂੰ ਭੇਜਣ ਲਈ ਆਖਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਿਰਲੱਥ ਯੋਧਿਆਂ ਹਿੱਸੇ ਦੇਸ਼ ਦੇ ਇਤਿਹਾਸ ਵਿੱਚ ਸਭ ਤੋਂ ਵਧੇਰੇ ਕੁਰਬਾਨੀਆਂ ਆਈਆਂ ਹਨ। ਹੁਣ ਵੀ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਦਰਪੇਸ਼ ਅੰਦਰੂਨੀ ਖਤਰਿਆਂ ਦਾ ਵੀ ਡਟ ਕੇ ਮੁਕਾਬਲਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਤਿਲਕ ਰਾਜ ਸਿੰਘ ਨੇ ਪਹਿਲਾਂ ਭਾਰਤੀ ਫੌਜ ਵਿੱਚ ਸੇਵਾ ਕੀਤੀ ਅਤੇ ਬਾਅਦ ਵਿੱਚ ਸੀ. ਆਰ. ਪੀ. ਐਫ਼. ਵਿੱਚ ਭਰਤੀ ਹੋ ਕੇ ਦੇਸ਼ ਲਈ ਸ਼ਹੀਦ ਹੋਏ ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਠੰਡਲ ਨੇ ਇਸ ਮੌਕੇ ਪਰਿਵਾਰ ਅਤੇ ਪਿੰਡ ਵਾਸੀਆਂ ਨੂੰ ਭਰੋਸਾ ਮੈਂਬਰ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਸੋਹਣ ਲਾਲ ਢੰਡਾ ਨੇ ਵੀ ਸ਼ਹੀਦ ਨੂੰ ਸ਼ਰਧਾਂਜਲੀਆਂ ਦਿੱਤੀਆਂ। ਮੰਚ ਸੰਚਾਲਨ ਅਮਰਜੀਤ ਸਿੰਘ ਨੇ ਕੀਤਾ। ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਲੋਕ ਸੰਪਰਕ ਅਫਸਰ ਰਵੀਇੰਦਰ ਸਿੰਘ, ਸਹਾਇਕ ਲੋਕ ਸੰਪਰਕ ਅਫ਼ਸਰ ਗੁਰਦੀਪ ਸਿੰਘ, ਸਾਧੂ ਸਿੰਘ ਭਰੋਲੀ, ਸਰਪੰਚ ਗੁਰਬਖਸ਼ ਸਿੰਘ, ਜਰਨੈਲ ਸਿੰਘ ਪ੍ਰਧਾਨ ਸੇਵਾ ਸੋਸਾਇਟੀ, ਸਕੱਤਰ ਅਮਰਜੀਤ ਸਿੰਘ ਭਰਲੀ, ਜੀਤ ਸਿੰਘ ਭਾਟੀਆ ਐਮ.ਸੀ. ਬੰਗਾ, ਸੁਰਜੀਤ ਸਿੰਘ ਸਰਹਾਲ ਮੁੰਡੀ, ਹਰਜਿੰਦਰ ਸਿੰਘ, ਗੁਰਮੇਲ ਸਿੰਘ, ਕਸ਼ਮੀਰ ਸਿੰਘ ਭਰੋਲੀ, ਰਾਕੇਸ਼ ਰਾਏ ਬੰਗਾ, ਨਾਇਬ ਤਹਿਸੀਲਦਾਰ ਕਰਨਦੀਪ ਸਿੰਘ ਢਿੱਲੋਂ ਅਤੇ ਹੋਰ ਆਗੂ ਤੇ ਪਿੰਡ ਵਾਸੀ ਵੀ ਮੌਜੂਦ ਸਨ।






# ਮੁੰਡਿਆ ਵੇ ਪੀਂਘਾਂ ਉਡੀਆਂ



ਡਾ.ਕਰਮਜੀਤ ਸਿੰਘ
91-98763-23862

ਗਿਆਨੋ ਵਿਹੜੇ ਵਿਚੋਂ ਮੇਰੀ ਭਰਜਾਈ ਲੱਗਦੀ ਹੈ। ਉੱਚੀ ਲੰਮੀ ਜੁਆਨ ਤੇ ਸੁਹਣੀ ਵੀ। ਉਸ ਦਾ ਘਰ ਵਾਲਾ ਮਹਿੰਦਰ ਤੇ ਮੈਂ ਕਦੇ ਇਕੱਠੇ ਵੀ ਪੜ੍ਹਦੇ ਰਹੇ। ਘਰ ਦੀਆਂ ਤੰਗੀਆਂ ਤੋਂ ਤੰਗ ਆ ਕੇ ਮਹਿੰਦਰ ਤਾਂ ਫ਼ੌਜ ਵਿਚ ਚਲਾ ਗਿਆ ਤੇ ਮੈਂ ਕਾਲਜ ਵਿਚ ਲੈਕਚਰਾਰ ਲੱਗ ਗਿਆ। ਸਭ ਤੋਂ ਪਹਿਲਾਂ ਮੈਂ ਗੀਤ ਸੰਗ੍ਰਹਿ ਆਪਣੇ ਘਰ ਤੋਂ ਕੀਤਾ। ਮਾਤਾ, ਭੂਆ, ਨਾਨੀ, ਭੈਣਾਂ ਤੋਂ। ਫਿਰ ਰੁਖ਼ ਕੀਤਾ ਰਿਸ਼ਤੇਦਾਰੀਆਂ ਦੀਆਂ ਅਗਾਂਹ ਰਿਸ਼ਤੇਦਾਰੀਆਂ ਵੱਲ। ਕਦੇ-ਕਦਾਈਂ ਮੈਂ ਘਰਾਂ ਵਿਚ ਵੀ ਬੈਠ ਜਾਂਦਾ। ਉਸ ਦੀ ਮੈਨੂੰ ਏਨੀ ਚਿੰਤਾ ਇਸ ਲਈ ਨਹੀਂ ਸੀ ਹੁੰਦੀ ਕਿ ਇੱਥੇ ਤਾਂ ਮੈਂ ਕਦੇ ਵੀ ਵਿਹਲੇ ਸਮੇਂ ਬੈਠ ਸਕਦਾ ਸਾਂ, ਪਰ ਦੂਰ ਦੇ ਪਿੰਡਾਂ ਵਿਚ ਬਾਰ-ਬਾਰ ਨਹੀਂ ਸੀ ਜਾਇਆ ਜਾ ਸਕਦਾ। ਮੈਨੂੰ ਪਤਾ ਸੀ ਕਿ ਗਿਆਨੋ ਭਾਬੀ ਨੂੰ ਕੁਝ ਵੱਖਰੀ ਤਰ੍ਹਾਂ ਦੇ ਗੀਤ ਯਾਦ ਹਨ। ਇਸ ਗੱਲ ਦਾ ਪਤਾ ਵਿਆਹ ਵਿਚ ਬੈਠੀ ਭਾਬੀ ਤੋਂ ਹੀ ਲੱਗਾ ਸੀ ਜਾਂ ਫਿਰ ਮਾਤਾ ਜੀ ਤੋਂ ਇਸ ਲਈ ਮੈਂ ਗਿਆਨੋ ਭਾਬੀ ਨੂੰ ਹੌਲ਼ੀ-ਹੌਲ਼ੀ ਰਾਜ਼ੀ ਕਰ ਲਿਆ। ਇਕ ਦੋ ਬਾਰ ਤਾਂ ਨਾਂਹ-ਨੁੱਕਰ ਤੋਂ ਇਲਾਵਾ ਕੁਝ ਪੱਲੇ ਨਾ ਪਿਆ। ਉਹ ਤੇ ਉਸ ਦੀ ਸੱਸ ਮੀਹੋਂ ਛੋਟਿਆਂ ਬੱਚਿਆਂ ਨੂੰ ਅਗਾਂਹ ਕਰ ਦੇਣ ਜੋ ਰੇਡੀਉ ਆਦਿ ਤੋਂ ਸੁਣੇ ਗੀਤ ਤੋਤਲੀਆਂ ਜ਼ਬਾਨਾਂ ਵਿਚ ਗਾਉਂਦੇ। ਇਹ ਗੀਤ ਮੇਰੇ ਕਿਸੇ ਕੰਮ ਦੇ ਨਹੀਂ ਸਨ। ਫਿਰ ਵੀ ਗਿਆਨੋ ਤੇ ਉਸ ਦੀ ਸੱਸ ਨੂੰ ਰਾਜ਼ੀ ਕਰਨ ਲਈ ਮੈਨੂੰ ਉਹ ਵੀ ਰਿਕਾਰਡ ਕਰਨੇ ਪੈਂਦੇ। ਇਕ ਵਾਰ ਗਿਆਨੋ ਭਾਬੀ ਨਾਲ ਮੈਂ ਦਸੂਹੇ ਦੇ ਕੋਲ ਉਸ ਦੇ ਮਾਪਿਆਂ ਦੇ ਵੀ ਗਿਆ ਪਰ ਉਥੇ ਵੀ ਉਸ ਦੀਆਂ ਛੋਟੀਆਂ ਭੈਣਾਂ ਤੇ ਹੋਰ ਕੁੜੀਆਂ ਨੇ ਕੁਝ ਆਮ ਜਿਹੇ ਲੋਕ-ਗੀਤ ਹੀ ਸੁਣਾਏ। ਇਸ 'ਤੇ ਮੈਨੂੰ ਕਾਫ਼ੀ ਮਾਯੂਸੀ ਹੋਈ, ਪਰ ਮੈਂ ਇਸ ਮਾਮਲੇ ਵਿਚ ਹਾਰ ਮੰਨਣ ਵਾਲਿਆਂ ਵਿਚੋਂ ਨਹੀਂ ਹਾਂ। ਜਿੱਥੇ ਵੀ ਮੈਨੂੰ ਖਾਸ ਤਰ੍ਹਾਂ ਦੇ ਗੀਤਾਂ ਦੀ ਦੱਸ ਪਈ ਹੈ, ਮੈਂ ਹਰ ਹੀਲੇ ਉਹ ਪ੍ਰਾਪਤ ਕੀਤੇ ਹਨ। ਇੱਥੇ ਵੀ ਮੈਂ ਆਸ ਨਹੀਂ ਸੀ ਛੱਡੀ।

ਤੀਜੀ ਜਾਂ ਚੌਥੀ ਵਾਰੀ ਨਾ ਤਾਂ ਗਿਆਨੋ ਕੋਲ ਕੋਈ ਬਹਾਨਾ ਰਿਹਾ ਤੇ ਨਾ ਹੀ ਉਸ ਦੀ ਸੱਸ ਕੋਲ। ਗਿਆਨੋ ਨੇ ਕੁੜੀਆਂ ਤੋਂ ਢੋਲਕ ਮੰਗਵਾ ਲਈ ਮੈਨੂੰ ਆਸ ਹੋ ਗਈ ਕਿ ਇਸ ਵਾਰ ਤਾਂ ਕੁਝ ਨਾ ਕੁਝ ਵਾਪਰੇਗਾ। ਗੱਲ ਹੋਈ ਵੀ ਉਹੀ। ਭਾਬੀ ਨੇ ਪਹਿਲਾਂ ਤਾਂ ਆਮ ਜਿਹੇ ਗੀਤ ਸੁਣਾਏ ਜੋ ਮੈਨੂੰ ਮਜਬੂਰਨ ਟੇਪ ਕਰਨੇ ਪਏ ਕਿਉਂਕਿ ਮੈਂ ਉਸ ਨੂੰ ਦੱਸਣਾ ਚਾਹੁੰਦਾ ਸਾਂ ਕਿ ਉਸ ਦਾ ਹਰ ਗੀਤ ਮੈਂ ਟੇਪ ਕਰ ਰਿਹਾ ਹਾਂ ਉਸ ਨੂੰ ਸੁਣਾ ਕੇ ਉਸ ਨੂੰ ਮਾਨਸਿਕ ਤੌਰ 'ਤੇ ਅਗਲੇ ਗੀਤਾਂ ਲਈ ਤਿਆਰ ਵੀ ਕਰਨਾ ਸੀ। ਹੌਲ਼ੀ-ਹੌਲ਼ੀ ਕੁਝ ਗੀਤ ਆਉਣੇ ਸ਼ੁਰੂ ਹੋ ਗਏ। ਦੋ ਤਿੰਨ ਗੀਤਾਂ ਤੋਂ ਬਾਅਦ, ਭਾਬੀ ਗਿਆਨੋ ਨੇ ਢੋਲਕੀ 'ਤੇ ਚਮਚਾ ਮਾਰਨਾ ਸ਼ੁਰੂ ਕੀਤਾ ਤੇ ਨਾਲ ਹੀ ਉੱਚੀ ਹੇਕ ਵਿਚ ਗੀਤ ਦੇ ਬੋਲ ਚੁੱਕੇ, ਉਸ ਨੇ ਨਾਲ ਦੀਆਂ ਨੂੰ ਉੱਚੀ ਸੁਰ ਚੁੱਕਣ ਲਈ ਵੀ ਕਹਿ ਦਿੱਤਾ।

ਉੱਚੀਆਂ ਲੰਮੀਆਂ ਟਾਅਲੀਆਂ ਮੁੰਡਿਆਂ ਵੇ ਪੀਂਘਾਂ ਉੱਡੀਆਂ
ਹੋ ਗਈ ਬੱਲੇ ਬੱਲੇ ਮੁੰਡਿਆਂ ਵੇ ਪੀਂਘਾਂ ਉੱਡੀਆਂ॥2॥

ਇਹ ਗੀਤ 'ਸਉਣ' ਦਾ ਲੱਗ ਰਿਹਾ ਸੀ। ਭਾਬੀ ਗਿਆਨੋ ਦੀ ਸੁਰ ਏਨੀ ਉੱਚੀ ਸੀ ਕਿ ਨਾਲ ਦੀਆਂ ਉਸ ਨਾਲ ਨਾ ਨਿਭ ਸਕੀਆਂ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਸਾਰੀਆਂ ਨੇ ਦੂਸਰੀ ਪੰਗਤੀ ਚੁੱਕਣੀ ਸੀ ਜਿਸ ਦੀ ਲੈਅ ਥੋੜ੍ਹੀ ਵੱਖਰੀ ਸੀ। ਗਿਆਨੋ ਰੁਕ ਗਈ ਉਸ ਨੇ ਪਹਿਲਾਂ ਇਕੋ ਦੋ ਬਾਰ ਦੂਸਰੀ ਪੰਗਤੀ ਦੀ ਲੈਅ ਨਾਲ ਕੁੜੀਆਂ ਨੂੰ ਜੋੜਿਆ ਜਿਸ ਨਾਲ ਕੰਮ ਚੱਲ ਪਿਆ। ਭਾਵੇਂ ਉਹ ਲੈਅ ਨੂੰ ਪੂਰੀ ਤਰ੍ਹਾਂ ਫੜ ਨਹੀਂ ਸਕੀਆਂ। ਜਦੋਂ ਪਹਿਲੀ ਗਿਆਨੋ ਦੀ ਪੰਗਤੀ ਤੋਂ ਬਾਅਦ ਸਾਰੀਆਂ ਆਵਾਜ਼ ਚੁੱਕਦੀਆਂ ਤਾਂ ਸ਼ਬਦਾਂ ਦੀ ਇਕ ਘੂਕਰ ਬੱਝਦੀ ਜੋ ਸੁਣ ਰਹੇ ਸਰੋਤੇ ਨੂੰ ਵੀ ਝੂਮਣ ਲਾ ਦਿੰਦੀ। ਮੈਂ ਵੀ ਇਸ ਲੈਅ ਨਾਲ ਵਹਿ ਗਿਆ।

ਪੀਂਘ ਝੂਟੇਂਦੇ ਦੋ ਜਣੇ ਮੁੰਡਿਆ ਓਇ ਪੀਂਘਾਂ ਉੱਡੀਆਂ॥2॥
ਹੋ ਗਈ ਬੱਲੇ ਬੱਲੇ ਮੁੰਡਿਆ ਓਇ ਪੀਂਘਾਂ ਉੱਡੀਆਂ॥2॥
ਆਸ਼ਕ ਤੇ ਮਾਸ਼ੂਕ ਮੁੰਡਿਆ ਓਇ ਪੀਂਘਾਂ ਉੱਡੀਆਂ॥2॥
ਹੋ ਗਈ ਬੱਲੇ ਬੱਲੇ ਮੁੰਡਿਆ ਓਇ ਪੀਂਘਾਂ ਉੱਡੀਆਂ॥2॥

ਆਮ ਤੌਰ 'ਤੇ 'ਸਉਣ' ਦੇ ਗੀਤਾਂ ਵਿਚ ਗੋਰੀ ਦੀ ਪੀਂਘ ਨੂੰ ਢੋਲਾ ਹੁਲਾਰਾ ਦਿੰਦਾ ਹੈ। ਇਸੇ ਦੀ ਕਾਮਨਾ ਔਰਤ ਕਰਦੀ ਹੈ। ਜੇ ਕਿਸੇ ਪਤਨੀ ਦਾ ਪਤੀ ਘਰ ਨਹੀਂ ਤਾਂ ਅਨੇਕਾਂ ਬਿਰਹਾ ਦੇ ਗੀਤ ਉਸ ਦੀ ਸਥਿਤੀ ਨੂੰ ਪ੍ਰਗਟ ਕਰਦੇ ਹਨ। ਇਹ ਪਹਿਲਾ ਪੀਂਘਾਂ ਦਾ ਗੀਤ ਅਜਿਹਾ ਸੀ ਜਿਸ ਵਿਚ ਆਸ਼ਕ ਤੇ ਮਾਸ਼ੂਕ ਪੀਂਘ ਝੂਟ ਰਹੇ ਸਨ। ਹੁਣ ਸਮਝ ਆ ਰਹੀ ਸੀ ਕਿ ਗੀਤ ਸ਼ੁਰੂ ਤੋਂ ਹੀ 'ਹੋ ਗਈ ਬੱਲੇ ਬੱਲੇ' ਦੀ ਟੋਨ ਕਿਉਂ ਸੈੱਟ ਕਰ ਰਿਹਾ ਸੀ। ਪ੍ਰਾਪਤ ਸਮਾਜ ਵਿਚ ਆਸ਼ਕ ਤੇ ਮਾਸ਼ੂਕ ਇਕੱਠੇ ਪੀਂਘਾਂ ਝੂਟਣਗੇ ਤਾਂ 'ਬੱਲੇ ਬੱਲੇ' ਤਾਂ ਹੋਵੇਗੀ ਹੀ। ਹੋਰ ਵੀ ਬਹੁਤ ਕੁਝ ਹੋਰ ਹੋ ਸਕਦਾ ਹੈ, ਪਰ ਇੱਥੇ ਸਿਰਜਣਹਾਰ ਗੀਤਕਾਰ ਦੀ ਹਮਦਰਦੀ ਇਨ੍ਹਾਂ ਦੋਨਾਂ ਨਾਲ ਹੈ ਇਸ ਲਈ 'ਬੱਲੇ ਬੱਲੇ' ਵੀ ਨਾਂਹ-ਪੱਖੀ ਨਹੀਂ ਹਾਂ-ਪੱਖੀ ਹੈ। ਢੋਲਕ ਦੀ ਥਾਪ ਨਾਲ ਵੱਜਦਾ ਚਮਚਾ ਤੇ ਬਾਕੀਆਂ ਦਾ ਦੁਹਰਾ ਲਗਭਗ ਇਕਮਿਕ ਹੋ ਗਿਆ ਸੀ ਇਸ ਲਈ ਉਤਸ਼ਾਹ ਵੀ ਵੱਧ ਗਿਆ ਸੀ। ਗੀਤ ਦਾ ਹੋਰ ਵੀ ਆਨੰਦ ਆਉਣ ਲੱਗ ਪਿਆ ਸੀ।

ਪੀਂਘ ਝੂਟੇਂਦੇ ਡਿੱਗ ਪਏ, ਮੁੰਡਿਆ ਵੇ ਪੀਂਘਾਂ ਉੱਡੀਆਂ।
ਹੋ ਗਈ ਸ਼ਾਵਾ-ਸ਼ਾਵਾ ਮੁੰਡਿਆ ਵੇ ਪੀਂਘਾਂ ਉੱਡੀਆਂ।
ਹੋ ਗਈ ਚਕਨਾ ਚੂਰ ਮੁੰਡਿਆ ਵੇ ਪੀਂਘਾਂ ਉੱਡੀਆਂ।
ਹੋ ਗਈ ਬੱਲੇ ਬੱਲੇ ਮੁੰਡਿਆ ਵੇ ਪੀਂਘਾਂ ਉੱਡੀਆਂ।

ਆਸ਼ਕ ਤੇ ਮਾਸ਼ੂਕ ਦਾ ਡਿੱਗਣਾ ਤੇ ਚਕਨਾਚੂਰ ਹੋਣ ਦੀ ਸਥਿਤੀ ਗੰਭੀਰ ਤੇ ਦੁਖਾਂਤਕ ਵੀ ਹੋ ਸਕਦੀ ਸੀ। ਪਰ ਢੋਲਕ ਦੀ ਤਾਲ ਕੁਝ ਹੋਰ ਹੀ ਦੱਸ ਰਹੀ ਸੀ। ਗੀਤ ਤਾਂ ਉਨ੍ਹਾਂ ਦੀ 'ਚਕਨਾਚੂਰ' ਹੋਣ ਦੀ ਸਥਿਤੀ ਵਿਚੋਂ ਸੁਆਦ ਲੈ ਰਿਹਾ ਸੀ। ਭਾਬੀ ਗਿਆਨੋ ਦੇ ਚਿਹਰੇ ਦੀ ਮੁਸਕਾਨ ਵੀ ਇਹੀ ਸੰਕੇਤ ਦੇ ਰਹੀ ਸੀ। ਆਸ਼ਕ ਤੇ ਮਾਸ਼ੂਕ ਨਾਲ ਹਮਦਰਦੀ ਰੱਖਦੀ ਹੋਈ ਵੀ ਔਰਤ ਗੀਤ ਸਿਰਜਣ ਸਮੇਂ ਉਨ੍ਹਾਂ ਨੂੰ ਅਜਿਹੀ ਸਥਿਤੀ ਵਿਚ ਪਾਉਂਦੀ ਹੈ ਕਿ ਉਸ ਵਿਚ ਹਾਸਾ ਸੁੱਤੇ ਸਿੱਧ ਹੀ ਪੈਦਾ ਹੋ ਜਾਂਦਾ ਹੈ। ਅਜੇ ਤਾਂ ਗਿਆਨੋ ਦੇ ਚਿਹਰੇ ਤੋਂ ਮੁਸਕਾਨ ਦੇਖੀ ਜਾ ਸਕਦੀ ਸੀ, ਪਰ ਅਗਾਂਹ ਕੀ ਹੋ ਸਕਦਾ ਹੈ। ਉਸ ਦੀ ਇਹ ਸੂਚਨਾ ਵੀ ਸੀ। ਸਮੂਹ ਪੂਰੇ ਜੋਸ਼ ਵਿਚ ਆਪਣਾ ਬਣਦਾ ਹਿੱਸਾ ਪਾ ਰਿਹਾ ਸੀ ਤੇ ਉਸ ਨੂੰ ਇਸ ਵਿਚ ਲੈਅ ਦਾ ਹੀ ਨਹੀਂ ਸਥਿਤੀਆਂ ਦਾ ਵੀ ਸੁਆਦ ਆਉਣ ਲੱਗ ਪਿਆ ਸੀ।

ਕੰਨਾਂ ਦੇ ਕਾਂਟੇ ਵੇਚ ਕੇ ਮੁੰਡਿਆ ਵੇ ਪੀਂਘਾਂ ਉੱਡੀਆਂ।
ਹੋ ਗਈ ਬੱਲੇ ਬੱਲੇ ਮੁੰਡਿਆ ਵੇ ਪੀਂਘਾਂ ਉੱਡੀਆਂ।
ਆਂਦਾ ਪਿਪਲਾਮੂਲ ਮੁੰਡਿਆ ਵੇ ਪੀਂਘਾਂ ਉੱਡੀਆਂ।
ਹੋ ਗਈ ਸ਼ਾਵਾ ਸ਼ਾਵਾ ਮੁੰਡਿਆ ਵੇ ਪੀਂਘਾਂ ਉੱਡੀਆਂ।

ਪੀਂਘ ਤੋਂ ਡਿੱਗ ਕੇ ਹੋਏ ਚਕਨਾਚੂਰ ਆਸ਼ਕਾਂ ਦਾ ਹੁਣ ਇਲਾਜ ਹੋਣਾ ਸ਼ੁਰੂ ਹੁੰਦਾ ਹੈ। ਘਰ ਵਿਚ ਸ਼ਾਇਦ ਦਵਾਦਾਰੂ ਲਈ ਕੁਝ ਨਹੀਂ, ਇਸ ਲਈ ਕੰਨਾਂ ਦੇ ਕਾਂਟੇ ਵੇਚੇ ਗਏ ਹਨ। ਪਰ ਇੱਥੇ ਆਰਥਿਕ ਤੰਗੀਆਂ ਦਾ ਜ਼ਿਕਰ ਨਹੀਂ ਸੀ ਹੋ ਰਿਹਾ ਸਗੋਂ 'ਕਾਂਟੇ' ਵੇਚਣ ਤੇ ਸਿਰਫ਼ ਪਿਪਲਾਮੂਲ ਲਿਆਉਣ ਵਿਚ ਜਿਹੜੀ ਅਤਿਕਥਨੀ ਹੈ, ਉਸਦਾ ਸੁਆਦ ਲਿਆ ਜਾ ਰਿਹਾ ਸੀ। ਅਤਿਕਥਨੀ ਦਾ ਅਸਲੀ ਕੰਮ ਤਾਂ ਵਾਪਰੀ ਘਟਨਾ ਨੂੰ ਡੂੰਘਾਈ ਤੱਕ ਮਹਿਸੂਸ ਕਰਵਾਉਣਾ ਹੁੰਦਾ ਹੈ, ਪਰ ਇੱਥੇ ਇਸ ਦਾ ਉਪਯੋਗ ਹਾਸ-ਰਸ ਪੈਦਾ ਕਰਨ ਲਈ ਕੀਤਾ ਜਾ ਰਿਹਾ ਸੀ। ਸੱਚਮੁੱਚ ਹੀ ਅਨੂਠਾ ਉਪਯੋਗ। ਲੋਕ-ਕਾਵਿ ਦੇ ਇਸ ਢੰਗ ਨੂੰ ਵੀ ਡੂੰਘੇ ਢੰਗ ਨਾਲ ਸਮਝਣ ਦੀ ਲੋੜ ਹੈ। ਇੱਥੇ ਲੋਕ-ਚਿਕਿਤਸਾ ਵੀ ਨਾਲ-ਨਾਲ ਆ ਰਹੀ ਹੈ। ਜ਼ਖ਼ਮ ਉੱਪਰ ਪਿਪਲਾਮੂਲ ਘੋਟ ਕੇ ਲਾਉਣ ਨਾਲ ਇਹ ਠੀਕ ਹੋ ਸਕਦਾ ਹੈ ਕਿ ਨਹੀਂ ਇਸ ਦਾ ਨਿਰਣਾ ਤਾਂ ਵੈਦ ਹੀ ਕਰ ਸਕਦਾ ਹੈ, ਪਰ ਲੋਕ ਗੀਤਾਂ ਦੀ ਸਿਰਜਣਹਾਰ ਨੇ ਪਿਪਲਾਮੂਲ ਇਸੇ ਖ਼ਾਸ ਕੰਮ ਲਈ, ਕਾਂਟੇ ਵੇਚ ਕੇ ਲਿਆਂਦਾ ਹੈ। ਇਹੀ ਤਾਂ ਸੁਹਜਾਤਮਕ ਕਥਨੀ ਹੈ, ਜਿਸ ਦਾ ਮੈਂ ਵੀ ਆਨੰਦ ਲੈ ਰਿਹਾ ਸਾਂ 'ਤੇ ਅਗਲੀਆਂ ਪੰਗਤੀਆਂ ਦੀ ਉਡੀਕ ਕਰੀ ਜਾ ਰਿਹਾ ਸਾਂ।

ਕੁਸ਼ ਲਾਇਆ ਕੁਸ਼ ਰੋੜ੍ਹਿਆ, ਮੁੰਡਿਆ ਵੇ ਪੀਂਘਾਂ ਉੱਡੀਆਂ।
ਹੋ ਗਈ ਬੱਲੇ-ਬੱਲੇ ਮੁੰਡਿਆ ਵੇ ਪੀਂਘਾਂ ਉੱਡੀਆਂ।
ਅਜੇ ਨਾ ਗਈ ਮੇਰੀ ਪੀੜ ਮੁੰਡਿਆ ਵੇ ਪੀਂਘਾਂ ਉੱਡੀਆਂ।
ਹੋ ਗਈ ਸ਼ਾਵਾ, ਸ਼ਾਵਾ ਮੁੰਡਿਆ ਵੇ ਪੀਂਘਾਂ ਉੱਡੀਆਂ।

ਕੁਝ ਪਿਪਲਾਮੂਲ ਲਾਉਣਾ ਤੇ ਕੁਝ ਰੋੜ੍ਹਨਾ ਵੀ ਮੁਸਕਰਾਹਟ ਪੈਦਾ ਕਰਦਾ ਹੈ। ਪਰ 'ਅਜੇ ਨਾ ਗਈ ਮੇਰੀ ਪੀੜ' ਵਾਕੰਸ਼ ਨੇ ਮੈਨੂੰ ਸ਼ਸੋਪੰਜ ਵਿਚ ਪਾ ਦਿੱਤਾ। ਇਹ ਗੱਲ 'ਨਾਇਕਾ' ਵੱਲੋਂ ਵੀ ਹੋ ਸਕਦੀ ਹੈ। ਪਰ ਆਸ਼ਕ ਦੀ ਪੀੜ ਦਾ ਕੀ ਬਣਿਆ? ਇਕ ਸਵਾਲ ਅਧੂਰਾ ਰਹਿ ਗਿਆ ਹੈ। ਅਜਿਹਾ ਹੋਰ ਕਥਨ ਗੀਤ ਵਿਚ ਪ੍ਰਾਪਤ ਨਹੀਂ ਹੈ। ਇਉਂ ਵੀ ਲੱਗ ਸਕਦਾ ਹੈ ਕਿ ਗੀਤਕਾਰ ਆਪਣੀ ਪੀੜ ਲੈ ਕੇ ਲੋਕ ਗੀਤ ਵਿਚ ਆ ਸ਼ਾਮਲ ਹੋਈ ਹੈ। ਅਸਿੱਧੇ ਢੰਗ ਨਾਲ ਇਹ ਸੰਕੇਤ ਮਿਲਿਆ ਕਿ ਉਹ ਨਿੱਜੀ ਪੀੜ ਦਾ ਸਾਧਾਰਨੀਕਰਨ ਕਰ ਰਹੀ ਹੈ, ਆਸ਼ਕ ਤੇ ਮਾਸ਼ੂਕ ਦੀ ਕਹਾਣੀ ਰਾਹੀਂ ਲੋਕ-ਗੀਤਕਾਰ ਇਹੀ ਤਾਂ ਕਰਦੇ ਹਨ ਲੋਕ-ਗੀਤਾਂ ਰਾਹੀਂ। ਖ਼ੈਰ ਗੀਤ ਇਉਂ ਲੱਗਦਾ ਸੀ ਕਿ ਖ਼ਤਮ ਹੋ ਰਿਹਾ ਹੈ, ਪਰ ਢੋਲਕ ਦਾ ਤਾਲ ਅਜੇ ਥੰਮਿਆਂ ਨਹੀਂ ਸੀ। ਗੀਤ ਤਾਂ ਅਗਾਂਹ ਤੁਰ ਰਿਹਾ ਸੀ।

ਚੌਂਤੇ ਉੱਤੇ ਚੌਂਤਰਾ, ਮੁੰਡਿਆ ਵੇ ਪੀਂਘਾਂ ਉੱਡੀਆਂ।
ਹੋ ਗਈ ਸ਼ਾਵਾ, ਸ਼ਾਵਾ ਮੁੰਡਿਆ ਵੇ ਪੀਂਘਾਂ ਉੱਡੀਆਂ।
ਉੱਤੇ ਗੱਡਾਂ ਤੰਦੂਰ ਮੁੰਡਿਆ ਵੇ ਪੀਂਘਾਂ ਉੱਡੀਆਂ
ਸ਼ਾਵਾ, ਸ਼ਾਵਾ ਮੁੰਡਿਆ ਵੇ ਪੀਂਘਾਂ ਉੱਡੀਆਂ।

ਗੀਤ ਨਵੇਂ ਰਾਹ ਪੈ ਗਿਆ ਸੀ। ਆਸ਼ਕ ਤੇ ਮਾਸ਼ੂਕ ਦੀ ਕਥਾ ਸਮੇਟੀ ਗਈ ਸੀ। ਹੁਣ ਗੀਤਕਾਰ ਨੇ ਇਕ ਦੋਹਰੇ ਨੂੰ ਗੀਤ ਵਿਚ ਢਾਲਣਾ ਸ਼ੁਰੂ ਕਰ ਦਿੱਤਾ ਸੀ।

ਚੌਂਤੇ ਉੱਤੇ ਚੌਂਤਰਾ, ਉੱਤੇ ਗੱਡਾਂ ਤੰਦੂਰ।
ਗਿਣ ਗਿਣ ਲਾਵਾ ਰੋਟੀਆਂ, ਭਰ ਭਰ ਲਾਵਾਂ ਪੂਰ।

ਗੀਤ ਦੀ ਲੈਅ ਵਿਚ ਇਹ ਦੋਹਾ ਏਨੀ ਕਾਰੀਗਰੀ ਨਾਲ ਜੜ੍ਹਿਆ ਗਿਆ ਹੈ ਕਿ ਸੁਹਜ ਘਟਣ ਦੀ ਬਜਾਇ ਹੋਰ ਵਧ ਗਿਆ ਸੀ। ਗਿਆਨੋ ਦੋਹੇ ਨੂੰ ਟੁੱਟੇ ਰੂਪ ਵਿਚ ਕਿਵੇਂ ਯਾਦ ਰੱਖ




ਰਹੀ ਸੀ, ਇਸ ਦੀ ਮੈਨੂੰ ਹੈਰਾਨੀ ਸੀ। ਪਰ ਉਹ ਤਾਂ ਯਾਦਾਸ਼ਤ ਦੇ ਜ਼ੋਰ 'ਤੇ ਅਨੇਕਾਂ ਗੀਤ ਯਾਦ ਰੱਖ ਸਕਦੀ ਸੀ, ਇਸ ਲਈ ਉਹ ਅਚੇਤ ਹੀ ਸਭ ਕੁਝ ਜੋੜੀ ਜਾ ਰਹੀ ਸੀ। ਉਹ ਇਸ ਗੱਲ ਤੋਂ ਵੀ ਬੇਖ਼ਬਰ ਸੀ ਕਿ ਇਸ ਦੋਹੇ ਦਾ ਪਹਿਲੀ ਗੱਲ ਨਾਲ ਜੋੜ ਸੀ ਵੀ ਜਾਂ ਨਹੀਂ। ਉਹ ਤਾਂ ਬੇਪ੍ਰਵਾਹ ਗਾਈ ਜਾ ਰਹੀ ਸੀ।

ਗਿਣ ਗਿਣ ਲਾਵਾਂ ਰੋਟੀਆਂ ਮੁੰਡਿਆ ਵੇ ਪੀਂਘਾਂ ਉੱਡੀਆਂ।
ਹੋ ਗਈ ਬੱਲੇ ਬੱਲੇ ਮੁੰਡਿਆ ਵੇ ਪੀਂਘਾਂ ਉੱਡੀਆਂ।
ਭਰ ਭਰ ਲਾਵਾਂ ਪੂਰ ਮੁੰਡਿਆ ਵੇ ਪੀਂਘਾਂ ਉੱਡੀਆਂ।
ਸ਼ਾਵਾ ਸ਼ਾਵਾ ਮੁੰਡਿਆ ਵੇ ਪੀਂਘਾਂ ਉੱਡੀਆਂ।
ਸੜ ਬਲ ਗਈਆਂ ਰੋਟੀਆਂ ਮੁੰਡਿਆ ਵੇ ਪੀਂਘਾਂ ਉੱਡੀਆਂ।
ਹੋ ਗਈ ਬੱਲੇ ਬੱਲੇ ਮੁੰਡਿਆ ਵੇ ਪੀਂਘਾਂ ਉੱਡੀਆਂ।

ਰੋਟੀਆਂ ਸੜਨ ਦਾ ਪ੍ਰਸੰਗ ਦੱਸ ਕੇ ਗੀਤ ਇਕਦਮ ਖ਼ਤਮ ਹੋ ਗਿਆ। ਲੱਗਦਾ ਸੀ ਕਿ ਕੁਝ ਹੋਰ ਵੀ ਹੈ ਅਗਾਂਹ, ਪਰ ਕੀ? ਇਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ, ਉੱਪਰ ਵਾਂਗ ਇਸ ਗੀਤ ਵਿਚ ਕਈ ਦੋਹੇ ਜੋੜੇ ਜਾ ਸਕਦੇ ਹਨ। ਭਾਬੀ ਗਿਆਨੋ ਨੇ ਗੀਤ ਖ਼ਤਮ ਕਰ ਦਿੱਤਾ, ਮੈਂ ਵੀ ਅਗਾਂਹ ਕੁਝ ਨਹੀਂ ਪੁੱਛਿਆ। ਭਾਬੀ ਗਿਆਨੋ ਦੇ ਚਿਹਰੇ 'ਤੇ ਮੇਰੀ ਮੰਗ ਪੂਰੀ ਕਰਨ ਦੀ ਤਸੱਲੀ ਸੀ ਤੇ ਖੁਸ਼ੀ ਵੀ। ਉਸ ਨੇ ਕੁਝ ਹੋਰ ਵੀ ਢੋਲਕ ਗੀਤ ਸੁਣਾਏ। ਸੋਲ੍ਹਾਂ ਸਤਾਰਾਂ ਸਾਲ ਪਹਿਲਾਂ ਸੁਣਿਆ ਇਹ ਗੀਤ ਮੇਰੇ ਨਾਲ-ਨਾਲ ਤੁਰਦਾ ਆ ਰਿਹਾ ਹੈ। ਜਦੋਂ ਵੀ ਧਿਆਨ ਆਉਂਦਾ ਹੈ, ਮੈਂ ਇਸ ਨੂੰ ਗੁਣਗੁਣਾਉਂਦਾ ਹਾਂ, ਪਰ ਗਿਆਨੋ ਭਾਬੀ ਜਿੰਨੀ ਉੱਚੀ ਆਵਾਜ਼ ਨਹੀਂ ਚੁੱਕ ਸਕਦਾ। ਮੈਂ ਹਮੇਸ਼ਾ ਚਾਹੁੰਦਾ ਰਿਹਾ ਹਾਂ ਕਿ ਇਸ ਗੀਤ ਬਾਰੇ ਕੁਝ ਲਿਖਾਂ, ਜਿਸ ਦਾ ਕੋਈ ਸਬੱਬ ਨਾ ਬਣ ਸਕਿਆ। ਹੁਣ ਜਦ ਕਿ ਮੈਂ ਪੈਂਤੀ ਦੇ ਕਰੀਬ ਗੀਤਾਂ ਉੱਪਰ ਲਿਖਣਾ ਸ਼ੁਰੂ ਕੀਤਾ ਤਾਂ ਇਹ ਗੀਤ ਫਿਰ ਆ ਦਾਖ਼ਲ ਹੋਇਆ। ਵਰ੍ਹਿਆਂ ਤੋਂ ਇਸ ਉੱਪਰ ਲਿਖਣ ਦੀ ਮੇਰੀ ਮੁਰਾਦ ਇਉਂ ਪੂਰੀ ਹੋਈ। ਇਹ ਸਤਰਾਂ ਲਿਖਦਿਆਂ ਮੈਂ ਸੋਲ੍ਹਾਂ ਸਤਾਰਾਂ ਸਾਲ ਪਹਿਲਾਂ ਵਾਲਾ ਅਨੁਭਵ ਹੰਢਾਇਆ ਹੈ। ਸ਼ਾਇਦ ਪਾਠਕ ਵੀ ਇਹ ਅਨੁਭਵ ਮਾਣ ਸਕਣ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




## ਰਾਣੀ ਅਣਬੋਲਿਆ

ਇਕ ਬਾਦਸ਼ਾਹ ਸੀ। ਉਸ ਦੀਆਂ ਸੱਤ ਰਾਣ-ਿਆਂ ਸਨ। ਪਰ ਸੱਤੇ ਰਾਣੀਆਂ ਔਲਾਦ ਤੋਂ ਵਾਂਝੀਆਂ ਸਨ। ਕਿਸੇ ਵੀ ਰਾਣੀ ਦੇ ਕੋਈ ਔਲਾਦ ਨਾ ਹੋਈ। ਇਸ ਗੱਲੋਂ ਰਾਜੇ ਦਾ ਮਨ ਵੀ ਬਹੁਤ ਖੱਟਾ ਸੀ। ਹੁਣ ਰਾਜਾ ਮਹਿਲਾਂ ਨੂੰ ਵੀ ਘੱਟ ਵੱਧ ਹੀ ਜਾਂਦਾ ਸੀ। ਉਹ ਆਪਣਾ ਜ਼ਿਆਦਾ ਸਮਾਂ ਕਚਹਿਰੀਆਂ ਵਿਚ ਹੀ ਵਜ਼ੀਰਾਂ ਮਸੱਦੀਆਂ ਨਾਲ ਗੁਜਾਰਦਾ।

ਇਕ ਦਿਨ ਰਾਜਾ ਆਪਣੇ ਆਹਲਾ ਵਜ਼ੀਰ ਨਾਲ ਸੈਰ ਕਰਨ ਨਿਕਲਿਆ। ਜੇਠ ਹਾੜ ਦਾ ਮਹੀਨਾ ਸੀ। ਅੱਤ ਦੀ ਗਰਮੀ। ਦੋਵੇਂ ਆਪੋ ਆਪਣੇ ਘੋੜਿਆਂ ਤੇ ਮਹਿਲਾਂ ਤੋਂ ਕਾਫ਼ੀ ਦੂਰ ਨਿਕਲ ਆਏ। ਜਦੋਂ ਘੁੰਮ ਫਿਰ ਕੇ ਥੱਕ ਗਏ ਤਾਂ ਰਾਜੇ ਨੇ ਵਜ਼ੀਰ ਨੂੰ ਕਿਹਾ, "ਥਿਆ ਬਹੁਤ ਲੱਗ ਗਈ, ਚੱਲੋ ਵਾਪਸ ਚੱਲੀਏ।"

ਰਸਤੇ ਵਿਚ ਇਕ ਸੰਘਣੇ ਤੂਤ ਥੱਲੇ ਖੂਹ ਸੀ। ਬਾਦਸ਼ਾਹ ਤੇ ਵਜ਼ੀਰ ਖੂਹ ਕੋਲ ਆ ਕੇ ਰੁੱਕ ਗਏ। ਖੂਹ ਤੇ ਇਕ ਬਹੁਤ ਹੀ ਖੂਬਸੂਰਤ ਮੁਟਿਆਰ ਪਾਣੀ ਭਰ ਰਹੀ ਸੀ। ਵਜ਼ੀਰ ਨੇ ਮੁਟਿਆਰ ਨੂੰ ਪਾਣੀ ਪਿਆਉਣ ਲਈ ਬੇਨਤੀ ਕੀਤੀ ਪਰ ਮੁਟਿਆਰ ਵਜ਼ੀਰ ਦੀ ਗੱਲ ਨੂੰ ਅਣਸੁਣੀ ਕਰਕੇ ਆਪਣੇ ਘੜੇ ਪਾਣੀ ਨਾਲ ਭਰਦੀ ਗਈ।

ਵਜ਼ੀਰ ਤੇ ਬਾਦਸ਼ਾਹ ਦਾ ਗਰਮੀ ਨਾਲ ਬੁਰਾ ਹਾਲ ਸੀ। ਪਸੀਨੇ ਨਾਲ ਉਹਨਾਂ ਦੇ ਕੱਪੜੇ ਨਿਚੜ ਰਹੇ ਸੀ ਤੇ ਘੋੜੇ ਵੀ ਪਸੀਨੇ ਨਾਲ ਭਿੱਜੇ ਹੋਏ ਸਨ। ਵਜ਼ੀਰ ਨੇ ਦੁਬਾਰਾ ਫੇਰ ਉਸ ਲੜਕੀ ਨੂੰ ਪਾਣੀ ਪਿਆਉਣ ਲਈ ਕਿਹਾ। ਲੜਕੀ ਨੇ ਗੱਲ ਅਣਸੁਣੀ ਕਰਕੇ ਪਾਣੀ ਦਾ ਡੋਲ ਖੂਹ 'ਚੋਂ ਕੱਢਿਆ ਤੇ ਖੂਹ ਦੀ ਮੌਣ ਕੋਲ ਬਣੀ ਥੜ੍ਹੀ ਧੋਣ ਲੱਗ ਪਈ।

ਰਾਜਾ ਕੋਲ਼ ਖੜਾ ਇਹ ਸਾਰਾ ਕੁਝ ਦੇਖ ਰਿਹਾ ਸੀ। ਰਾਜਾ ਵਜ਼ੀਰ ਨੂੰ ਕਹਿਣ ਲੱਗਾ, "ਸ਼ਾਇਦ ਇਸ ਲੜਕੀ ਨੂੰ ਸਮਝ ਘੱਟ ਆ। ਚੱਲ ਹੁਣ ਤਾਂ ਲਾਗੇ ਈ ਆ ਗਏ ਆਂ। ਮਹਿਲੀਂ ਜਾ ਕੇ ਜਲ ਛਕਦੇ ਆਂ।"

ਜਦੋਂ ਬਾਦਸ਼ਾਹ ਤੇ ਵਜ਼ੀਰ ਨੇ ਵਾਗਾਂ ਮੋੜੀਆਂ ਤਾਂ ਲੜਕੀ ਅੱਗੇ ਹੱਥ ਜੋੜ ਕੇ ਖੜ੍ਹ ਗਈ ਕਹਿੰਦੀ, ਮਹਾਰਾਜ ਮੈਂ ਗਲਾਸ ਲੈ ਆਉਨੀ ਆਂ। ਤੁਸੀਂ ਪਾਣੀ ਪੀਤੇ ਵਗੈਰ ਨਾ ਜਾਇਓ।

ਲੜਕੀ ਦੌੜ ਕੇ ਜਾ ਕੇ ਗਲਾਸ ਲੈ ਆਈ। ਉਹਨੇ ਬੜੇ ਪਿਆਰ ਸਤਿਕਾਰ ਨਾਲ ਰਾਜੇ ਤੇ ਵਜ਼ੀਰ ਨੂੰ ਪਾਣੀ ਪਿਆਇਆ। ਪਾਣੀ ਪੀ ਕੇ ਰਾਜਾ ਲੜਕੀ ਨੂੰ ਕਹਿਣ ਲੱਗਾ, ਹੇ ਲੜਕੀ ਤੂੰ ਇਹ ਦੱਸ ਬਈ ਜਦੋਂ ਵਜ਼ੀਰ ਨੇ ਤੈਨੂੰ ਪਹਿਲੀ ਵਾਰ ਕਿਹਾ ਸੀ ਤੈਂ ਉਦੋਂ ਪਾਣੀ ਕਿਉਂ ਨਾ ਪਿਆਇਆ।

ਲੜਕੀ ਨੇ ਜਵਾਬ ਦਿੱਤਾ, "ਮਹਾਰਾਜ ਤੁਸੀਂ ਆਂ ਸੈਰ ਕਰਕੇ ਆਏ। ਮੌਸਮ ਦੇਖ ਲਓ ਕਿਹੜਾ। ਤੁਹਾਡੇ ਅੰਦਰ ਦੀ ਅਗਨੀ ਬਾਹਰ ਨਿਕਲ ਰਹੀ ਆ। ਘੋੜਿਆਂ ਦਾ ਵੀ ਇਹੀ ਹਾਲ ਆ। ਜੇ ਮੈਂ ਆਉਂਦਿਆਂ ਨੂੰ ਤੁਹਾਨੂੰ ਪਾਣੀ ਪਿਆ ਦਿੰਦੀ ਤਾਂ ਤੁਸੀਂ ਫਟਕਾ ਨੀ ਸੀ ਖਾਣਾ। ਤੁਸੀਂ ਦੋਹਾਂ ਨੇ ਮੁੱਕ ਜਾਣਾ ਸੀ ਉਧਰ ਘੋੜੇ ਵੀ ਦੋਨੋਂ ਮਰ ਜਾਣੇ ਸੀ। ਮੈਂ ਤਾਂ ਨਹੀਂ ਸੀ ਤੁਹਾਨੂੰ ਪਾਣੀ ਪਿਆਇਆ। ਬਈ ਸ਼ਾਂਤੀ ਆ ਜਾਊ, ਠੰਡਾ ਜਿਗਰਾ ਹੋ ਜਾਊ ਫਿਰ ਪਾਣੀ ਪਿਆਉਨੀ ਆਂ।"

ਬਾਦਸ਼ਾਹ ਕਹਿੰਦਾ ਠੀਕ ਏ। ਬਿਲਕੁਲ ਠੀਕ ਏ। ਸਾਡੇ ਤਾਂ ਖਾਨੇ 'ਚ ਈ ਨਾ ਇਹ ਗੱਲ ਪਈ। ਜੇ ਅਸੀਂ ਆਉਂਦੇ ਈ ਪਾਣੀ ਪੀ ਲੈਂਦੇ ਤਾਂ ਮਰ ਮੁਕ ਸਕਦੇ ਸੀ। ਲੜਕੀ ਬੜੀ ਸਿਆਣੀ ਏ। ਵਜ਼ੀਰ ਕਹਿੰਦਾ ਚੰਗਾ ਬੀਬਾ, ਹੁਣ ਅਸੀਂ ਚੱਲਦੇ ਆਂ।

ਰਸਤੇ ਵਿਚ ਬਾਦਸ਼ਾਹ ਵਜ਼ੀਰ ਨਾਲ ਸਲਾਹ ਕਰਦਾ ਜਾਂਦਾ। ਅਖੇ ਸਾਡੇ ਕੋਲ ਰੋਜ਼ ਕੋਈ ਨਾ ਕੋਈ ਫ਼ੈਸਲਾ ਕਰਵਾਉਣ ਜਨਤਾ ਆਉਂਦੀ ਏ। ਪਰ ਏਸ ਵੇਲੇ ਸਾਡੇ ਦਿਮਾਗ ਨੇ ਕੋਈ ਕੰਮ ਨਹੀਂ ਕੀਤਾ। ਇਹ ਤਾਂ ਲੜਕੀ ਬਹੁਤ ਅਕਲ ਵਾਲੀ ਏ। ਕਿਉਂ ਨਾ ਇਹਦੇ ਨਾਲ ਸ਼ਾਦੀ ਕਰ ਲਈ ਜਾਵੇ।

ਅਗਲੇ ਦਿਨ ਰਾਜੇ ਨੇ ਉਸੇ ਲੜਕੀ ਦੇ ਘਰ ਵਜ਼ੀਰ ਨੂੰ ਲੜਕੀ ਦੇ ਡੋਲ਼ੇ ਲਈ ਸਲਾਹ ਮਸ਼ਵਰਾ ਕਰਨ ਭੇਜ ਦਿੱਤਾ। ਲੜਕੀ ਦੇ ਮਾਪੇ ਗਰੀਬ ਸਨ। ਪਹਿਲਾਂ ਤਾਂ ਘਬਰਾ ਗਏ। ਵਜ਼ੀਰ ਨੂੰ ਆਖਣ ਲੱਗੇ ਮਹਾਰਾਜ ਇਹ ਕਿੱਦਾਂ ਹੋ ਸਕਦਾ। ਕਿੱਥੇ ਤੁਸੀਂ ਮੌਕੇ ਦੀ ਹਕੂਮਤ ਤੇ ਕਿੱਥੇ ਅਸੀਂ ਕੰਮੀ ਕਮੀਣ।



- ਡਾ. ਜਸਵੰਤ ਰਾਏ
91-98158-25999

ਪਰ ਵਜ਼ੀਰ ਦੇ ਕਹਿਣ ਤੇ ਕਿ ਵਿਆਹ ਤੇ ਤੁਹਾਡਾ ਭੋਰਾ ਭਰ ਵੀ ਖਰਚਾ ਨਹੀਂ ਹੋਣਾ। ਰਾਜੇ ਨੂੰ ਸਿਰਫ਼ ਲੜਕੀ ਲੜਕੀ ਚਾਹੀਦੀ ਏ। ਲੜਕੀ ਲਈ ਤਿੰਨ ਕੱਪੜੇ ਵੀ ਰਾਜਾ ਮਹਿਲਾਂ 'ਚੋਂ ਹੀ ਭੇਜੇਗਾ। ਤੁਹਾਨੂੰ ਕਿਸੇ ਗੱਲੋਂ ਘਾਬਰਨ ਦੀ ਲੋੜ ਨਹੀਂ, ਗੱਲਾਂ ਸੁਣ ਕੇ ਲੜਕੀ ਦੇ ਮਾਂ ਪੇ ਵੀ ਸਹਿਮਤ ਹੋ ਗਏ, ਕਿ ਇੱਥੇ ਵੀ ਤਾਂ ਲੜਕੀ ਨੇ ਗੁਰਬਤ ਵਿਚ ਈ ਦਿਨ ਕੱਟਣੇ ਨੇ। ਚਲੋ ਮਹਿਲਾਂ 'ਚ ਜਾ ਕੇ ਆਪਣੀ ਲਿਆਕਤ ਨਾਲ ਸੁੱਖ ਦੇ ਦਿਨ ਕੱਟ ਲਊ।

ਮਿੱਥੇ ਦਿਨ ਅਨੁਸਾਰ ਲੜਕੀ ਦਾ ਰਾਜੇ ਨਾਲ ਵਿਆਹ ਹੋ ਗਿਆ। ਲੜਕੀ ਦੇ ਮਾਂ ਪੇ ਦਾ ਇਕ ਆਨਾ ਵੀ ਨਾ ਲੱਗਾ। ਲੜਕੀ ਰਾਜੇ ਦੇ ਮਹਿਲੀਂ ਵੱਸਣ ਰੱਸਣ ਲੱਗ ਪਈ। ਕੋਈ ਰੋਜ਼ ਪਾ ਕੇ ਲੜਕੀ ਦੇ ਭਾਗ ਲੱਗ ਗਿਆ।

(ਚਲਦਾ)

# ਡਾ. ਅੰਬੇਡਕਰ ਅਤੇ ਦਲਿਤ ਮੁਕਤੀ ਅੰਦੋਲਨ




**ਡਾ. ਰੌਣਕੀ ਰਾਮ**

ਡੀਨ, ਆਰਟਸ ਫੈਕਲਟੀ
ਆਨਰੇਰੀ ਡਾਇਰੈਕਟਰ, ਆਈ. ਸੀ. ਐਸ. ਐਸ. ਆਰ
ਸ਼ਹੀਦ ਭਗਤ ਸਿੰਘ ਪ੍ਰੋਫੈਸਰ ਆਫ ਪੋਲੀਟੀਕਲ ਸਾਇੰਸ
ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ (91-977-914-2308)


**(ਪੰਜਵੀ ਕਿਸਤ)**

ਉਪਰੋਕਤ ਚਰਚਿਤ ਮਹਾੜ ਅੰਦੋਲਨ ਦੀ ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਨੂੰ ਸਮਝਣ ਵਿੱਚ ਅਹਿਮ ਭੂਮਿਕਾ ਹੈ। ਇਸਦਾ ਪਹਿਲਾ ਪਹਿਲੂ ਹੈ ਛੂਤ-ਛਾਤ ਨੂੰ ਖ਼ਤਮ ਕਰਕੇ ਸਮਾਜਿਕ ਬਰਾਬਰਤਾ ਲਈ ਸਮਾਜ ਦਾ ਸੰਗਠਨ ਕਰਨਾ, ਦੂਸਰਾ ਧਾਰਮਿਕ ਕੱਟੜਤਾ ਤੋਂ ਛੁਟਕਾਰਾ ਪਾਉਣਾ ਅਤੇ ਤੀਸਰਾ ਇਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਲਈ ਸੰਵਿਧਾਨਿਕ ਤੌਰ-ਤਰੀਕਿਆਂ ਨੂੰ ਵਰਤੋਂ ਵਿੱਚ ਲਿਆਉਣਾ। ਇਸਤੋਂ ਇਲਾਵਾ ਅੰਬੇਡਕਰ ਦਾ ਦਲਿਤ ਮੁਕਤੀ ਅੰਦੋਲਨ ਮਹਾੜ ਸੰਘਰਸ਼ ਦੌਰਾਨ ਉਨ੍ਹਾਂ ਦੀ ਲੀਡਰਸ਼ਿਪ ਨੂੰ ਮੁਕੰਮਲ ਤੌਰ ਤੇ ਵੀ ਸਥਾਪਿਤ ਕਰਦਾ ਹੈ। ਮਹਾੜ ਅੰਦੋਲਨ ਨੇ ਅਛੂਤਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸਨੇ ਸਰਕਾਰ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ। ਕੱਟੜਵਾਦੀ ਹਿੰਦੂ ਧੜੇ ਨੂੰ ਤਾਂ ਸਮਝੋ ਭੈਭੀਤ ਹੀ ਕਰ ਦਿੱਤਾ। ਇਸਨੇ ਪੱਛੜੇ ਵਰਗ ਦੇ ਲੋਕਾਂ ਵਿੱਚ ਇੱਕ ਐਸੀ ਚੇਤਨਾ ਅਤੇ ਆਪਣੇ ਹੱਕਾਂ ਲਈ ਲੜਨ ਵਾਸਤੇ ਅਜਿਹੀ ਰੂਹ ਫੂਕੀ ਜਿਸਨੂੰ ਹੁਣ ਕਦੇ ਵੀ ਦਬਾਇਆ ਨਹੀਂ ਜਾ ਸਕਦਾ। ਸ਼ਾਇਦ ਭਾਰਤ ਦੇ ਇਤਿਹਾਸ ਵਿੱਚ ਦਲਿਤ ਵਰਗ ਦੇ ਲੋਕਾਂ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਉਹ ਵੀ ਇਕੱਠੇ ਹੋ ਕੇ ਉਨਾਂ ਉੱਪਰ ਕੀਤੇ ਜਾ ਰਹੇ ਅਨਿਆਂ ਦਾ ਲਾਮਬੰਧ ਤਰੀਕੇ ਨਾਲ ਵਿਰੋਧ ਕਰ ਸਕਦੇ ਹਨ। ਸਰਕਾਰ ਨੂੰ ਵੀ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਦਲਿਤ ਵਰਗ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਬਾਬਾ ਸਾਹਿਬ ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਦੇ ਜਿੱਤ ਦੀ ਇਹ ਮੂੰਹ ਬੋਲਦੀ ਤਸਵੀਰ ਹੈ।

ਇਸ ਅੰਦੋਲਨ ਦਾ ਇੱਕ ਹੋਰ ਪਹਿਲੂ ਜੋ ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਦੀ ਰੂਪ-ਰੇਖਾ ਨੂੰ ਸਮਝਣ ਵਿੱਚ ਮਦਦ ਕਰਦਾ ਹੈ ਉਹ ਹੈ ਉਨ੍ਹਾਂ ਵੱਲੋਂ ਪੱਛੜੇ ਵਰਗ ਦੇ ਅੰਦਰ ਪਨਪ ਰਹੀ ਜਾਤ-ਪਾਤੀ ਵਿਤਕਰੇ ਤੋਂ ਮੁਕਤੀ। ਦੂਸਰਾ ਪੱਛੜੇ ਵਰਗ ਸਮਾਜ ਅੰਦਰ ਬੁਰਾਈਆਂ ਤੋਂ ਮੁਕਤ ਹੋ ਕੇ ਸਾਫ਼-ਸੁਥਰੀ ਜ਼ਿੰਦਗੀ ਜਿਉਣਾ, ਵਿੱਦਿਆ ਹਾਸਲ ਕਰਨਾ। ਡਾ. ਅੰਬੇਡਕਰ ਅਨੁਸਾਰ ਵਿੱਦਿਆ ਦਾ ਦਲਿਤ ਮੁਕਤੀ ਅਤੇ ਸ਼ਕਤੀਕਰਨ ਦੇ ਸੰਕਲਪਾਂ ਨੂੰ ਪੂਰਾ ਕਰਨ ਵਿੱਚ ਅਹਿਮ ਰੋਲ ਹੈ।

ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਨੂੰ ਸਮਝਣ ਵਾਸਤੇ ਉਨ੍ਹਾਂ ਵੱਲੋਂ ਮੰਦਰਾਂ ਵਿੱਚ ਪ੍ਰਵੇਸ਼ ਕਰਨ ਲਈ ਸ਼ੁਰੂ ਕੀਤੇ ਸੱਤਿਆਗ੍ਰਹਿ ਅੰਦੋਲਨਾਂ ਬਾਰੇ ਜਾਣਕਾਰੀ ਹਾਸਲ ਕਰਨਾ ਜ਼ਰੂਰੀ ਹੈ। ਦਲਿਤ ਮੁਕਤੀ ਅੰਦੋਲਨ ਵਿੱਚ ਤਿੰਨ ਮੰਦਰ ਸੱਤਿਆਗ੍ਰਹਿ ਅੰਦੋਲਨਾਂ ਦੀ ਕਾਫ਼ੀ ਮਹੱਤਤਾ ਹੈ। ਇਹ ਤਿੰਨ ਮੰਦਰ ਸੱਤਿਆਗ੍ਰਹਿ ਅੰਦੋਲਨ ਜਿਨਾਂ ਤਿੰਨ ਵੱਖ-ਵੱਖ ਸ਼ਹਿਰਾਂ ਵਿੱਚ ਕੀਤੇ ਜਾਂਦੇ ਹਨ, ਉਹ ਹਨ: ਅਮਰਾਓਤੀ, ਪੂਨਾ ਅਤੇ ਨਾਸਿਕ। ਇਨ੍ਹਾਂ ਤਿੰਨਾਂ ਸ਼ਹਿਰਾਂ ਦੀ ਖ਼ਾਸੀਅਤ ਹੈ ਕਿ ਇਨ੍ਹਾਂ ਵਿੱਚ ਮਹਾਰਾਂ ਦੇ ਯਤਨਾਂ ਸਦਕਾ ਜਥੇਬੰਦੀਆਂ ਅਤੇ ਸਕੂਲਾਂ ਦਾ ਨਿਰਮਾਣ ਕੀਤਾ ਜਾ ਚੁੱਕਾ ਸੀ। ਇਨ੍ਹਾਂ ਮੰਦਰ ਸੱਤਿਆਗ੍ਰਹੀ ਅੰਦੋਲਨਾਂ ਦੀ ਇੱਕ ਇਹ ਵੀ ਖ਼ਾਸੀਅਤ ਹੈ ਕਿ ਇਹ ਪੂਰਨ ਤੌਰ ਤੇ ਅਹਿੰਸਾ ਦੇ ਸਿਧਾਂਤ ਤੇ ਆਧਾਰਿਤ ਸਨ। ਇਨ੍ਹਾਂ ਦੀ ਇਹ ਇੱਕ ਹੋਰ ਵੀ ਖ਼ਾਸੀਅਤ ਹੈ ਕਿ ਇਨ੍ਹਾਂ ਦਾ ਅਹਿੰਸਾ ਵਿੱਚ ਵਿਸ਼ਵਾਸ ਭਾਵੇਂ ਮਹਾਤਮਾ ਗਾਂਧੀ ਦੇ ਅਹਿੰਸਾ ਦੇ ਸਿੱਧੇ ਤੌਰ ਤੇ ਸਿਧਾਂਤ ਨਾਲ ਮਿਲਦਾ-ਜੁਲਦਾ ਹੈ ਪਰੰਤੂ ਫਿਰ ਵੀ ਇਨ੍ਹਾਂ ਅੰਦੋਲਨਾਂ ਵਿੱਚ ਨਾ ਤਾਂ ਗਾਂਧੀ ਨੇ ਅਤੇ ਨਾ ਹੀ ਉਨ੍ਹਾਂ ਦੇ ਸਾਥੀਆਂ ਨੇ ਕੋਈ ਸਾਥ ਦਿੱਤਾ। ਜਿੱਥੋਂ ਤੱਕ ਡਾ. ਅੰਬੇਡਕਰ ਦਾ ਇਨ੍ਹਾਂ ਸੱਤਿਆਗ੍ਰਹਿਆਂ ਵਿੱਚ ਸ਼ਮੂਲੀਅਤ ਦਾ ਸੰਬੰਧ ਹੈ ਉਸ ਬਾਰੇ ਕੋਈ ਦੋ ਰਾਏ ਨਹੀਂ ਹੈ ਕਿ ਉਹ ਇਨ੍ਹਾਂ ਵਿੱਚੋਂ ਕਿਸੇ ਵੀ ਸੱਤਿਆਗ੍ਰਹਿ ਦੇ ਸੰਚਾਲਕ ਜਾ ਮੌਕੇ ਦੇ ਆਗੂ ਨੇਤਾ ਨਹੀਂ ਸਨ। ਪਰੰਤੂ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਨੇ ਇਨ੍ਹਾਂ ਮੰਦਰਾਂ ਵਿੱਚ ਪ੍ਰਵੇਸ਼ ਲਈ ਕੀਤੇ ਗਏ ਸੱਤਿਆਗ੍ਰਹਿ ਅੰਦੋਲਨਾਂ ਨੂੰ ਆਪਣੀ ਮਾਨਤਾ ਦਿੱਤੀ। ਉਨ੍ਹਾਂ ਦੀ ਲੀਡਰਸ਼ਿਪ ਦੀ ਭੂਮਿਕਾ ਇਨ੍ਹਾਂ ਸੱਤਿਆਗ੍ਰਹਿਆਂ ਵਿੱਚ ਚਿੰਨ੍ਹ ਦੇ ਤੌਰ ਤੇ ਬਹੁਤ ਅਹਿਮੀਅਤ ਰੱਖਦੀ ਸੀ। ਇਨ੍ਹਾਂ ਸੱਤਿਆਗ੍ਰਹਿਆਂ ਦਾ ਦਲਿਤ ਜਾਤੀਆਂ ਵਿੱਚ ਆਪਸੀ ਮਿਲਵਰਤਨ ਅਤੇ ਨਵੀਨੀਕਰਣ ਦੀ ਪ੍ਰਕਿਰਿਆ ਵਿੱਚ ਕਾਫੀ ਯੋਗਦਾਨ ਰਿਹਾ ਹੈ। ਡਾ. ਅੰਬੇਡਕਰ ਦਾ ਮੰਦਰਾਂ ਵਿੱਚ ਪ੍ਰਵੇਸ਼ ਨਾਲ ਸੰਬੰਧਿਤ ਸੱਤਿਆਗ੍ਰਹਿ ਅੰਦੋਲਨ ਬਾਰੇ ਜੋ ਮੱਤ ਸੀ ਉਸਦਾ ਸੰਬੰਧ ਮੰਦਰਾਂ ਅਤੇ ਉਨ੍ਹਾਂ ਨਾਲ ਜੁੜੀਆਂ ਹੋਈਆਂ ਧਾਰਮਿਕ ਧਾਰਨਾਵਾਂ ਨਾਲ ਘੱਟ ਅਤੇ ਪੱਛੜੇ ਵਰਗ ਦੇ ਲੋਕਾਂ ਵਿੱਚ ਚੇਤਨਾ ਅਤੇ ਸ਼ਕਤੀ ਨੂੰ ਪੈਦਾ ਕਰਨ ਨਾਲ ਜ਼ਿਆਦਾ ਸੀ। 1934 ਵਿੱਚ ਗਾਇਕਵਾੜ ਦੇ ਸੱਤਿਆਗ੍ਰਹਿ ਨੂੰ ਬਣਾਏ ਰੱਖਣ ਬਾਰੇ ਅੰਬੇਡਕਰ ਤੋਂ ਸਲਾਹ ਲੈਣ ਤੇ ਉਨ੍ਹਾਂ ਨੇ ਕਿਹਾ ਕਿ ਪੱਛੜੇ ਵਰਗ ਦੇ ਲੋਕਾਂ ਨੂੰ ਆਪਣੀ ਸਮੱਰਥਾ ਅਤੇ ਸਾਧਨ ਰਾਜਨੀਤੀ ਤੇ ਵਿੱਦਿਆ ਨੂੰ ਪ੍ਰਾਪਤ ਕਰਨ ਵਿੱਚ ਲਗਾਉਣੇ ਚਾਹੀਦੇ ਹਨ। ਮੇਰਾ ਹੁਣ ਮੰਦਰਾਂ 'ਚ ਪ੍ਰਵੇਸ਼ ਨਾਲ ਕੋਈ ਲਗਾਉ ਨਹੀਂ ਹੈ।

ਜਿੱਥੋਂ ਤੱਕ ਅਮਰਾਓਤੀ ਵਿਖੇ ਅੰਬਾ ਦੇਵੀ ਮੰਦਰ ਵਿੱਚ ਪ੍ਰਵੇਸ਼ ਵਾਸਤੇ ਸੱਤਿਆਗ੍ਰਹਿ ਦਾ ਸੰਬੰਧ ਹੈ ਉਸ ਬਾਰੇ ਬਹੁਤ ਠੋਸ ਯਤਨ ਨਹੀਂ ਕੀਤੇ ਜਾ ਸਕੇ। ਉਸਦਾ ਇੱਕ ਮੁੱਖ ਕਾਰਣ ਤਾਂ ਇਹ ਸੀ ਕਿ ਡਾ. ਅੰਬੇਡਕਰ ਜਿਸਨੂੰ ਇਸ ਅੰਦੋਲਨ ਦੀ ਸਥਾਨਕ ਕਮੇਟੀ ਨੇ ਪ੍ਰਧਾਨਗੀ ਦੇ ਅਹੁਦੇ ਵਾਸਤੇ ਬੁਲਾਇਆ ਸੀ, ਉਨਾਂ ਨੂੰ ਆਪਣੇ ਭਰਾ ਦੀ ਮੌਤ ਦੀ ਅਚਾਨਕ ਖ਼ਬਰ ਆਉਣ ਕਾਰਨ ਵਾਪਸ ਬੰਬਈ ਜਾਣਾ ਪਿਆ ਜਿਸ ਕਰਕੇ ਅੰਦੋਲਨ ਨਾਲ ਸੰਬੰਧਿਤ ਕਾਨਫਰੰਸ ਨੂੰ ਮੁਲਤਵੀ ਕਰਨਾ ਪਿਆ। ਭਾਵੇਂ ਇਹ ਸੱਤਿਆਗ੍ਰਹਿ ਬਾਅਦ ਵਿੱਚ ਵੀ ਪੂਰਾ ਜ਼ੋਰ ਨਹੀਂ ਫੜ ਸਕਿਆ ਪਰੰਤੂ ਫਿਰ ਵੀ ਇਸਨੇ ਅਮਰਾਓਤੀ ਦੇ ਮਹਾਰਾਂ ਵਿੱਚ ਦਲਿਤ ਚੇਤਨਾ ਨੂੰ ਜਨਮ ਦਿੱਤਾ। ਦੂਸਰਾ ਮੰਦਰ ਪ੍ਰਵੇਸ਼ ਸਤਿਆਗ੍ਰਹਿ ਅੰਦੋਲਨ ਪੂਨਾ ਵਿਖੇ ਪਾਰਵਤੀ ਮੰਦਰ 'ਚ 1929 ਵਿੱਚ ਕੀਤਾ ਗਿਆ। ਇਹ ਮੰਦਰ ਪੂਨਾ ਵਿਖੇ ਇਕ ਪਰਬਤ ਉਤੇ ਸਥਿਤ ਹੈ ਜਿਥੇ ਪੇਸ਼ਵਾ ਦੇ ਵੇਲੇ ਕਾਫੀ ਮੰਦਰ ਬਣਾਏ ਗਏ ਸਨ। ਇਸ ਸਤਿਆਗ੍ਰਹਿ ਵਿੱਚ ਵੀ ਡਾ. ਅੰਬੇਡਕਰ ਦੀ ਸ਼ਮੂਲੀਅਤ ਸਿਧੇ ਤੌਰ ਤੇ ਨਹੀਂ ਸੀ। ਇਸ ਅੰਦੋਲਨ ਦੀ ਸਤਿਆਗ੍ਰਹਿ ਕਮੇਟੀ ਦੀ ਪ੍ਰਧਾਨਗੀ ਪ੍ਰਸਿੱਧ ਮਹਾਰ ਨੇਤਾ ਸ਼ਿਵ ਰਾਮ ਜਨਬਾ ਕਾਂਬਲੇ ਕਰ ਰਹੇ ਸਨ। ਉਨ੍ਹਾਂ ਨੂੰ ਇਸ ਕਾਰਜ ਵਿਚ ਮਦਦ ਕਰਨ ਲਈ ਮਰਾਠਾ ਗ਼ੈਰ-ਬ੍ਰਾਹਮਣ ਨੇਤਾ ਕੇ. ਐਮ. ਜੇਦੇ; ਦੋ ਮਹਾਰ ਆਰ. ਥੋਰਾਟ ਅਤੇ ਸੂਬੇਦਾਰ ਆਰ. ਐਸ. ਘਟਗੇ ਅਤੇ ਕੇ. ਜੀ. ਪਤਦੇ, ਜੋ ਕਿ ਮੰਗ ਜਾਤ ਨਾਲ ਸੰਬੰਧਤ ਸਨ, ਉਨ੍ਹਾਂ ਨਾਲ ਜੁੜੇ ਹੋਏ ਸਨ। ਸੈਂਕੜੇ ਅਛੂਤ ਇਸ ਸਤਿਆਗ੍ਰਹਿ ਵਿੱਚ ਇੱਕਠੇ ਹੋਏ ਸਨ ਜਿਨ੍ਹਾਂ ਵਿੱਚ 12 ਸੱਤਿਆਗ੍ਰਹੀਆਂ ਦਾ ਗਰੁੱਪ, ਜਿਸ ਵਿੱਚ ਚਾਰ ਔਰਤਾਂ ਵੀ ਸ਼ਾਮਲ ਸਨ, ਮੰਦਰ ਵਿੱਚ ਪ੍ਰਵੇਸ਼ ਕਰਨ ਲਈ ਪਾਰਬਤੀ ਪਹਾੜ ਤੇ ਚੜ੍ਹਿਆ। ਇਸ ਉਪਰੰਤ ਸਵਰਨ ਹਿੰਦੂਆਂ ਨੇ ਉਨ੍ਹਾਂ ਤੇ ਹਮਲਾ ਬੋਲ ਦਿੱਤਾ। ਅੰਗਰੇਜ਼ ਸਰਕਾਰ ਨੇ ਸੱਤਿਆਗ੍ਰਹਿਆਂ ਨੂੰ ਪੁਲਿਸ ਦੀ ਮੱਦਦ ਮੁਹੱਈਆ ਕਰਵਾਈ। ਮੰਦਰ ਦੇ ਅੱਗੇ ਪੰਜ ਸੱਤਿਆਗ੍ਰਹੀਆਂ ਨੇ ਧਰਨਾ ਸ਼ੁਰੂ ਕੀਤਾ। ਮੰਦਰ ਚਾਰ ਮਹੀਨੇ ਬੰਦ ਰਿਹਾ ਅਤੇ ਬਾਅਦ ਵਿੱਚ ਸਤਿਆਗ੍ਰਹਿ ਹੌਲੀ ਹੌਲੀ ਵਾਪਸ ਲੈ ਲਿਆ ਗਿਆ। ਇਸ ਸਤਿਆਗ੍ਰਹਿ ਅੰਦੋਲਨ ਦੌਰਾਨ ਡਾ. ਅੰਬੇਡਕਰ ਦੀ ਛਵੀ ਨੂੰ ਇਕ ਕਵਿਤਾ ਦੇ ਰਾਹੀਂ ਸ਼ਿਵਾਜੀ ਮਹਾਰਾਜ ਅਤੇ ਚੌਖਾਮੇਲਾ ਦੇ ਬਰਾਬਰ ਰੱਖ ਕੇ ਉਭਾਰਿਆ ਗਿਆ। ਇਸ ਸਤਿਆਗ੍ਰਹਿ ਦੀ ਦਲਿਤ ਮੁਕਤੀ ਅੰਦੋਲਨ ਦੇ ਨਜ਼ਰੀਏ ਤੋਂ ਇਹ ਪ੍ਰਾਪਤੀ ਸੀ ਕਿ ਇਸ ਨੇ ਮਹਾਰ ਲਹਿਰ ਨੂੰ ਮਜ਼ਬੂਤ ਕਰਨ ਵਿੱਚ ਬੜੀ ਮੱਦਦ ਕੀਤੀ ਅਤੇ ਕਾਂਗਰਸ ਦੀ ਇਸ ਅੰਦੋਲਨ ਪ੍ਰਤੀ ਨਾਂਹ ਵਾਚਕ ਰੁਚੀ ਨੇ ਮਹਾਰਾਂ ਨੂੰ ਗਾਂਧੀਅਨ ਅਤੇ ਕਾਂਗਰਸ ਵਿਚਾਰਧਾਰਾ ਤੋਂ ਹੋਰ ਪਰੇ ਧੱਕ ਦਿੱਤਾ।

ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਦੀ ਇਕ ਨਵੀਂ ਦਿੱਖ ਨਾਸਿਕ ਵਿਖੇ ਕਾਲਾ ਰਾਮ ਮੰਦਰ ਸਤਿਆਗ੍ਰਹਿ ਅੰਦੋਲਨ ਦੌਰਾਨ ਉਭਰਦੀ ਹੈ। ਭਾਵੇਂ ਬੀ.ਕੇ. ਗਾਇਕਵਾੜ ਇਸ ਅੰਦੋਲਨ ਦੇ ਮੁਖ ਕਰਤਾ-ਧਰਤਾ ਸਨ ਪਰੰਤੂ ਉਹ ਡਾ. ਅੰਬੇਡਕਰ ਤੋਂ ਇਸ ਦੇ ਸੰਚਾਲਨ ਲਈ ਨਿਰੰਤਰ ਅਗਵਾਈ ਲੈ ਰਹੇ ਸਨ। ਇਹ ਅੰਦੋਲਨ 2 ਮਾਰਚ 1930 ਨੂੰ ਨਾਸਿਕ ਵਿਖੇ ਸਵੇਰੇ 10 ਵਜੇ ਇਕ ਵਿਸ਼ਾਲ ਕਾਨਫਰੰਸ ਦੇ ਰੂਪ ਵਿੱਚ, ਜਿਸ ਦੀ ਪ੍ਰਧਾਨਗੀ ਡਾ. ਅੰਬੇਡਕਰ ਨੇ ਕੀਤੀ, ਸ਼ੁਰੂ ਹੋਇਆ। ਉਸੇ ਦਿਨ ਸ਼ਾਮ ਨੂੰ ਤਿੰਨ ਵਜੇ ਇਹ ਸਮੁੱਚੀ ਕਾਨਫਰੰਸ ਇਕ ਵਿਸ਼ਾਲ ਜਲੂਸ ਦੀ ਸ਼ਕਲ ਵਿੱਚ ਜਿਲ੍ਹਾ ਮੈਜਿਸਟਰੇਟ, ਪੁਲਿਸ ਕਪਤਾਨ ਅਤੇ ਦੋ ਸਥਾਨਕ ਮੈਜਿਸਟਰੇਟਾਂ ਦੀ ਹਿਫ਼ਾਜ਼ਤ ਤਹਿਤ ਮੰਦਰ ਦੇ ਗੇਟਾਂ ਵੱਲ ਵਧਣਾ ਸ਼ੁਰੂ ਹੋਈ। ਨਾਸਿਕ ਦੇ ਇਤਿਹਾਸ ਵਿੱਚ ਇਹ ਸਭ ਤੋਂ ਵੱਡਾ ਤੇ ਰਿਕਾਰਡ ਤੋੜ ਜਲੂਸ ਸੀ। 3 ਮਾਰਚ 1930 ਨੂੰ 125 ਪੁਰਸ਼ਾਂ ਅਤੇ 25 ਇਸਤਰੀਆਂ ਦਾ ਪਹਿਲਾ ਜੱਥਾ ਇਸ ਮੰਦਰ ਦੇ ਬੰਦ ਕੀਤੇ ਹੋਏ ਚੌਹਾਂ ਗੇਟਾਂ 'ਤੇ ਧਰਨੇ ਤੇ ਬੈਠਾ। ਇਸ ਮੋਰਚੇ ਵਿੱਚ ਤਕਰੀਬਨ 10 ਹਜ਼ਾਰ ਅਛੂਤਾਂ ਨੇ ਹਿੱਸਾ ਲਿਆ। ਐਨ. ਵੀ. ਗਾਡਗਿਲ, ਜੋ ਕਿ ਬ੍ਰਾਹਮਣ ਸਨ ਅਤੇ ਜਿਨ੍ਹਾਂ ਨੇ ਪਾਰਬਤੀ ਸੱਤਿਆਗ੍ਰਹਿ ਵਿੱਚ ਹਿੱਸਾ ਲਿਆ ਸੀ, ਮਹਾਰ ਲਹਿਰ ਬਾਰੇ ਹਮਦਰਦੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਭਾਵੇਂ ਅੰਬੇਡਕਰ ਦਾ ਮੰਦਰਾਂ ਵਿੱਚ ਕੋਈ ਵਿਸ਼ਵਾਸ ਨਹੀਂ ਸੀ ਪਰੰਤੂ ਫਿਰ ਵੀ ਉਹ ਮੰਦਰ ਸੱਤਿਆਗ੍ਰਹਿ ਰਾਹੀਂ ਹਿੰਦੂਆਂ ਦੇ ਮਨਾਂ ਵਿੱਚ ਤਬਦੀਲੀ ਲਿਆਉਣਾ ਚਾਹੁੰਦੇ ਸਨ। ਉਹ ਆਪਦੀ ਰਿਪੋਰਟ ਵਿੱਚ ਅੰਬੇਡਕਰ ਦੇ ਸ਼ਬਦਾਂ ਨੂੰ ਪ੍ਰਸਤੂਤ ਕਰਦੇ ਹਨ ਜਿਥੇ ਅੰਬੇਡਕਰ ਕਹਿੰਦੇ ਹਨ, "ਮੰਦਰਾਂ ਵਿੱਚ ਪ੍ਰਵੇਸ਼ ਨਾਲ ਤੁਹਾਡੀਆਂ ਸਮੱਸਿਆਵਾਂ ਖਤਮ ਨਹੀਂ ਹੋਣੀਆਂ। ਰਾਜਨੀਤੀ, ਅਰਥ ਸ਼ਾਸਤਰ, ਵਿਦਿਆ ਅਤੇ ਧਰਮ ਸਭ ਸਮੱਸਿਆ ਦਾ ਹਿੱਸਾ ਹਨ। ਅੱਜ ਦਾ ਸੱਤਿਆਗ੍ਰਹਿ ਹਿੰਦੂ ਮਨਾਂ ਵਾਸਤੇ ਚੁਣੌਤੀ ਹੈ। ਕੀ ਹਿੰਦੂ ਸਾਨੂੰ ਇਨਸਾਨ ਮੰਨਦੇ ਹਨ ਜਾਂ ਨਹੀਂ, ਹੁਣ ਇਹ ਸਾਨੂੰ ਪਤਾ ਲੱਗੇਗਾ। ਸਾਨੂੰ ਪਤਾ ਹੈ ਕਿ ਮੰਦਰ ਵਿਚਲਾ ਭਗਵਾਨ ਪੱਥਰ ਦਾ ਹੈ। ਦਰਸ਼ਨ ਅਤੇ ਪੂਜਾ ਸਾਡੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਸਕਦੇ। ਪਰ ਅਸੀਂ ਸ਼ੁਰੂਆਤ ਕਰਾਂਗੇ ਅਤੇ ਹਿੰਦੂਆਂ ਦੇ ਮਨਾਂ ਨੂੰ ਬਦਲਣ ਦੀ ਕੋਸ਼ਿਸ਼ ਕਰਾਂਗੇ''।

ਇਸ ਸੱਤਿਆਗ੍ਰਹਿ ਦੇ ਇਕ ਮਹੀਨਾ ਪੂਰਨ ਹੋਣ ਉਪਰੰਤ ਕਾਲਾ ਰਾਮ ਮੰਦਰ ਦੀ ਰਥ ਯਾਤਰਾ ਦਾ ਸਲਾਨਾ ਸਮਾਗਮ ਦਾ ਦਿਨ ਆ ਗਿਆ। 9 ਅਪ੍ਰੈਲ 1930 ਨੂੰ ਰਾਮ ਦੀ ਮੂਰਤੀ ਦਾ ਰਥ ਨਿਕਲਣਾ ਸੀ। ਸਵਰਨ ਹਿੰਦੂ ਅਤੇ ਅਛੂਤਾਂ ਵਿੱਚ ਸਦਭਾਵਨਾ ਤਹਿਤ ਇਹ ਸਮਝੌਤਾ ਹੋਇਆ ਕਿ ਦੋਹਾਂ ਪਾਸਿਆਂ ਦੇ ਤਕੜੇ ਬੰਦੇ ਮਿਲ ਕੇ ਰਥ ਖਿਚਣਗੇ। ਇਸ ਮੌਕੇ ਤੇ ਡਾ. ਅੰਬੇਡਕਰ ਵੀ ਆਪਣੇ ਕੁਝ ਚੋਣਵੇਂ ਸਾਥੀਆਂ ਸਮੇਤ ਮੰਦਰ ਦੇ ਗੇਟ ਕੋਲ ਖੜੇ ਸਨ। ਪਰੰਤੂ ਸਵਰਨ ਹਿੰਦੂਆਂ ਨੇ ਇਹ ਵਾਅਦਾ ਨਹੀਂ ਪੁਗਾਇਆ ਜਿਸ ਕਰਕੇ ਮੌਕੇ ਤੇ ਦੰਗਾ ਹੋ ਗਿਆ। ਇਸ ਘਟਨਾ ਤੋਂ ਬਾਅਦ ਨਾਸਿਕ ਵਿੱਚ ਅਛੂਤਾਂ ਦਾ ਸਵਰਨ ਹਿੰਦੂਆਂ ਵਲੋਂ ਵੱਡੀ ਪੱਧਰ ਤੇ ਸਮਾਜਿਕ ਅਤੇ ਆਰਥਿਕ ਬਾਈਕਾਟ ਕੀਤਾ ਗਿਆ। ਇਸ ਉਪਰੰਤ ਮੰਦਰ ਬੰਦ ਕਰ ਦਿੱਤਾ ਗਿਆ ਅਤੇ ਆਉਣ ਵਾਲੇ ਪੰਜ ਸਾਲਾਂ ਤੱਕ ਸਤਿਆਗ੍ਰਹਿ ਜਾਰੀ ਰਿਹਾ। 1931 ਵਿੱਚ ਸੈਂਟਰਲ ਡੀਵੀਜਨ ਕਮਿਸ਼ਨਰ ਨੇ ਅੰਬੇਡਕਰ ਨੂੰ ਨਾਸਿਕ ਦੇ ਲੋਕਾਂ ਨੂੰ ਸੱਤਿਆਗ੍ਰਹਿ ਰੋਕਣ ਲਈ ਕਿਹਾ। ਅੰਬੇਡਕਰ ਨੇ ਇਸ ਦੇ ਜਵਾਬ ਵਿੱਚ ਬੀ. ਕੇ. ਗਾਇਕਵਾੜ ਨੂੰ ਲਿਖਦੇ ਹੋਏ ਕਿਹਾ, "ਮੈਂ ਉਸ ਨੂੰ (ਕਮਿਸ਼ਨਰ) ਇਹ ਕਹਿਣ ਜਾ ਰਿਹਾ ਹਾਂ ਕਿ ਅਸੀਂ ਸੱਤਿਆਗ੍ਰਹਿ ਨਹੀਂ ਰੋਕ ਸਕਦੇ। ਜਿਸ ਤਰ੍ਹਾਂ ਅਸੀਂ ਕੱਟੜ ਹਿੰਦੂਆਂ ਤੋਂ ਫਰਮਾਨ ਨਹੀਂ ਲੈਂਦੇ ਉਸੇ ਤਰ੍ਹਾਂ ਸਾਨੂੰ ਸਰਕਾਰ ਤੋਂ ਵੀ ਹੁਕਮ ਨਹੀਂ ਪ੍ਰਾਪਤ ਕਰਨੇ ਚਾਹੀਦੇ। ਅਸੀਂ ਸਰਕਾਰ ਤੇ ਬਹੁਤ ਵਿਸ਼ਵਾਸ ਕੀਤਾ ਕਿ ਉਹ ਛੂਤ-ਛਾਤ ਨੂੰ ਖਤਮ ਕਰੇਗੀ। ਪਰੰਤੂ ਉਸ ਨੇ ਅਜਿਹਾ ਕਰਨ ਪ੍ਰਤੀ ਇਕ ਉਂਗਲ ਤੱਕ ਨਹੀਂ ਉਠਾਈ। ਹੁਣ ਉਸ ਨੂੰ ਕੋਈ ਹੱਕ ਨਹੀਂ ਹੈ ਕਿ ਉਹ ਸਾਨੂੰ ਰੋਕੇ। ਸਾਨੂੰ ਆਪਣੀ ਸਮੱਸਿਆ ਦਾ ਹੱਲ ਖੁਦ ਲੱਭਣਾ ਹੋਵੇਗਾ ਅਤੇ ਉਹ ਸਭ ਕੁਝ ਕਰਨਾ ਹੋਵੇਗਾ ਜਿਸ ਦੇ ਜ਼ਰੀਏ ਅਸੀਂ ਇਸ ਸ਼ਰਾਪ ਤੋਂ ਮੁਕਤ ਹੋ ਸਕੀਏ। ਜੇਕਰ ਸਰਕਾਰ ਸਾਡੀ ਮਦਦ ਨਹੀਂ ਕਰ ਸਕਦੀ ਤਾਂ ਉਹ ਸਾਡੇ ਕਾਰਜ ਵਿੱਚ ਵਿਘਨ ਤਾਂ ਨਾ ਪਾਵੇ। ਸਾਨੂੰ ਇਹ ਕਹਿਣ ਦਾ ਕੋਈ ਮਤਲਬ ਨਹੀਂ ਹੈ ਕਿ ਅਸੀਂ ਵੱਖ-ਵੱਖ ਸ਼੍ਰੇਣੀਆਂ ਅਤੇ ਸਮੁਦਾਇਆਂ ਵਿੱਚ ਵੰਡੀਆਂ ਨਾ ਪਾਈਏ। ਇਸ ਤਰ੍ਹਾਂ ਦੀ ਅਪੀਲ ਤਾਂ ਸਰਕਾਰ ਨੂੰ ਸਾਰਿਆਂ ਸਮੁਦਾਇਆਂ ਨੂੰ ਕਰਨੀ ਚਾਹੀਦੀ ਹੈ ਸਾਨੂੰ ਇਕੱਲਿਆਂ ਨੂੰ ਕਿਉਂ। ਇਹ ਅਪੀਲ ਖਾਸ ਤੌਰ ਤੇ ਉਨ੍ਹਾਂ ਸਮੁਦਾਇਆਂ ਨੂੰ ਕਰਨੀ ਚਾਹੀਦੀ ਹੈ ਜੋ ਕਿ ਗ਼ਲਤ ਹਨ ਅਤੇ ਇਸ ਤਰ੍ਹਾਂ ਦਾ ਪਾਪ ਕਰ ਰਹੇ ਹਨ''।

1932 ਵਿੱਚ ਸਰਕਾਰ ਨੇ ਅਛੂਤਾਂ ਉਤੇ ਕਾਲਾ ਰਾਮ ਮੰਦਰ ਦੇ ਪਵਿੱਤਰ ਤਲਾਬ ਵਿੱਚ ਨਹਾਉਣ ਤੇ ਉਸ ਸਮੇਂ ਤਕ ਪਾਬੰਦੀ ਲਗਾ ਦਿੱਤੀ ਜਦ ਤਕ ਉਹ ਅਦਾਲਤ ਤੋਂ ਇਸ਼ਨਾਨ ਕਰਨ ਦੇ ਹੁਕਮ ਨਾ ਪ੍ਰਾਪਤ ਕਰ ਲੈਣ। ਇਸ ਸੱਤਿਆਗ੍ਰਹਿ ਦੀ ਮਹੱਤਤਾ ਉਸ ਵੇਲੇ ਹੋ ਰਹੀਆਂ ਗੋਲਮੇਜ਼ ਕਾਨਫਰੰਸਾਂ ਦੇ ਸੰਦਰਭ ਵਿੱਚ ਹੋਰ ਵੀ ਵਧ ਜਾਂਦੀ ਹੈ ਜਿਸ ਨੇ ਡਾ. ਅੰਬੇਡਕਰ ਨੂੰ ਇਕ ਸੁਨਹਿਰੀ ਅਵਸਰ ਪੇਸ਼ ਕੀਤਾ ਜਿਸ ਤਹਿਤ ਉਹ ਇਹ ਗੱਲ ਜ਼ੋਰ ਦੇ ਕੇ ਕਹਿ ਸਕੇ ਕਿ ਅਛੂਤ ਹਿੰਦੂਆਂ ਤੋਂ ਵੱਖਰੇ ਹਨ ਅਤੇ ਕਾਂਗਰਸ ਉਨ੍ਹਾਂ ਦੀ ਉੱਨਤੀ ਦਾ ਵਿਰੋਧ ਕਰਦੀ ਹੈ। ਬਾਅਦ ਵਿੱਚ ਡਾ. ਅੰਬੇਡਕਰ ਦੀ ਮੰਦਰ ਪ੍ਰਵੇਸ਼ ਸੱਤਿਆਗ੍ਰਹਿ ਵਿੱਚ ਰੁਚੀ ਪੂਰਨ ਤੌਰ ਤੇ ਹਟ ਗਈ ਸੀ। ਜਦੋਂ 1934 ਵਿੱਚ ਗਾਇਕਵਾੜ ਨੇ ਅੰਬੇਡਕਰ ਤੋਂ ਇਸ ਸਤਿਆਗ੍ਰਹਿ ਨੂੰ ਚਾਲੂ ਰੱਖਣ ਵਾਸਤੇ ਸਲਾਹ ਲਈ ਤਾਂ ਉਨ੍ਹਾਂ ਨੇ ਕਿਹਾ ਕਿ "ਮੈਨੂੰ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਹੈ ਕਿ ਹੁਣ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਦੀ ਕੋਈ ਜ਼ਰੂਰਤ ਨਹੀਂ ਹੈ। ਹੁਣ ਸਾਨੂੰ ਇਨ੍ਹਾਂ ਨੂੰ ਮੁਅੱਤਲ ਹੀ ਨਹੀਂ ਬਲਕਿ ਬਿਲਕੁਲ ਹੀ ਬੰਦ ਕਰ ਦੇਣਾ ਚਾਹੀਦਾ ਹੈ। ਜਿਸ ਸ਼ਖ਼ਸ ਨੇ ਇਹ ਸਤਿਆਗ੍ਰਹਿ ਸ਼ੁਰੂ ਕੀਤਾ ਉਸ ਤੋਂ ਅਜਿਹੇ ਸ਼ਬਦ ਸੁਣਨੇ ਅਜੀਬ ਅਤੇ ਹੈਰਾਨੀਜਨਕ ਹੀ ਲੱਗਣਗੇ, ਪਰ ਮੈਨੂੰ ਅਜਿਹਾ ਕਹਿਣ ਤੇ ਕੋਈ ਦਿੱਕਤ ਨਹੀਂ। ਮੈਂ ਮੰਦਰ ਪ੍ਰਵੇਸ਼ ਲਹਿਰ ਇਸ ਕਰਕੇ ਨਹੀਂ ਸ਼ੁਰੂ ਕੀਤੀ ਸੀ ਕਿ ਡਿਪਰੈਸਡ ਕਲਾਸਿਜ਼ ਮੂਰਤੀ ਪੂਜਕ ਬਣ ਜਾਣ, ਜਿਸ ਤੋਂ ਉਨ੍ਹਾਂ ਨੂੰ ਮਨਾ ਕੀਤਾ ਗਿਆ ਸੀ ਜਾਂ ਕਿ ਉਹ ਮੰਦਰ ਪ੍ਰਵੇਸ਼ ਤੋਂ ਬਾਅਦ ਹਿੰਦੂ ਸਮਾਜ ਦੀ ਬਰਾਬਰ ਦੀ ਧਿਰ ਅਤੇ ਅਨਿੱਖੜਵਾਂ ਅੰਗ ਬਣ ਜਾਣ। ਜਿਥੋਂ ਤਕ ਹਿੰਦੂ ਸਮਾਜ ਦੇ ਅਨਿਖੜਵੇਂ ਅੰਗ ਬਣਨ ਦਾ ਸਵਾਲ ਹੈ ਮੇਰੀ ਡਿਪਰੈਸਡ ਕਲਾਸਿਜ਼ ਨੂੰ ਇਹੋ ਸਲਾਹ ਹੋਵੇਗੀ ਕਿ ਉਹ ਹਿੰਦੂ ਸਮਾਜ ਅਤੇ ਹਿੰਦੂ ਧਰਮ ਦੀ ਸੰਪੂਰਨ ਤਬਦੀਲੀ ਦੀ ਗੱਲ ਕਰਨ। ਮੇਰਾ ਮੰਦਰਾਂ ਵਿੱਚ ਪ੍ਰਵੇਸ਼ ਕਰਨ ਲਈ ਸੱਤਿਆਗ੍ਰਹਿ ਦਾ ਮਤਲਬ ਸਿਰਫ਼ ਇੰਨਾ ਹੀ ਸੀ ਕਿ ਇਸ ਦੇ ਰਾਹੀਂ ਪੱਛੜੇ ਵਰਗ ਨੂੰ ਸੰਗਠਤ ਕਰਕੇ ਉਨ੍ਹਾਂ ਵਿੱਚ ਦਲਿਤ ਉਥਾਨ ਲਈ ਚੇਤਨਾ ਜਗਾਈ ਜਾਵੇ। ਜਿਵੇਂ ਕਿ ਮੈਨੂੰ ਲਗਦਾ ਹੈ ਕਿ ਮੈਂ ਇਸ ਵਿੱਚ ਮਿਸ਼ਨ ਵਿੱਚ ਕਾਮਯਾਬ ਹੋ ਚੁੱਕਾ ਹਾਂ, ਹੁਣ ਮੇਰੇ ਲਈ ਮੰਦਰਾਂ ਵਿੱਚ ਪ੍ਰਵੇਸ਼ ਕਰਨਾ ਕੋਈ ਮਹੱਤਤਾ ਨਹੀਂ ਰੱਖਦਾ। ਮੇਰੀ ਜਾਚੇ ਡਿਪਰੈਸਡ ਕਲਾਸਿਜ਼ ਨੂੰ ਆਪਣੀ ਸ਼ਕਤੀ ਅਤੇ ਸਾਧਨ ਰਾਜਨੀਤੀ ਅਤੇ ਵਿਦਿਆ ਤੇ ਲਗਾਉਣੇ ਚਾਹੀਦੇ ਹਨ ਅਤੇ ਮੈਨੂੰ ਉਮੀਦ ਹੈ ਕਿ ਉਹ ਇਨ੍ਹਾਂ ਦੋਨਾਂ ਦੀ ਮਹੱਤਤਾ ਨੂੰ ਸਮਝ ਲੈਣਗੇ''। ਅੰਬੇਡਕਰ ਦੀ ਉਪਰੋਕਤ ਨਸੀਹਤ ਤੋਂ ਬਾਅਦ ਵੀ ਕਾਲਾ ਰਾਮ ਮੰਦਰ ਸੱਤਿਆਗ੍ਰਹਿ 1935 ਤਕ ਜਾਰੀ ਰਿਹਾ। ਭਾਵੇਂ ਇਹ ਸੱਤਿਆਗ੍ਰਹਿ ਮੰਦਰ ਪ੍ਰਵੇਸ਼ ਕਰਨ ਤੋਂ ਅਸਮਰੱਥ ਰਿਹਾ ਪਰੰਤੂ ਇਸ ਨੇ ਮਹਾਰ ਸਮੁਦਾਇ ਵਿੱਚ ਦਲਿਤ ਚੇਤਨਾ ਦਾ ਉਭਾਰ ਲੈ ਆਂਦਾ। ਅਖੀਰ ਵਿੱਚ ਇਹ ਸਤਿਆਗ੍ਰਹਿ 1935 ਵਿੱਚ ਡਾ. ਅੰਬੇਡਕਰ ਦੇ ਇਤਿਹਾਸਕ ਐਲਾਨ ਕਿ "ਮੈਂ ਜੰਮਿਆ ਹਿੰਦੂ ਹਾਂ ਇਹ ਮੇਰੇ ਹੱਥ ਵਿੱਚ ਨਹੀਂ ਸੀ ਪਰ ਮੈਂ ਹਿੰਦੂ ਮਰਾਂਗਾ ਨਹੀਂ, ਇਹ ਮੇਰੇ ਹੱਥ ਵਿੱਚ ਹੈ'' ਨਾਲ ਸਮਾਪਤ ਹੁੰਦਾ ਹੈ।



> ਇਹ ਅੰਦੋਲਨ ਆਪਣੇ ਖਿਲਾਫ਼ ਹੋ ਰਹੇ ਭੇਦ-ਭਾਵ ਨੂੰ ਖਤਮ ਕਰਨ ਦੇ ਲਈ ਹੀ ਨਹੀਂ, ਇਹ ਇਕ ਸਮਾਜਿਕ ਕ੍ਰਾਂਤੀ ਲਿਆਉਣ ਦੇ ਲਈ ਵੀ ਹੈ। ਇਹ ਕ੍ਰਾਂਤੀ ਇਨਸਾਨ ਦੁਆਰਾ ਜਾਤ-ਪਾਤ ਦੇ ਬੰਧਨਾਂ ਨੂੰ ਖਤਮ ਕਰਨ ਦੇ ਲਈ ਵੀ ਹੈ। ਇਹ ਕ੍ਰਾਂਤੀ ਸਭ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਦੇ ਲਈ ਵੀ ਹੈ। ਵਰਤਮਾਨ ਜਾਤ-ਪਾਤ ਵਿਵਸਥਾ ਸਾਡੇ ਰਾਸ਼ਟਰ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਸਾਡਾ ਅੰਦੋਲਨ ਸ਼ਕਤੀ ਅਤੇ ਭਾਈਚਾਰੇ ਦੇ ਲਈ ਹੈ। ਅਸੀਂ ਉਨ੍ਹਾਂ ਸ਼ਾਸਤਰਾਂ ਅਤੇ ਸਿਮਰਤੀਆਂ ਦੁਆਰਾ ਨਿਯੰਤਰਿਤ (ਕੰਟਰੋਲ) ਹੋਣ ਅਤੇ ਬੰਨ੍ਹੇ ਜਾਣ ਤੋਂ ਇਨਕਾਰ ਕਰਦੇ ਹਾਂ ਜੋ ਕਾਲੇ ਕਾਨੂੰਨ ਅੰਧਕਾਰਮਈ ਅਤੇ ਅਗਿਆਨੀ ਯੁੱਗਾਂ ਵਿੱਚ ਤਿਆਰ ਕੀਤੇ ਗਏ ਸਨ। ਸਾਡੀ ਸਫਲਤਾ ਦੇਸ਼ ਦੀ ਮਹਾਨ ਸੇਵਾ ਹੋਵੇਗੀ।
>
> **- ਡਾ. ਅੰਬੇਡਕਰ**

ਡਾ. ਅੰਬੇਡਕਰ ਦੀ 13 ਅਕਤੂਬਰ 1935 ਨੂੰ ਯਿਓਲਾ ਕਾਨਫਰੰਸ ਦੌਰਾਨ ਹਿੰਦੂ ਧਰਮ ਨੂੰ ਤਿਆਗਣ ਦੇ ਐਲਾਨ ਨੇ ਦਲਿਤ ਮੁਕਤੀ ਅੰਦੋਲਨ ਨੂੰ ਇਕ ਨਵਾਂ ਮੋੜ ਦਿੱਤਾ। ਇਹ ਐਲਾਨ ਪੂਰੇ ਭਾਰਤ ਵਿੱਚ ਤੂਫ਼ਾਨ ਦੀ ਤਰ੍ਹਾਂ ਗੂੰਜ ਉਠਿਆ ਜਿਸ ਨੇ ਬਹੁਤ ਸਾਰੇ ਹਿੰਦੂ ਨੇਤਾਵਾਂ ਦੀ ਧੜਕਣ ਨੂੰ ਤੇਜ਼ ਕਰ ਦਿੱਤਾ। ਕਾਨਫਰੰਸ ਦੌਰਾਨ ਆਪਣੀ ਸਪੀਚ ਨੂੰ ਖਤਮ ਕਰਦਿਆਂ ਡਾ. ਅੰਬੇਡਕਰ ਨੇ ਆਪਣੇ ਲੋਕਾਂ ਨੂੰ ਕਾਲਾ ਮੰਦਰ ਸਤਿਆਗ੍ਰਹਿ ਬੰਦ ਕਰਨ ਲਈ ਕਿਹਾ ਜਿਸ ਨਾਲ ਪੰਜਾਂ ਸਾਲਾਂ ਦੇ ਸੰਘਰਸ਼ ਦੌਰਾਨ ਵੀ ਹਿੰਦੂਆਂ ਦੇ ਮਨਾਂ ਤੇ ਕੋਈ ਅਸਰ ਨਹੀਂ ਹੋ ਰਿਹਾ ਸੀ। ਉਸ ਨੇ ਅਛੂਤ ਵਰਗ ਨੂੰ ਹਿੰਦੂਆਂ ਤੋਂ ਬਿਲਕੁਲ ਅਲੱਗ ਅਤੇ ਵੱਖਰੀ ਕਮਿਊਨਿਟੀ ਦੇ ਤੌਰ ਤੇ ਜੀਵਨ ਬਤੀਤ ਕਰਨ ਲਈ ਕਿਹਾ। ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਵਿੱਚ ਉਨ੍ਹਾਂ ਵੱਲੋਂ ਇਸ ਤਰ੍ਹਾਂ ਦੀ ਨਵੀਂ ਵਿਚਾਰਧਾਰਾ ਪੇਸ਼ ਕਰਨਾ ਦਲਿਤ ਮੁਕਤੀ ਅੰਦੋਲਨ ਦੇ ਪਹਿਲਾਂ ਵਾਲੇ ਰਾਹਾਂ ਤੋਂ ਬਿਲਕੁਲ ਇਕ ਨਵੀਂ ਪੈਂਤੜੇਬਾਜੀ ਨੂੰ ਅਪਣਾਉਣਾ ਸੀ।

ਡਾ. ਅੰਬੇਡਕਰ ਦੇ ਇਸ ਫੈਸਲੇ ਪਿਛੇ ਬਹੁਤ ਸਾਰੇ ਕਾਰਨ ਸਨ ਜਿਨ੍ਹਾਂ ਵਿੱਚ ਉਨ੍ਹਾਂ ਨਾਲ ਬਚਪਨ ਤੋਂ ਲੈ ਕੇ ਉਸ ਵੇਲੇ ਤਕ ਜਾਤ ਦੇ ਨਾਂ ਤੇ ਕੀਤੇ ਘਿਨਾਉਣੇ ਵਿਤਕਰੇ, ਮਹਾੜ ਅੰਦੋਲਨ ਦੌਰਾਨ ਕੱਟੜ ਹਿੰਦੂਆਂ ਵਲੋਂ ਢਾਹਿਆਂ ਤਸ਼ੱਦਦ, ਮੰਦਰ ਪ੍ਰਵੇਸ਼ ਸਤਿਆਗ੍ਰਹਿ ਦੌਰਾਨ ਬ੍ਰਾਹਮਣਵਾਦੀ ਕਰੂਰਤਾ ਅਤੇ ਕਮਿਊਨਲ ਅਵਾਰਡ ਨੂੰ ਲੈ ਕੇ ਗਾਂਧੀ ਜੀ ਨਾਲ ਛਿੜਿਆ ਵਿਵਾਦ ਆਦਿ। 1935 ਤਕ ਡਾ. ਅੰਬੇਡਕਰ ਨੇ ਜੋ ਦਲਿਤ ਮੁਕਤੀ ਅੰਦੋਲਨ ਦਾ ਬੀੜਾ ਚੁਕਿਆ ਸੀ ਉਹ ਉਸ ਨੂੰ ਹਿੰਦੂ ਸਮਾਜ ਦੇ ਅੰਦਰ ਸਮਾਜਿਕ ਤਬਦੀਲੀ ਦੇ ਜ਼ਰੀਏ ਸਮਾਨਤਾ ਅਤੇ ਭਰਾਤਰੀ ਭਾਵਨਾ ਨੂੰ ਬਹਾਲ ਕਰਕੇ ਪੂਰਾ ਕਰਨਾ ਚਾਹੁੰਦੇ ਸਨ। ਪਰ ਜਿਵੇਂ ਕਿ ਅਸੀਂ ਉਪਰ ਚਰਚਾ ਕਰ ਆਏ ਹਾਂ ਉਨ੍ਹਾਂ ਦੇ ਸਿਰਤੋੜ ਯਤਨਾਂ ਦੇ ਬਾਵਜੂਦ ਵੀ ਹਿੰਦੂ ਸਮਾਜ 'ਚ ਕੋਈ ਤਬਦੀਲੀ ਆਉਂਦੀ ਨਹੀਂ ਦਿਖਾਈ ਦਿਤੀ। ਕੱਟੜ ਹਿੰਦੂਵਾਦੀ, ਅਛੂਤਾਂ ਨੂੰ ਸਮਾਜਿਕ ਬਰਾਬਰਤਾ ਦਾ ਅਧਿਕਾਰ ਦੇਣ ਤੋਂ ਬਿਲਕੁਲ ਆਕੀ ਸਨ। ਡਾ. ਅੰਬੇਡਕਰ ਨੇ ਛੂਤਛਾਤ ਦੇ ਪਤਨ, ਸਮਾਜਿਕ ਬਰਾਬਰਤਾ ਦੇ ਸਮਾਜ ਦੀ ਸਿਰਜਣਾ ਅਤੇ ਪੱਛੜੇ ਵਰਗ ਦੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਬਹਾਲੀ ਵਾਸਤੇ ਜਿਹੜਾ ਲੋਕਤੰਤਰੀ ਅਤੇ ਸੰਵਿਧਾਨਕ ਤੌਰ ਤਰੀਕਿਆਂ ਵਾਲ ਰਸਤਾ ਚੁਣਿਆ ਸੀ ਉਸ ਦੇ ਬਾਵਜੂਦ ਵੀ ਉਨ੍ਹਾਂ ਨੂੰ ਆਪਣੇ ਇਸ ਵਿਸ਼ਾਲ ਅੰਦੋਲਨ ਵਿੱਚ ਕੋਈ ਸਫਲਤਾ ਪ੍ਰਾਪਤ ਹੁੰਦੀ ਨਜ਼ਰ ਨਹੀਂ ਆਈ। ਪਰ ਇਸ ਸਭ ਕੁਝ ਦੇ ਬਾਵਜੂਦ ਵੀ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ। ਨਾ ਹੀ ਉਨ੍ਹਾਂ ਦਾ ਲੋਕਤੰਤਰਿਕ ਸਾਧਨਾਂ ਵਿੱਚ ਵਿਸ਼ਵਾਸ ਘਟਿਆ। 1935 ਤੋਂ ਬਾਅਦ ਉਨ੍ਹਾਂ ਨੇ ਦਲਿਤ ਮੁਕਤੀ ਅੰਦੋਲਨ ਵਿੱਚ ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ ਜੋ ਮੁੱਖ ਤਬਦੀਲੀ ਲਿਆਂਦੀ ਉਹ ਸੀ ਹਿੰਦੂ ਸਮਾਜ ਵਿੱਚ ਸਮਾਜ ਸੁਧਾਰਾਂ ਵਾਲਾ ਰਸਤਾ ਛੱਡ ਕੇ ਪੂਰਨ ਹਿੰਦੂ ਸਮਾਜ ਤੋਂ ਮੂੰਹ ਮੋੜ ਕੇ ਦਲਿਤ ਮੁਕਤੀ ਨੂੰ ਧਰਮ ਪਰਿਵਰਤਨ ਦੇ ਮਾਧਿਅਮ ਰਾਹੀਂ ਹਾਸਲ ਕਰਨਾ। *(ਚਲਦਾ)*

# ਬਾਬਾ ਸੋਹਣ ਸਿੰਘ ਭਕਨਾ

## (4 ਜਨਵਰੀ 1870 ਤੋਂ 20 ਦਸੰਬਰ 1968)



ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!



**– ਪਸ਼ੌਰਾ ਸਿੰਘ ਢਿੱਲੋਂ** (1-559-708-4399)

### ਜੀਵਨ ਸੰਗਰਾਮ
### (ਭਾਗ ਦੂਜਾ)
### (12) ਮੁਕੱਦਮਾ ਲਾਹੌਰ ਸਾਜਿਸ਼ ਕੇਸ (ਪਹਿਲਾ)

ਪਹਿਲਾ ਲਾਹੌਰ ਸਾਜਿਸ਼ ਕੇਸ ਅਪ੍ਰੈਲ 1915 ਨੂੰ ਸੈਂਟਰਲ ਜੇਲ੍ਹ ਲਾਹੌਰ ਅੰਦਰ ਤਿੰਨਾਂ ਜੱਜਾਂ ਦੀ ਸਪੈਸ਼ਲ ਅਦਾਲਤ ਸਾਹਮਣੇ ਪੇਸ਼ ਹੋਇਆ। ਅਸੀਂ ਆਪਣੇ ਕੇਸ ਦੀ ਡੀਫੈਂਸ ਨਹੀਂ ਸਾਂ ਕਰਦੇ ਪਰ ਸਰਕਾਰ ਆਪਣੀ ਸਹੂਲਤ ਵਾਸਤੇ ਤੇ ਇਹ ਦਿਖਾਉਣ ਲਈ ਕਿ ਉਹ ਬੜੀ ਉਦਾਹਰਨ ਤੇ ਇਨਸਾਫ-ਪਸੰਦ ਹੈ, ਸਰਕਾਰੀ ਖਰਚ ਤੇ ਵਕੀਲ ਖੜ੍ਹੇ ਕਰ ਦਿੰਦੀ ਸੀ। ਸਾਨੂੰ ਫਸਾਉਣ ਲਈ ਝੂਠੀਆਂ ਗਵਾਹੀਆਂ ਭੁਗਤਾਈਆਂ ਜਾਂਦੀਆਂ ਸਨ। ਇਕ ਅਜਿਹੇ ਗਵਾਹ ਦਾ ਕਿੱਸਾ ਚੇਤਾ ਆਇਆ ਹੈ- ਉਹ ਸ਼ਨਾਖਤ ਕਰਨ ਆਇਆ ਤੇ ਲੱਗਾ ਹਰ ਇਕ ਦੇ ਮੱਥੇ ਵੱਲ ਵੇਖਣ, ਪਰ ਮੁਲਜ਼ਮ ਨੇ ਮੱਥੇ ਦਾ ਦਾਗ ਲੁਕਾਇਆ ਹੋਇਆ ਸੀ। ਜੱਜ ਦੇ ਪੁੱਛਣ ਤੇ ਗਵਾਹ ਨੇ ਆਖਿਆ, "ਜੀ ਮੈਨੂੰ ਦੱਸਿਆ ਸੀ ਕਿ ਮੁਲਜ਼ਮ ਦੇ ਮੱਥੇ ਉਤੇ ਦਾਗ ਏ।"

ਬੜਾ ਹਾਸਾ ਪਿਆ।

ਅਦਾਲਤ ਦੇ ਖਿਲਾਫ ਨਾ ਕੋਈ ਅਪੀਲ ਤੇ ਨਾ ਹੀ ਕੋਈ ਦਲੀਲ ਸੀ। 1915 ਵਿਚ ਸਾਨੂੰ 24 ਦੇਸ਼ ਭਗਤਾਂ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ। ਇਸ ਹੁਕਮ ਨੂੰ ਅਸਾਂ ਖਿੜੇ ਮੱਥੇ ਸੁਣਿਆ। ਕਰਤਾਰ ਸਿੰਘ ਅਤੇ ਦੂਜੇ ਸਾਥੀਆਂ ਨੇ ਉੱਚੀ ਆਵਾਜ਼ ਵਿਚ 'ਥੈਂਕ ਯੂ' (ਧੰਨਵਾਦ) ਕਿਹਾ। ਜਦ ਕੈਦੀਆਂ ਵਾਲੇ ਕੱਪੜੇ ਪਹਿਨਾ ਕੇ ਫਾਂਸੀ ਦੀਆਂ ਕੋਠੜੀਆਂ ਵਿਚ ਸਾਰਿਆਂ ਨੂੰ ਬੰਦ ਕਰ ਦਿੱਤਾ ਗਿਆ ਤਾਂ ਜੇਲ੍ਹ ਨਿਯਮਾਂ ਅਨੁਸਾਰ, ਜੇਲ੍ਹ ਸੁਪਰਡੈਂਟ ਹਰ ਇਕ ਕੋਲ ਆਇਆ ਤੇ ਕਿਹਾ, "ਤੁਸੀਂ ਜਾਣਦੇ ਹੋ ਕਿ ਸਪੈਸ਼ਲ ਕੋਰਟ ਦਾ ਫੈਸਲਾ ਆਖਰੀ ਹੁੰਦਾ ਹੈ, ਹਾਂ ਤੁਸੀਂ ਬਾਦਸ਼ਾਹ ਅੱਗੇ ਰਹਿਮ ਦੀ ਦਰਖਾਸਤ ਕਰ ਸਕਦੇ ਹੋ।" ਸਿਵਾਏ ਭਾਈ ਪਰਮਾਨੰਦ ਲਾਹੌਰ ਅਤੇ ਇਕ ਹੋਰ ਆਦਮੀ ਦੇ, ਜਿਸ ਨੇ ਪਿੰਡ ਚੱਬਾ ਜ਼ਿਲ੍ਹਾ ਅੰਮ੍ਰਿਤਸਰ ਵਿਚ, ਦੇਸ਼-ਭਗਤਾਂ ਨੂੰ ਪ੍ਰੇਰ ਕੇ ਇਕ ਅਜਿਹੇ ਸ਼ਾਹੂਕਾਰ ਦੇ ਘਰੇ ਡਾਕਾ ਮਰਵਾਇਆ ਸੀ, ਜਿਸ ਦਾ ਉਸ ਨੇ ਕਬਜ਼ਾ ਦੇਣਾ ਸੀ, ਹੋਰ ਕਿਸੇ ਨੇ ਰਹਿਮ ਦੀ ਅਪੀਲ ਨਾ ਕੀਤੀ। ਸਗੋਂ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਕਰਤਾਰ ਸਿੰਘ ਨੇ ਇਸ ਪੇਸ਼ਕਸ਼ ਦਾ ਮਜ਼ਾਕ ਉਡਾਇਆ ਤੇ ਕਿਹਾ, "ਮੈਂ ਅਪੀਲ ਕਰਦਾ ਹਾਂ ਕਿ ਸਾਨੂੰ ਜਲਦੀ ਤੋਂ ਜਲਦੀ ਫਾਂਸੀ ਦਿੱਤੀ ਜਾਵੇ।"

ਅਸੀਂ 24 ਫਾਂਸੀ ਲੱਗਣ ਵਾਲੇ ਹਾਤਾ ਨੰਬਰ 121 ਵਿਚ 24 ਕੋਠੀਆਂ ਦੀ ਕਤਾਰ ਵਿਚ ਨਾਲ ਨਾਲ ਬੰਦ ਕੀਤੇ ਹੋਏ ਸਾਂ। ਸਾਨੂੰ ਸ਼ਾਮ ਨੂੰ ਅੱਧਾ ਘੰਟਾ ਟਹਿਲਣ ਲਈ ਵਿਹੜੇ ਵਿਚ ਕੱਢਿਆ ਜਾਂਦਾ ਸੀ। ਇਕ ਦਿਨ ਮੈਂ ਟਹਿਲਦਿਆਂ ਟਹਿਲਦਿਆਂ ਕਰਤਾਰ ਸਿੰਘ ਦੀ ਕੋਠੀ ਵਿਚ ਝਾਤੀ ਮਾਰੀ। ਅੰਦਰ, ਸਾਹਮਣੇ ਕੰਧ ਉਤੇ ਕੋਲੇ ਨਾਲ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ, "ਸ਼ਹੀਦੋਂ ਕਾ ਖੂਨ ਕਭੀ ਖਾਲੀ ਨਹੀਂ ਜਾਤਾ।" ਪੜ੍ਹ ਕੇ ਮੈਂ ਆਖਿਆ, "ਕਰਤਾਰ ਏਥੇ ਤਾਂ ਹੱਡੀਆਂ ਵੀ ਜੇਲ੍ਹ ਦੇ ਅੰਦਰ ਹੀ ਸਾੜ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਕਿਸੇ ਨੂੰ ਬਾਹਰ ਪਤਾ ਨਾ ਲੱਗੇ। ਤੇ ਤੂੰ ਲਿਖਿਆ ਹੈ ਕਿ ਸ਼ਹੀਦੋਂ ਕਾ ਖੂਨ ਕਭੀ ਖਾਲੀ ਨਹੀਂ ਜਾਤਾ।" ਕਰਤਾਰ ਨੇ ਹੱਸ ਕੇ ਕਿਹਾ, "ਹਾਂ ਜੀ, ਠੀਕ ਹੀ ਲਿਖਿਆ ਹੈ।" ਅੱਜ ਕਰਤਾਰ ਦੀ ਭਵਿੱਖਬਾਣੀ ਮੈਨੂੰ ਯਾਦ ਆਉਂਦੀ ਹੈ- ਉਹ ਕਿੰਨਾ ਸੂਝਵਾਨ ਨਿਡਰ ਤੇ ਬਹਾਦਰ ਸੀ।

ਆਖਿਰ ਉਹ ਦਿਨ ਆ ਗਿਆ। ਸਵੇਰੇ ਫਾਂਸੀ ਲਟਕਣਾ ਸੀ। ਉਸ ਤੋਂ ਪਹਿਲਾਂ ਦੀ ਰਾਤ ਮੈਨੂੰ ਅੱਜ ਤੱਕ ਨਹੀਂ ਭੁੱਲੀ। ਸਾਡੀ ਬੈਰਕ ਵਿਚ 24 ਕੋਠੜੀਆਂ ਦੀ ਲੰਮੀ ਕਤਾਰ ਵਿਚ ਮੇਰੇ ਵਰਗਾ ਇਕ ਇਕ ਕੈਦੀ ਸੀ। ਜਿਵੇਂ ਰਿਵਾਜ ਸੀ ਸਾਡਾ ਵਜ਼ਨ ਕਰ ਲਿਆ ਗਿਆ। ਫਿਰ ਸਾਰੀ ਰਾਤ ਅਸੀਂ ਉੱਚੀ ਉੱਚੀ ਹੱਸਦੇ, ਕੂਕਦੇ ਤੇ ਗਾਉਂਦੇ ਰਹੇ। ਉਹਨਾਂ ਗੀਤਾਂ ਦਾ ਆਸ਼ਾ ਇਹ ਸੀ ਕਿ ਅਸੀਂ ਆਪਣਾ ਫਰਜ਼ ਨਿਭਾਅ ਚੱਲੇ ਹਾਂ।

ਫਾਂਸੀ ਵਾਲੇ ਦਿਨ ਡਿਪਟੀ ਜੇਲ੍ਹਰ ਨੇ ਸਵੇਰੇ ਦਰਵਾਜ਼ੇ ਖੁਲ੍ਹਵਾਏ ਪਰ ਰਿਵਾਜ ਮੁਤਾਬਕ ਸਾਡੇ ਆਖਰੀ ਇਸ਼ਨਾਨ ਲਈ ਪਾਣੀ ਕੋਈ ਨਾ ਆਇਆ। ਪੁੱਛਣ ਤੇ ਪਤਾ ਲੱਗਾ ਕਿ ਰਾਤ ਦੇ ਦਸ ਵਜੇ ਉਪਰੋਂ ਹੁਕਮ ਆਇਆ ਕਿ ਫਾਂਸੀ ਅਜੇ ਰੋਕ ਦਿੱਤੀ ਜਾਵੇ। ਫਿਰ ਪਤਾ ਲੱਗਾ ਕਿ ਰਘੁਨਾਥ ਸਹਾਇ ਤੇ ਕੁਝ ਹੋਰ ਦੇਸ਼ ਭਗਤ ਵਕੀਲਾਂ ਨੇ ਇਸ ਮੁਕੱਦਮੇ ਦਾ ਡਰਾਮਾ ਅੱਖੀਂ ਵੇਖਿਆ ਸੀ।

ਉਹਨਾਂ ਨੇ ਇਕ ਕਮੇਟੀ ਬਣਾਈ, ਜਿਸ ਨੇ ਇਸ ਮੁਕੱਦਮੇ ਦੇ ਕਾਗਜ਼ ਅਲਾਹਾਬਾਦ ਪੰਡਿਤ ਮੋਤੀ ਲਾਲ ਨਹਿਰੂ ਅੱਗੇ ਪੇਸ਼ ਕੀਤੇ। ਕਾਗਜ਼ਾਂ ਦੀ ਪੜਤਾਲ ਕਰਕੇ ਉਹ ਕਹਿਣ ਲੱਗੇ ਕਿ 24 ਆਦਮੀਆਂ ਵਿਚੋਂ 17 ਅਜਿਹਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ, ਜਿਹੜੇ ਹਿੰਦੁਸਤਾਨ ਦੀ ਜ਼ਮੀਨ ਉਤੇ ਉਤਰੇ ਹੀ ਨਹੀਂ ਤੇ ਜਹਾਜ਼ਾਂ ਤੋਂ ਹੀ ਫੜੇ ਗਏ ਹਨ। ਇਹ ਕਾਨੂੰਨੀ ਕਮਜ਼ੋਰੀ ਸੀ।

ਵਕੀਲਾਂ ਦਾ ਡੈਪੂਟੇਸ਼ਨ ਵਾਇਸਰਾਏ ਦੀ ਕੌਂਸਲ ਦੇ ਨਾਮਜ਼ਦ ਭਾਰਤੀ ਮੈਂਬਰਾਂ – ਸਰ ਹਰਨਾਮ ਸਿੰਘ ਕਪੂਰਥਲਾ, ਸ੍ਰੀ ਮਦਨ ਮੋਹਨ ਮੋਲਵੀਆ ਤੇ ਸਰ ਅਲੀ ਇਮਾਮ ਮਦਰਾਸ ਨੂੰ ਮਿਲਿਆ। ਕੇਸ ਸਮਝਾਇਆ ਅਤੇ ਕਾਨੂੰਨੀ ਨੁਕਤੇ ਨਾਲ ਉਹਨਾਂ ਨੂੰ ਸਹਿਮਤ ਕਰ ਲਿਆ। ਫਿਰ ਇਹ ਡੈਪੂਟੇਸ਼ਨ ਲਾਰਡ ਹਾਰਡਿੰਗ ਨੂੰ ਮਿਲਿਆ ਤੇ ਉਸ ਨੇ ਉਸ ਕਾਨੂੰਨੀ ਕਮਜ਼ੋਰੀ ਦੀ ਬਿਨਾ ਤੇ ਉਹਨਾਂ 17 ਆਦਮੀਆਂ ਦੀ ਮੌਤ ਦੀ ਸਜ਼ਾ ਤੋੜ ਦਿੱਤੀ, ਪਰ ਉਮਰ ਕੈਦ, ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਕਾਇਮ ਰੱਖੀ। ਮੈਂ ਉਹਨਾਂ ਸਤਾਰਾਂ ਵਿਚੋਂ ਇਕ ਸਾਂ। ਅੱਜ ਵੀ ਮੇਰੀਆਂ ਅੱਖਾਂ ਸਾਹਮਣੇ 16 ਨਵੰਬਰ 1915 ਦਾ ਉਹ ਦਿਨ ਆਉਂਦਾ ਹੈ, ਜਿਸ ਦਿਨ ਮੇਰੇ ਸੱਤ ਸਾਥੀਆਂ (ਸਰਦਾਰ ਕਰਤਾਰ ਸਿੰਘ ਸਰਾਭਾ, ਭਾਈ ਬਖਸ਼ੀਸ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਬੂੜ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਭਾਈ ਹਰਨਾਮ ਸਿੰਘ, ਸ੍ਰੀ ਵਿਸ਼ਣੂ ਗਣੇਸ਼ ਪਿੰਗਲੇ ਅਤੇ ਭਾਈ ਜਗਤ ਸਿੰਘ) ਨੇ ਹੱਸਦਿਆਂ ਹੱਸਦਿਆਂ ਫਾਂਸੀ ਦੇ ਰੱਸੇ ਗਲ਼ ਵਿਚ ਪਾਏ ਤੇ ਆਖਰੀ ਸਮੇਂ ਫਾਂਸੀ ਦੇ ਤਖਤੇ ਉਤੇ ਖਲੋ ਕੇ ਆਪਣੀ ਮਾਤਭੂਮੀ ਨੂੰ ਸੁਨੇਹਾ ਦਿੱਤਾ: **"ਐ ਭਾਰਤ ਮਾਤਾ! ਅਸੀਂ ਤੇਰੀਆਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਨਹੀਂ ਤੋੜ ਸਕੇ। ਜੇ ਸਾਡੇ ਵਿਚੋਂ ਇਕ ਵੀ ਸਾਥੀ ਜਿਊਂਦਾ ਰਿਹਾ ਤਾਂ ਆਖਰੀ ਦਮ ਤੱਕ ਮਾਤ-ਭੂਮੀ ਅਤੇ ਜਨਤਾ ਦੀ ਆਜ਼ਾਦੀ ਤੇ ਬਰਾਬਰੀ ਲਈ ਲੜਦਾ ਰਹੇਗਾ, ਅਤੇ ਹਰ ਤਰ੍ਹਾਂ ਦੀ ਗੁਲਾਮੀ ਕੀ ਆਰਥਿਕ, ਕੀ ਰਾਜਨੀਤਿਕ ਤੇ ਕੀ ਸਮਾਜਿਕ, ਨੂੰ ਦੇਸ਼ ਅਤੇ ਮਨੁੱਖੀ ਸਮਾਜ ਤੋਂ ਮਿਟਾਉਣ ਦੀ ਕੋਸ਼ਿਸ਼ ਕਰੇਗਾ।"**

# ਗਿਆਨ - ਵਿਗਿਆਨ



**ਮੇਘ ਰਾਜ ਮਿੱਤਰ**
**+91-98887-87440**

### ਅਸਮਾਨ ਨੀਲਾ ਕਿਉਂ ਹੈ?

ਅਸੀਂ ਜਾਣਦੇ ਹਾਂ ਕਿ ਸੂਰਜ ਦੇ ਪ੍ਰਕਾਸ਼ ਨੂੰ ਜੇ ਪ੍ਰਿਜਮ ਵਿੱਚੋਂ ਦੀ ਲੰਘਾਇਆ ਜਾਵੇ ਤਾਂ ਇਹ ਸੱਤ ਰੰਗਾਂ ਵਿੱਚ ਟੁੱਟ ਜਾਂਦਾ ਹੈ। ਇਹ ਸੱਤ ਰੰਗ ਹਨ- ਵੈਂਗਣੀ, ਜਾਮਨੀ, ਨੀਲਾ, ਹਰਾ, ਪੀਲਾ, ਸੰਤਰੀ ਤੇ ਲਾਲ। ਜਦੋਂ ਸੂਰਜ ਦੀਆਂ ਕਿਰਨਾਂ ਸਾਡੇ ਵਾਯੂਮੰਡਲ ਵਿੱਚ ਦਾਖਲ ਹੁੰਦੀਆਂ ਹਨ ਤਾਂ ਇਹ ਵਾਯੂਮੰਡਲ ਵਿੱਚ ਮੌਜੂਦ ਆਕਸੀਜਨ, ਨਾਈਟ੍ਰੋਜਨ, ਕਾਰਬਨ ਡਾਈਅਕਸ-ਾਈਡ, ਜਲ ਵਾਸ਼ਪ ਤੇ ਧੂੜ ਦੇ ਕਣਾਂ ਤੇ ਪੈ ਕੇ ਖਿੰਡ ਜਾਂਦੀਆਂ ਹਨ। ਇਸ ਲਈ ਸਾਡੀ ਧਰਤੀ ਦੇ ਚਾਰੇ ਪਾਸੇ ਪ੍ਰਕਾਸ਼ ਹੋ ਜਾਂਦਾ ਹੈ। ਸੂਰਜ ਦੀ ਰੌਸ਼ਨੀ ਦੇ ਪਹਿਲੇ ਤਿੰਨੇ ਰੰਗਾਂ ਵੈਂਗਣੀ, ਜਾਮਨੀ ਤੇ ਨੀਲੇ ਦੀ ਸਮਰੱਥਾ ਦੂਜੇ ਰੰਗਾਂ ਨਾਲੋਂ ਵੱਧ ਹੁੰਦੀ ਹੈ ਇਹ ਕਾਰਨ ਹੀ ਸਾਡੀਆਂ ਅੱਖਾਂ ਤੱਕ ਇਹ ਰੰਗ ਹੀ ਵੱਧ ਪਹੁੰਚਦੇ ਹਨ। ਇਸ ਲਈ ਹੀ ਸਾਨੂੰ ਅਸਮਾਨ ਨੀਲਾ ਦਿਖਾਈ ਦਿੰਦਾ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਧਰਤੀ ਦੇ ਚਾਰੇ ਪਾਸੇ ਸਮੁੰਦਰ ਹੈ ਅਤੇ ਪਾਣੀ ਦਾ ਰੰਗ ਨੀਲਾ ਹੁੰਦਾ ਹੈ। ਇਸ ਕਰਕੇ ਹੀ ਅਸਮਾਨ ਦਾ ਰੰਗ ਨੀਲਾ ਵਿਖਾਈ ਦਿੰਦਾ ਹੈ ਪਰ ਇਹ ਅਸਲੀਅਤ ਨਹੀਂ ਹੈ।

### ਪ੍ਰੈਸ਼ਰ ਕੁੱਕਰ ਵਿੱਚ ਖਾਣਾ ਜਲਦੀ ਕਿਉਂ ਬਣ ਜਾਂਦਾ ਹੈ?

ਅਸੀਂ ਜਾਣੇ ਹਾਂ ਕਿ ਆਮ ਸਥਾਨ ਤੇ ਪਾਣੀ ਦਾ ਉਬਾਲ ਦਰਜਾ ਇੱਕ ਸੌ ਦਰਜੇ ਸੈਲਸੀਅਸ ਹੁੰਦਾ ਹੈ। ਪਰ ਜਿਉਂ ਅਸੀਂ ਧਰਤੀ ਦੀ ਸਤ੍ਹਾ ਤੋਂ ਉਪਰ ਵੱਲ ਜਾਈਏ ਤਾਂ ਹਵਾ ਦਾ ਦਬਾਉ ਘਟਦਾ ਜਾਂਦਾ ਹੈ ਜਿਸ ਕਾਰਨ ਪਾਣੀ ਦਾ ਉਬਾਲ ਦਰਜਾ ਘਟਦਾ ਜਾਂਦਾ ਹੈ। ਇਸੇ ਕਾਰਨ ਪਹਾੜਾਂ ਤੇ ਦਾਲ ਸਬਜ਼ੀਆਂ ਬਣਾਉਣ ਨੂੰ ਵੱਧ ਸਮਾਂ ਲੱਗਦਾ ਹੈ ਕਿਉਂਕਿ ਉਥੇ ਪਾਣੀ 95 ਡਿਗਰੀ ਸੈਲਸੀਅਸ ਦੇ ਲਗਭਗ ਹੀ ਉੱਬਲ ਜਾਂਦਾ ਹੈ। ਵਿਗਿਆਨੀਆਂ ਨੇ ਵਿਗਿਆਨ ਦੇ ਇਸ ਸਿਧਾਂਤ ਦੀ ਜਾਣਕਾਰੀ ਕਰਕੇ ਇਸਦੀ ਵਰਤੋਂ ਨੂੰ ਮਨੁੱਖ ਜਾਤੀ ਦੇ ਲਾਭ ਲਈ ਵਰਤਣ ਵਾਸਤੇ ਇੱਕ ਯੰਤਰ ਤਿਆਰ ਕੀਤਾ ਹੈ ਜਿਸਨੂੰ ਪ੍ਰੈਸ਼ਰ ਕੁੱਕਰ ਕਿਹਾ ਜਾਂਦਾ ਹੈ। ਇਹ ਯੰਤਰ ਸਟੇਨਲੈਸ ਸਟੀਲ ਦਾ ਇੱਕ ਬਰਤਨ ਹੁੰਦਾ ਹੈ। ਜਿਸ ਵਿੱਚੋਂ ਭਾਫ਼ ਦੀ ਮੌਜੂਦਗੀ ਨਾਲ ਬਰਤਨ ਦੇ ਅੰਦਰਲੇ ਪਾਣੀ ਦਾ ਉਬਾਲ ਦਰਜਾ ਵੱਧ ਜਾਂਦਾ ਹੈ ਤੇ ਇਹ ਪਾਣੀ ਦੇ ਉਬਾਲ ਦਰਜੇ ਵੱਧ ਜਾਂਦਾ ਹੈ ਤੇ ਇਹ ਪਾਣੀ ਦੇ ਉਬਾਲ ਦਰਜੇ ਨੂੰ 130 ਡਿਗਰੀ ਸੈਲਸੀਅਸ ਤੱਕ ਲੈ ਜਾਂਦਾ ਹੈ। ਇਸ ਲਈ ਇਸ ਵਿੱਚ ਰੱਖੀਆਂ ਦਾਲ ਸਬਜ਼ੀਆਂ ਛੇਤੀ ਤਿਆਰ ਹੋ ਜਾਂਦੀਆਂ ਹਨ। ਇਸ ਤਰ੍ਹਾਂ ਇਹ ਘਰਾਂ ਵਿੱਚ ਬਾਲਣ ਦੀ ਬੱਚਤ ਲਈ ਕਾਫ਼ੀ ਸਹਾਇਕ ਹੈ।

### ਕੱਚ ਕਿਵੇਂ ਬਣਾਇਆ ਜਾਂਦਾ ਹੈ?

ਬਚਪਨ ਵਿੱਚ ਹੀ ਬੱਚੇ ਕੱਚ ਦੇ ਬੰਟਿਆਂ ਨਾਲ ਖੇਡਣ ਲੱਗ ਜਾਂਦੇ ਹਨ। ਘਰਾਂ ਵਿੱਚ ਬੱਲਬ, ਟਿਊਬਾਂ ਅਤੇ ਬਰਤਨ ਆਮ ਤੌਰ ਤੇ ਕੱਚ ਦੇ ਹੀ ਬਣੇ ਹੁੰਦੇ ਹਨ। ਬੱਚਿਆਂ ਦੇ ਮਨ ਵਿੱਚ ਇਹ ਸਵਾਲ ਜ਼ਰੂਰ ਪੈਦਾ ਹੁੰਦਾ ਹੈ ਕਿ ਕੱਚ ਕਿਵੇਂ ਬਣਾਇਆ ਜਾਂਦਾ ਹੈ। ਬੱਚਿਆਂ ਨੂੰ ਇੱਕ ਗੱਲ ਜ਼ਰੂਰ ਧਿਆਨ ਰੱਖਣੀ ਚਾਹੀਦੀ ਹੈ ਕਿ ਸੰਸਾਰ ਵਿੱਚ ਹਰੇਕ ਵਸਤੂ ਦਾ ਨਿ-ਰਮਾਣ ਕਿਸੇ ਦੂਸਰੀ ਵਸਤੂ ਤੋਂ ਹੁੰਦਾ ਹੈ। ਕਿਸੇ ਵੀ ਵਸਤੂ ਦਾ ਨਸ਼ਟ ਹੋਣ ਦਾ ਮਤਲਬ ਕਿਸੇ ਹੋਰ ਪਦਾਰਥ ਦਾ ਪੈਦਾ ਹੋਣਾ ਹੁੰਦਾ ਹੈ। ਸਮੁੱਚੇ ਬ੍ਰਹਿਮੰਡ ਵਿੱਚ ਅਜਿਹੀ ਇੱਕ ਵੀ ਵਸਤੂ ਨਹੀਂ ਹੈ ਜਿਹੜੀ ਕਿਸੇ ਹੋਰ ਵਸਤੂ ਤੋਂ ਨਾ ਬਣੀ ਹੋਵੇ। ਇਸੇ ਤਰ੍ਹਾਂਕੱਚ ਵੀ ਰੇਤ, ਕੱਪੜੇ ਧੋਣ ਵਾਲੇ ਸੋਡੇ ਅਤੇ ਚੂਨੇ ਦੇ ਪੱਥਰ ਨੂੰ ਪੀਸ ਕੇ 15:3:2 ਦੇ ਅਨੁਪਾਤ ਵਿੱਚ ਮਿਲਾ ਕੇ ਗਰਮ ਕਰਨ ਤੇ ਬਣਦਾ ਹੈ। ਇਸਤੋਂ ਵੱਖ ਵੱਖ ਚੀਜ਼ਾਂ ਬਣਾਉਣ ਲਈ ਪਿਘਲੇ ਹੋਏ ਕੱਚ ਨੂੰ ਵੱਖ ਵੱਖ ਸਾਂਚਿਆਂ ਵਿੱਚ ਭਰ ਲਿਆ ਜਾਂਦਾ ਹੈ। ਇਸਨੂੰ ਰੰਗ ਬਰੰਗੇ ਬਣਾਉਣ ਲਈ ਇਸ ਵਿੱਚ ਲੋਹੇ,ਤਾਂਬੇ ਅਤੇ ਕੋਬਾਲਟ ਆਦਿ ਦੇ ਆਕਸਾਈਡ ਪਾ ਦਿੱਤੇ ਜਾਂਦੇ ਹਨ।

### ਉਜ਼ੋਨ ਦੀ ਪਰਤ ਕੀ ਹੈ?

ਧਰਤੀ ਦੀ ਸਤ੍ਹਾ ਤੋਂ 16 ਕਿਲੋਮੀਟਰ ਦੀ ਉਚਾਈ ਤੇ ਸੂਰਜ ਦੀਆਂ ਕਿਰਨਾਂ ਰਾਹੀਂ ਆਕਸੀਜਨ ਗੈਸ ਉਜ਼ੋਨ ਗੈਸ ਵਿੱਚ ਬਦਲ ਦਿੱਤੀ ਜਾਂਦੀ ਹੈ। ਉਜ਼ੋਨ ਆਕਸੀਜਨ ਦਾ ਹੀ ਇੱਕ ਰੂਪ ਹੈ। ਜਿਸ ਵਿੱਚ ਆਕਸੀਜਨ ਦੇ ਤਿੰਨ ਪ੍ਰਮਾਣੂ ਹੁੰਦੇ ਹਨ। 23 ਕਿਲੋਮੀਟਰ ਦੀ ਉਚਾਈ ਤੇ ਜ਼ੋਨ ਦੀ ਇੱਕ ਸੰਘਣੀ ਪਰਤ ਹੈ। ਇਹ ਗੈਸ ਧਰਤੀ ਤੇ ਰਹਿਤ ਵਾਲੇ ਵਸਨੀਕਾਂ ਲਈ ਬਹੁਤ ਹੀ ਲਾਭਦਾਇਕ ਹੈ ਕਿਉਂਕਿ ਇਹ ਸੂਰਜ ਤੋਂ ਆਉਣ ਵਾਲੀਆਂ ਬਹੁਤ ਹੀ ਖਤਰਨਾਕ ਕਿਰਨਾਂ ਨੂੰ ਆਪਣੇ ਵਿੱਚ ਜ਼ਜਬ ਕਰ ਲੈਂਦੀ ਹੈ। ਪਰ ਧਰਤੀ ਦੇ ਪ੍ਰਦੂਸ਼ਣ ਦੇ ਕਾਰਨ ਤੇ ਖੇਤਾਂ ਵਿੱਚ ਵਰਤੀਆਂ ਜਾਣ ਵਾਲੀਆਂ ਫਲੋਰੋਕਾਰਬਨ ਅਤੇ ਕਲੋਰੋਫਲੋਰੋਕ-ਾਰਬਨ ਵਰਗੀਆਂ ਕੀੜੇ ਮਾਰ ਦਵਾਈਆਂ ਗੱਲ ਦੀ ਗੰਭੀਰ ਚਿੰਤਾ ਹੈ ਕਿ ਕਿਸੇ ਦਿਨ ਇਹ ਤਹਿ ਹੋਰ ਪਤਲੀ ਹੋ ਜਾਵੇਗੀ ਅਤੇ ਇਸ ਤਰ੍ਹਾਂ ਧਰਤੀ ਤੇ ਰਹਿਣਾ ਅਸੰਭਵ ਹੋ ਜਾਵੇਗਾ। ਇਸ ਲਈ ਉਹ ਉਜ਼ੋਨ ਦੀ ਇਸ ਤਰ੍ਹਾਂ ਧਰਤੀ ਤੇ ਰਹਿਣਾ ਅਸੰਭਵ ਹੋ ਜਾਵੇਗਾ। ਇਸ ਲਈ ਉਹ ਉਜ਼ੋਨ ਦੀ ਇਸ ਤਹਿ ਵਿੱਚ ਪਏ ਸੁਰਾਖਾਂ ਨੂੰ ਭਰਨ ਦੇ ਯਤਨ ਵਿੱਚ ਲੱਗ ਹੋਏ ਹਨ।

### ਬਰਫ਼ ਪਾਣੀ ਦੇ ਉੱਤੇ ਕਿਉਂ ਤੈਰਦੀ ਹੈ?

ਗਲੇਸ਼ੀਅਰ ਬਰਫ ਦੇ ਬਹੁਤ ਵੱਡੇ ਵੱਡੇ ਟੁਕੜੇ ਹੁੰਦੇ ਹਨ ਜਿਹਨਾਂ ਦਾ ਦਸਵਾਂ ਹਿੱਸਾ ਪਾਣੀ ਤੋਂ ਬਾਹਰ ਹੁੰਦਾ ਹੈ ਅਤੇ 9 ਹਿੱਸੇ ਪਾਣੀ ਵਿੱਚ ਹੁੰਦੇ ਹਨ। ਇਹ ਬਰਫ਼ ਦੇ ਟੁਕੜੇ ਕਈ ਕਈ ਕਿਲੋਮੀਟਰ ਲੰਬੇ ਅਤੇ ਚੌੜੇ ਹੁੰਦੇ ਹਨ।

ਵੱਡੇ ਵੱਡੇ ਸਮੁੰਦਰੀ ਜਹਾਜ਼ਾਂ ਨੂੰ ਡੁਬੋ ਦਿੰਦੇ ਹਨ। ਇਹ ਟੁਕੜੇ ਪਾਣੀ ਵਿੱਚ ਕਿਉਂ ਤੈਰਦੇ ਤੈਰਦੇ ਹਨ? ਕਿਉਂਕਿ ਵਿਗਿਆਨਕ ਨਿਯਮ ਸਦੀਵੀ ਸੱਚ ਹੁੰਦੇ ਹਨ ਇਹ ਸਮੇਂ, ਸਥਾਨ ਅਤੇ ਅਕਾਰ ਨਾਲ ਨਹੀਂ ਬਦਲਦੇ ਹਨ। ਤੁਹਾਡੇ ਘਰ ਪਾਣੀ ਦੇ ਗਿਲਾਸ ਵਿੱਚ ਤੈਰ ਰਿਹਾ ਬਰਫ਼ ਦਾ ਟੁਕੜਾ ਅਤੇ ਸਮੁੰਦਰ ਵਿੱਚ ਤੈਰ ਰਿਹਾ ਸੈਂਕੜੇ ਵਰਗ ਕਿਲੋਮੀਟਰ ਵਿੱਚ ਫੈਲਿਆ ਗਲੇਸ਼ੀਅਰ ਇੱਕੋ ਹੀ ਗੁਣ ਨੂੰ ਪ੍ਰਦਰਸ਼ਿਤ ਕਰਦੇ ਹਨ।



ਕਹਾਣੀ

# ਉਹਨੇ ਆਖਿਆ ਸੀ

## (ਲੋਕ-ਰਾਜ ਦੇ ਸੰਘਰਸ਼ ਨੂੰ ਸਮਰਪਿਤ)



ਅਫ਼ਜ਼ਲ ਤੌਸੀਫ਼

**(ਦੂਜੀ ਕਿਸਤ)**

ਸ਼ਾਮਲੂ ਕਹਿੰਦਾ ਏ, ਉਹ ਕਾਲੇ ਦਿਓ ਨੂੰ ਮਾਰ ਕੇ ਮੁਕਾਵਣ ਵਾਲਿਆਂ ਦੇ ਨਾਲ ਹੈ। ਪਰ ਉਹਦਾ ਮੋਰਚਾ ਵੱਖਰਾ ਈ ਏ। ਅੱਜਕੱਲ ਉਹ ਬਦਸੂਰਤੀ ਨੂੰ ਪੇਂਟ ਕਰਨ ਵਿਚ ਲੱਗਿਆ ਹੋਇਆ ਏ। ਉਹਦੇ ਕਾਰਟੂਨ ਵੇਖੇ ਨਹੀਂ ਜਾਂਦੇ। ਕਈ ਵਾਰੀ ਮਿੰਨਤ ਕਰਨੀ ਪੈਂਦੀ ਏ ਕਿ ਉਹ ਬਦਸੂਰਤੀ ਪੇਂਟ ਕਰਨ ਵਿਚ ਆਪਣਾ ਆਰਟ ਜਾਇਆ ਨਾ ਕਰੇ। ਜਵਾਬ ਵਿਚ ਉਹ ਕਹਿੰਦਾ ਏ ਕਿ ਬਦਸੂਰਤ ਤਸਵੀਰਾਂ ਵੀ ਜ਼ੁਲਮ ਦੇ ਵਿਰੁੱਧ ਇੱਕ ਮੋਰਚਾ ਏ। ਇਸੇ ਤਰ੍ਹਾਂ ਜਿਵੇਂ ਰੋਸ ਭਰੇ ਸ਼ਬਦ ਵੀ ਗੋਲੀ ਵਾਂਗ ਜ਼ਖ਼ਮ ਲਾਉਂਦੇਐੇਂ। ਇਨਕਲਾਬੀ ਨਾਹਰੇ ਵੀ ਗਰਜ ਧਮਾਕਾ ਕਰਦੀ ਏ। ਮੇਰਾ ਮੋਰਚਾ ਲੱਗਿਆ ਰਹੇਗਾ ਦਰਬਾਰੀ ਫਨਕਾਰਾਂ (ਕਲਾਕਾਰਾਂ) ਨੂੰ ਵੀ ਸ਼ਰਮਿੰਦਾ ਕਰਦਾ ਰਹਾਂਗਾ। ਇਸੇ ਤਰ੍ਹਾਂ ਕਾਲੀਆਂ ਲਕੀਰਾਂ ਵਿਚ, ਪਹਿਲਾਂ ਅੱਖਾਂ ਵਿਚ ਧੁਖਦੀ ਅੱਗ ਦੇ ਧੂੰਏਂ ਵਿਚ, ਲਹੂ ਦੇ ਦਾਗਾਂ ਵਿਚ ਜ਼ੁਲਮ ਦੀ ਬਦਸੂਰਤੀ ਉਜਾਗਰ ਕਰਾਂਗਾ।''

ਖ਼ਤ ਖ਼ਤਮ ਹੋਇਆ ਤਾਂ ਮੈਂ ਬਿਨਾਂ ਸੋਚੇ ਸਮਝੇ ਇੱਕ ਰਾਹ ਦੇ ਛੱਡੀਂ ''ਸ਼ਾਮਲੂ ਗਰੀਬ ਦਾ ਘਰ ਹੋਣਾ, ਪਾਰਟੀ ਦਾ ਨਿੱਕਾ ਮੋਟਾ ਕਾਰਕੁੰਨ। ਇਹੋ ਇਸ ਹੱਦ ਤਾਈਂ ਜਾ ਸਕਦੇ ਨੇ।'' ਉਹਨੇ ਅੱਖ ਚੁੱਕ ਕੇ ਮੇਰੇ ਵੱਲ ਵੇਖਿਆ। ਫਿਰ ਹਉਂਕਾ ਜਿਹਾ ਭਰ ਕੇ ਆਖਣ ਲੱਗੀ, ''ਆਹੋ ਸ਼ੁਰੂ ਵਿਚ ਮੈਂ ਵੀ ਇਸੇ ਤਰ੍ਹਾਂ ਸਮਝਦੀ ਸੀ। ਇਹ ਵੇਖੋ, ਉਹਨੇ ਇੱਕ ਹੋਰ ਖ਼ਤ ਲਿਖਿਆ। ਵਰਕੇ ਦੇ ਵਿਚਕਾਰ ਉਂਗਲੀ ਰੱਖਕੇ ਕਹਿਣ ਲੱਗੀ, ''ਐਥੋਂ ਪੜ੍ਹ ਤੈਨੂੰ ਜਵਾਬ ਮਿਲ ਜਾਵੇਗਾ।'' ਲਿਖਿਆ ਸੀ, ''ਦੀਦੀ, ਤੁਸਾਂ ਸ਼ਾਮਲੂ ਬਾਰੇ ਕੀ ਲਿਖ ਛੱਡਿਆ। ਇਹੋ ਭਈ ਉਹ ਪੀਪਲਜ਼ ਪਾਰਟੀ ਦਾ ਵਰਕਰ ਹੋਣਾ। ਸਿਰ ਫਿਰਿਆ ਤੁਸਾਂ ਤੇ ਉਹਨੂੰ ਵਿਚਾਰਾ ਵੀ ਆਖਿਆ। ਇਹ ਵੀ ਪਈ ਇਹ ਬਦਲੇ ਦੀ ਅੱਗ ਬੁਝਾਉਣਾ ਚਾਹੁੰਦੇ ਨੇ। ਬੜਾ ਗਲਤ ਆਖਿਆ, ਦੀਦੀ! ਤੁਸੀਂ ਕਿਸ ਤਰ੍ਹਾਂ ਸੋਚ ਲਿਆ ਇਹ ਲੋਕੀ ਦੜ ਵੱਟ ਕੇ ਜ਼ਮਾਨਾ ਨਹੀਂ ਕੱਟਦੇ। ਬੰਦੂਕ ਚੁੱਕਦੇ ਨੇ। ਆਪਣੀ ਜਾਨ ਵੇਚਕੇ, ਆਪਣੇ ਲਈ ਸਲੀਬ (ਸੂਲੀ) ਦੀ ਲੱਕੜੀ ਨਹੀਂ ਖਰੀਦ ਲੈਂਦੇ। ਮਾਰ ਖਾ ਕੇ ਨਹੀਂ ਕਹਿੰਦੇ, ''ਹੋਰ ਮਾਰ ਲਓ। ਹਜ਼ੂਰ ਸਾਡਾ ਕੀ ਏ। ਅਸੀਂ ਤਾਂ ਪੈਦਾ ਈ ਮਰਨ ਲਈ ਹੁੰਦੇ ਹਾਂ।'' ਬੇਸ਼ਕ ਦੀਦੀ, ਇਹ ਲੋਕੀ ਮਸੀਹੀ ਅਖਲਾਕ ਦੇ ਹਾਮੀ ਨਹੀਂ, ਪਰ ਇਹਨਾਂ ਦਰਦ ਸਹਿਣ ਦੀ ਇੱਕ ਨਵੀਂ ਰੀਤ ਪਾਈ ਏ। ਸ਼ੁਕਰ ਕਰੋ, ਸ਼ਾਮਲੂ ਨੂੰ ਪਤਾ ਨਹੀਂ ਲੱਗਿਆ। ਤੁਸਾਂ ਖ਼ਤ ਵਿਚ ਕੀ ਲਿਖ ਛੱਡਿਆ ਏ, ਨਹੀਂ ਤਾਂ ਹੁਣ ਤੱਕ ਤੁਹਾਡਾ ਖਾਕਾ ਵੀ ਬਣ ਚੁੱਕਿਆ ਹੁੰਦਾ। ਇਹ ਵੇਖੋ, ਉਹਨੇ ਇਕ ਅਖਬਾਰ ਨਵੀਸ ਦਾ ਖਾਕਾ ਬਣਾਇਆ ਏ। ਇਹ ਅਖਬਾਰ ਲਗਾਤਾਰ ਮਾਰਸ਼ਲ-ਲਾ ਦੇ ਹੱਕ ਵਿਚ ਅਤੇ ਲੋਕ-ਰਾਜ ਵਾਸਤੇ ਸੰਘਰਸ਼ ਕਰਨ ਵਾਲਿਆਂ ਦੇ ਵਿਰੁੱਧ ਲਿਖ ਰਿਹਾ ਸੀ। ਕਾਗਜ਼ ਉਲਟਾ ਕੇ ਅਸੀਂ ਵੇਖਿਆ। ਦਿਲ ਬੁਰਾ ਹੋ ਗਿਆ। ਮਾਰਸ਼ਲ-ਲਾ ਦਾ ਖੁਸ਼ਾਮਦੀ ਅਖਬਾਰੀ ਬਿਲਕੁਲ ਅਬਲੀਸ ਵਾਂਗ ਬਣਾਇਆ ਗਿਆ ਸੀ। ਸਾਰੀ ਬਦਸੂਰਤੀ ਲਕੀਰਾਂ ਵਿਚ ਖਿੱਚ ਲਈ ਸੀ। ਸੱਚੀ ਮੁੱਚੀ ਇਹ ਕੋਈ ਵੱਡਾ ਆਰਟਿਸਟ ਬਣ ਸਕਦਾ ਏ। ਪਰ ਏਡਾ ਗੁੰਮਨਾਮ!''

ਮੇਰੀ ਇਸ ਗੱਲ ਤੇ ਉਹਨੇ ਬੜੀ ਤਿੱਖੀ ਅੱਖ ਨਾਲ ਮੇਰੇ ਵੱਲ ਵੇਖਿਆ। ਕਹਿਣ ਲੱਗੀ, ''ਉਹ ਗੁੰਮਨਾਮ ਨਹੀਂ। ਉਹ ਤਾਂ ਸਮੁੰਦਰ ਦਾ ਬੁਲਬੁਲਾ ਏ, ਬੜਾ ਹੌਂਸਲੇ ਵਾਲਾ। ਉਹ ਮਿਡਲ ਕਲਾਸ ਮਰਾਸੀ ਨਹੀਂ, ਨਹੀਂ ਤਾਂ ਅੱਜ ਨੂੰ ਬਹੁਤੀ ਰੋਟੀ ਖਾਵਣ ਵਾਲਾ ਜਾਨਵਰ ਹੁੰਦਾ। ਉਹ ਵੀ ਉਹਦੀ ਕੌੜੀ ਜ਼ਹਿਰ ਗੱਲ ਨਾਲ ਮੇਰਾ ਮੂੰਹ ਅੜਾ ਜਿਹਾ ਕੌੜਾ ਤਾਂ ਹੋਇਆ, ਪਰ ਮੈਂ ਅੱਗੋਂ ਖ਼ਤ ਪੜ੍ਹਨਾ ਚਾਹੁੰਦੀ ਸਾਂ। ਸਾਰਾ ਖ਼ਤ ਸ਼ਾਮਲੂ ਦੀਆਂ ਗੱਲਾਂ ਨਾਲ ਭਰਿਆ ਪਿਆ ਸੀ। ਉਹਨਾਂ ਦਿਨਾਂ ਵਿਚ ਉਹਦੇ ਹੱਥਾਂ ਨੇ ਬੜਾ ਹੀ ਹੁਨਰ ਵਿਖਾਇਆ ਸੀ। ਕੈਦੀਆਂ ਤੇ ਕੋਠੜੀਆਂ ਨੂੰ ਚਿਤਰਿਆ। ਬੜੇ-ਬੜੇ ਨਾਮੀ-ਗਰਾਮੀ ਫਾਂਸੀ ਪਾਵਣ ਵਾਲਿਆਂ ਦੀਆਂ ਕੈਦ-ਕੋਠੜੀਆਂ, ਸੀਖਾਂ, ਕੁੰਡੇ, ਦਰਵਾਜ਼ੇ, ਕੜੀਆਂ ਉਹਨੇ ਰੰਗਾਂ ਵਿਚ ਉਤਾਰੇ। ਫਾਂਸੀ ਦੇ ਕਈ ਦ੍ਰਿਸ਼ ਇੱਕ ਤਸਵੀਰ ਉਹਨੇ ਆਪਣੀ ਵੀ ਬਣਾਈ.... ਫਾਂਸੀ ਦੇ ਫੱਟੇ ਤੇ ਖੜ੍ਹਾ ਕੈਦੀ। ਹੱਥਾਂ ਵਿਚ ਬੁਰਸ਼ ਤੇ ਅਲੀਕਾ, ਇੰਝ ਲੱਗਦਾ ਸੀ ਜਿਵੇਂ ਉਹਨੂੰ ਕੰਮ ਕਰਦੇ ਨੂੰ ਖਿੱਚ ਕੇ ਲਿਆਏ ਹੋਣ। ਹੁਣ ਉਹ ਆਪਣੀਆਂ ਖੁੱਲ੍ਹੀਆਂ ਥੱਕੀਆਂ ਹੈਰਾਨ ਅੱਖਾਂ ਨਾਲ ਫਾਂਸੀ ਦੇ ਫੰਦੇ ਵੱਲ ਤੱਕ ਰਿਹਾ ਸੀ। ਕਿੱਡਾ ਮਾਸੂਮ! ਪਰ ਗਲ ਕੇਡੀ ਡੂੰਘੀ ਏ। ਜੋ ਉਸ ਐਵੇਂ ਬੇਧਿਆਨੀ ਵਿਚ ਕਹਿ ਛੱਡੀ। ਆਖਣ ਲੱਗਾ, ਇਹ ਰੱਸਾ, ਉਹਨੇ ਫਾਂਸੀ ਦੇ ਰੱਸੇ ਵੱਲ ਇਸ਼ਾਰਾ ਕੀਤਾ। ਪਹਿਲਾਂ-ਪਹਿਲਾਂ ਕਿਸੇ ਹਲ ਵਾਹੁਣ ਵਾਲੇ ਨੇ ਵੱਟਿਆ ਹੋਣਾ ਏ। ਫਸਲ ਦੀਆਂ ਭਰੀਆਂ ਬੰਨ੍ਹਣ ਲਈ ਜਾਂ ਫਿਰ ਗਾਂ, ਮੱਝ ਨੂੰ ਬੰਨ੍ਹਣ ਲਈ। ਹੁਣ ਪਤਾ ਨਹੀਂ, ਇਸ ਰੱਸੇ ਨੂੰ ਬੰਦੇ ਦਾ ਮਣਕਾ ਭੰਨਣ ਲਈ ਪਹਿਲੀ ਵਾਰੀ ਕਿਸ ਵਰਤਿਆ।

ਦੀਦੀ ਅਸੀਂ ਕੋਸ਼ਿਸ਼ ਕਰਦੇ ਹਾਂ, ਸ਼ਾਮਲੂ ਜੋ ਵੀ ਤਸਵੀਰ ਬਣਾਵੇ। ਉਹ ਜੇਲ੍ਹੋਂ ਬਾਹਰ ਕੱਢ ਦਿੱਤੀ ਜਾਵੇ। ਅੱਜਕੱਲ ਉਹਦਾ ਫੈਸਲਾ ਆਉਣ ਵਾਲਾ ਏ। ਸਾਥੀਆਂ ਨੇ ਚੰਦਾ ਇਕੱਠਾ ਕਰਕੇ ਉਹਦੇ ਲਈ ਨਵੇਂ ਬੁਰਸ਼ ਅਤੇ ਰੰਗ ਮੰਗਵਾਏ ਨੇ ਤਾਂ ਜੋ ਉਹ ਬਹੁਤ ਸਾਰੀਆਂ ਤਸਵੀਰਾਂ ਬਣਾਵੇ। ਉਹਨੂੰ ਆਪਣੇ ਫੈਸਲੇ ਦਾ ਅੰਦਾਜ਼ਾ ਹੋ ਚੁੱਕਿਆ ਏ। ਇਸੇ ਕਰਕੇ ਉਹ ਇੱਕ ਪਲ ਵਿਹਲਾ ਨਹੀਂ ਬੈਠਦਾ। ਉਂਝ ਵੀ ਉਹਦੀ ਲਗਨ ਸਦਾ ਤੋਂ ਇਸੇ ਤਰ੍ਹਾਂ ਏ। ਗ੍ਰਿਫਤਾਰ ਹੋ ਕੇ ਆਇਆ ਤਾਂ ਉਹਦੇ ਥੈਲੇ ਵਿਚ ਬੁਰਸ਼ ਅਤੇ ਰੰਗਾਂ ਦੀਆਂ ਸ਼ੀਸ਼ੀਆਂ ਸਨ। ਸੋਚਿਆ ਹੋਣਾ ਏ ਜੇਲ੍ਹ ਵਿਚ ਵਿਹਲ ਹੀ ਵਿਹਲ ਹੋਣੀ ਏ। ਪਰ ਤਲਾਸ਼ੀ ਵੇਲੇ ਉਹ ਸਾਮਾਨ ਪਿੱਛੇ ਰੋਕ ਲਿਆ ਗਿਆ। ਸਗੋਂ ਤਲਾਸ਼ੀ ਵੇਲੇ ਉਹਦਾ ਮਖੌਲ ਉਡਾਉਂਦੇਐਹੇ। 'ਓਏ ਕੀ ਮਾਲ ਮਸਾਲਾ ਨਾਲ ਲੈ ਕੇ ਆਇਆ ਏ? ਕੀ ਇਥੇ ਵੀ ਬੰਬ ਬਣਾਉਣੇ ਨੇ?''

ਇਸੇ ਇਲਜ਼ਾਮ ਵਿਚ ਉਹਦੀ ਬਸਤੀ ਵਿਚੋਂ ਭਾਰੀ ਗ੍ਰਿਫਤਾਰੀ ਹੋਈ ਸੀ। ਸਿਆਸੀਆਂ ਨੂੰ ਕੋੜੇ, ਫਾਂਸੀ ਦੇਣ ਦਾ ਬਹਾਨਾ। ਸੱਤ ਵਰ੍ਹੇ ਪਹਿਲਾਂ ਵੀ ਇਸੇ ਤਰ੍ਹਾਂ ਹੋਇਆ ਸੀ। ਉਸ ਵੇਲੇ ਸ਼ਾਮਲੂ ਵਰਗੇ ਗਲੀਆਂ ਵਿਚ ਕੀੜੀ-ਕਾਡਾ ਖੇਡਦੇ ਫਿਰਦੇ ਸਨ। ਅੱਜ 1983 ਦਾ ਸਾਲ ਏ। ਉਹੋ ਬੱਚੇ ਹੁਣ ਜਵਾਨ ਹੋ ਕੇ ਜੇਲ੍ਹਾਂ ਵਿਚ ਨੇ। ਇੰਝ ਦੀਦੀ, ਅਸਲ ਲਹਿਰ ਤਾਂ ਸਿੰਧ ਵਿਚੋਂ ਉੱਠੀ ਏ। ਓਥੇ ਤਾਂ ਹਜ਼ਾਰਾਂ ਲੋਕਾਂ ਨੇ ਲੋਕ-ਰਾਜ ਦੀ ਦੇਵੀ ਨੂੰ ਆਪਣਾ ਲਹੂ ਪੇਸ਼ ਕੀਤਾ ਏ। ਲਸ਼ਕਰੀ ਹਕੂਮਤ ਜ਼ੋਰਾ-ਜ਼ੋਰੀ ਸਟੇਟ ਫੋਰਸ ਦੀ ਵਰਤੋਂ ਕੀਤੀ। ਬਸਤੀਆਂ ਸਾੜ ਸੁੱਟੀਆਂ, ਪਿੰਡ ਬਰਬਾਦ ਕੀਤੇ। ਜਵਾਨ ਬਰਾਬਰ ਲੜਦੇ ਰਹੇ। ਔਰਤਾਂ ਨੇ ਗੋਲੀਆਂ ਖਾਧੀਆਂ, ਲਾਠੀਆਂ ਝੱਲੀਆਂ, ਬੱਚੇ ਤੀਕ ਮਾਰੇ ਗਏ। ਇਥੇ ਪੰਜਾਬ ਵਿਚ ਹਮੇਸ਼ਾ ਵਾਂਗ ਖ਼ਬਰਾਂ ਦੇਰ ਨਾਲ ਪਹੁੰਚੀਆਂ ਤਾਂ ਡਰ ਲੱਗਾ। ਜ਼ੁਲਮ ਹੱਦੋਂ ਵੱਧ ਜਾਵੇ ਤਾਂ ਰੋਸ ਜਾਂਦਾ। ਢਾਕਾ ਫਾਲ ਕਰ ਜਾਂਦਾ ਏ। ਸ਼ਹਿਰਾਂ ਵਾਲੇ ਤਾਂ ਅੰਦੇਸ਼ੇ ਕਰਦੇ ਰਹੇ, ਪਰ ਗ਼ੈਰਤ ਵਾਲਿਆਂ ਨੇ ਆਵਾਜ਼ ਚੁੱਕੀ। ਸਿੰਧ ਨੂੰ ਬਚਾਓ। ਸਿੰਧ ਵਾਲਿਆਂ ਦਾ ਸਾਥ ਦਿਓ। ਜਲਸੇ ਮੁਜ਼ਾਹਰੇ ਹੋਏ। ਪੰਜਾਬ ਪੁਲਿਸ ਨੇ ਆਪਣੀ ਤਾਕਤ ਦਾ ਵਿਖਾਲਾ ਕੀਤਾ, ਬਸਤੀਆਂ ਉੱਤੇ ਬੰਦੂਕਾਂ ਭੌਂਕਣ ਲੱਗੀਆਂ। ਪਿੰਡਾਂ ਦੇ ਪੈਲੀ ਬੰਨਿਆਂ ਤੋਂ ਰਫਲਾਂ ਉੱਗ ਪਈਆਂ। ਬੇਸ਼ਰਮੀ ਤਾਂ ਤਾਨਾਸ਼ਾਹੀ ਲਸ਼ਕਰਾਂ ਦਾ ਕਰੈਕਟਰ ਹੁੰਦਾ ਏ।

ਏਥੇ ਗੱਲ ਤੋੜ ਕੇ ਉਹਨੇ ਇੱਕ ਵਿਆਖਿਆ ਕੀਤੀ ਹੋਈ ਸੀ, ''ਦੀਦੀ ਮੈਂ ਸਾਰਾ ਵੇਰਵਾ, ਇਸ ਕਰਕੇ ਲਿਖ ਰਿਹਾ ਹਾਂ, ਪਈ ਕੱਲ੍ਹ ਨੂੰ ਕਿਸੇ ਕੰਮ ਆਵੇ। ਕੱਲ ਜਦੋਂ ਵੇਲਾ ਬਦਲ ਜਾਵੇ, ਬੁਰੇ ਵੇਲਿਆਂ ਦੀ ਤਵਾਰੀਖ ਦੇ ਸੋਮੇ ਲੱਭਣੇ ਹੋਣ। ਤੁਸੀਂ ਇਹ ਖ਼ਤ ਸਾਂਭ ਛੱਡਣਾ।''

ਹਾਂ ਮੈਂ ਵੀ ਕਹਿ ਰਿਹਾ ਸੀ, ਤਾਨਾਸ਼ਾਹੀ ਦੇ ਲਸ਼ਕਰਾਂ ਨੇ ਇੱਜ਼ਤਾਂ ਉੱਤੇ ਵੀ ਹੱਥ ਪਾਇਆ। ਬੀਬੀਆਂ ਦੇ ਸਿਰੋਂ ਚਾਦਰ ਖਿੱਚੀ ਤਾਂ ਜਵਾਨ ਜੋਸ਼ ਵਿਚ ਆ ਗਏ। ਗੋਲੀ ਸਿੱਕਾ ਤਾਂ ਉਹਨਾਂ ਕੋਲ ਹੈ ਨਹੀਂ ਸੀ ਆਪਣੇ ਕੰਧਾਂ ਕੋਠੇ ਉਧੇੜ ਕੇ ਇੱਟ ਰੋੜਾ ਵਰ੍ਹਾ ਦਿੱਤਾ। ਕੁਝ ਪੁਲਿਸ ਵਾਲੇ ਜਖ਼ਮੀ ਹੋ ਗਏ। ਸਗੋਂ ਇੱਕ ਮਰ ਵੀ ਗਿਆ। ਬੱਸ ਹੁਣ ਕੀ ਸੀ ਲੋਕਾਂ ਨੂੰ ਆਪਣੀਆਂ ਲਾਸ਼ਾਂ ਚੁੱਕਣ ਦੀ ਮੁਹਲਤ ਵੀ ਨਾ ਮਿਲੀ। ਸਰਕਾਰ ਦੇ ਬੁਲਡੋਜਰ ਆ ਗਏ। ਇੱਟ ਨਾਲ ਇੱਟ ਵੱਜੀ। ਮਰਦ ਤਾਂ ਸਾਰੇ ਗ੍ਰਿਫਤਾਰ ਹੋ ਗਏ... ਦਸਾਂ ਬਾਰਾਂ ਸਾਲਾਂ ਦੇ ਮੁੰਡਿਆਂ ਤੋਂ ਲੈ ਕੇ ਸੱਤਰ ਪਝੱਤਰ ਸਾਲ ਦੇ ਬੁੱਢਿਆਂ ਤਾਈਂ। ਕੋਈ ਸਖ਼ਤੀ ਜਿਹੀ ਸਖ਼ਤੀ ਸੀ। ਪਰ ਉਹਨਾਂ ਸਾਰੀਆਂ ਸਹਿ ਲਈਆਂ। ਫਿਰ ਵੀ ਆਵਾਜ਼ ਉੱਠਦੀ ਰਹੀ। ਜਵਾਨ ਕੋੜੇ ਖਾਂਦੇ ਵੀ ਜ਼ੁਲਮ ਦੇ ਖ਼ਿਲਾਫ ਨਾਅਰੇ ਲਾਉਂਦੇਐਹੇ। ਕਈਆਂ ਉੱਤੇ ਬੰਬ ਕੇਸ ਬਣਾਏ ਗਏ। ਕਿੰਨਿਆਂ ਉੱਤੇ ਕਤਲ, ਜੇਲ੍ਹ ਦੀਆਂ ਸਖ਼ਤੀਆਂ ਪਿੱਛੋਂ ਫੌਜੀ ਅਦਾਲਤਾਂ ਲੱਗ ਗਈਆਂ। ਵਰਦੀ ਵਾਲੇ ਮੁਨਸਫ (ਜੱਜਾਂ) ਨੇ ਖੜ੍ਹੇ-ਖੜ੍ਹੇ ਸਜ਼ਾਵਾਂ ਸੁਣਾਈਆਂ। ਉਹ ਜਿਹੜੇ ਜੁਅਰਤ ਵਾਲੇ ਸਨ, ਉਹਨਾਂ ਦੀ ਫਾਂਸੀ ਲਿਖ ਦਿੱਤੀ। ਬਾਕੀ ਸਾਰਿਆਂ ਨੂੰ ਲੰਮੀ ਕੈਦ-ਬਾ-ਮੁਸ਼ੱਕਤ।

ਇਹੋ ਦਿਨ ਸੀ ਜਦੋਂ ਸਾਡਾ ਫਨਕਾਰ (ਕਲਾਕਾਰ) ਆਪਣੀਆਂ ਗਲੀਆਂ ਪਿੱਛੇ ਛੱਡ ਆਇਆ। ਜੇਲ੍ਹ ਦੀਆਂ ਕੰਧਾਂ ਉੱਤੇ ਤਸਵੀਰਾਂ ਬਣਾਉਂਦਾ ਰਿਹਾ। ਰੰਗ, ਕੋਲਾ, ਪੈਨਸਿਲ, ਜੋ ਵੀ ਹੱਥ ਆਉਂਦਾਂਹ ਕਿਸੇ ਜਜ਼ਬੇ ਨੂੰ ਸ਼ਕਲ ਦੇ ਦਿੰਦਾ। ਉਹਦੀਆਂ ਕਈ ਗੱਲਾਂ ਯਾਦ ਰਹਿ ਗਈਆਂ। ਇੱਕ ਦਿਨ ਜਦੋਂ ਕੈਦੀਆਂ ਨੂੰ ਬਾਹਰਲੇ ਅਹਾਤੇ ਲਿਜਾਇਆ ਗਿਆ। ਸ਼ਾਮਲੂ ਸਿੱਧਾ ਪਿੱਪਲ ਦੇ ਪੁਰਾਣੇ ਬਿਰਖ ਥੱਲੇ ਚਲਾ ਗਿਆ। ਇਹ ਦਰੱਖਤ ਸਦੀਆਂ ਤੋਂ ਜੇਲ੍ਹ ਦੇ ਅਹਾਤੇ ਵਿਚ ਖੜ੍ਹਾ ਏ। ਕਈ ਦੇ ਕਈ ਜ਼ਮਾਨੇ ਵੇਖ ਚੁੱਕਾ ਏ। ਉਸੇ ਦਰੱਖਤ ਦਾ ਥੋੜ੍ਹਾ ਜਿਹਾ ਤਣਾ ਸਾਫ ਕਰਕੇ ਉੱਤੇ ਇੱਕ ਬੱਚੇ ਦੀ ਤਸਵੀਰ ਬਣਾ ਦਿੱਤੀ। ਬੱਚਾ ਆਪਣੇ ਹੱਥ ਉੱਚੇ ਕਰਕੇ ਸੂਰਜ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਸ਼ਾਮਲੂ ਨੇ ਸਭ ਨੂੰ ਦੱਸਿਆ, ਇਹ ਤਸਵੀਰ ਵੱਧਦੀ ਜਾਵੇਗੀ। ਦਰੱਖਤ ਦੀ ਜੜ੍ਹ ਰਾਹੀਂ ਉਹਨੂੰ ਪਾਣੀ ਮਿਲੇਗਾ, ਇਸ ਤਰ੍ਹਾਂ ਤਸਵੀਰ ਕਦੇ ਸੁੱਕਦੀ ਵੀ ਨਹੀਂ।

ਉਹ ਅਜੀਬ ਗੱਲਾਂ ਕਰਦਾ ਰਹਿੰਦਾ ਏ। ਜੇਲ੍ਹਰ ਕਦੇ ਸਖ਼ਤੀ ਕਰੇ ਤਾਂ ਹੱਸ ਕੇ ਕਹਿੰਦਾ ਏ ''ਨਾ ਕਰ ਜ਼ਾਲਮਾ! ਅਸੀਂ ਤਾਂ ਪਹਿਲਾਂ ਹੀ ਵੇਲੇ ਦੇ ਫੜ੍ਹੇ ਹੋਏ ਆਂ। ਤੇਰੇ ਘਰ ਚਹੁੰ ਦਿਨਾਂ ਦੇ ਪ੍ਰਾਹੁਣੇ ਆਂ। ਵੇਖ ਬਹੁਤੀ ਖਾਤਰ ਨਾ ਕਰਿਆ ਕਰ ਸਾਡੀ ਪਿੱਛੋਂ ਪਛਤਾਵੇਂਗਾ। ਵੱਡੇ ਹਾਕਮ ਦਾ ਨਾਂ ਤਾਂ ਉਹਨੇ ਰੱਖਿਆ ਹੀ ਕਾਲਾ ਦਿਓ ਸੀ। ਪਰ ਉਹ ਕਰਨਲ ਜੋ ਸਮਰੀ ਕੋਰਟ ਲਾ ਕੇ ਉਹਦਾ ਫੈਸਲਾ ਕਰਨ ਬੈਠਾ, ਉਹਨੂੰ ਵੀ ਕਿੱਥੇ ਬਖਸ਼ਿਆ। ਕਰਨਲ ਨੇ ਪਹਿਲਾਂ ਢਾਕਾ ਢਹਾਇਆ, ਫਿਰ ਸਿੰਧ ਉੱਤੇ ਚੜ੍ਹਾਈ ਕੀਤੀ। ਵਿਚਕਾਰ ਉਹ ਆਪ ਵੀ ਜੰਗੀ ਕੈਦੀ ਰਹਿ ਚੁੱਕਿਆ ਸੀ। ਉਸ ਨੇ ਬਗ਼ੈਰ ਕੁਝ ਸਮਝੇ ਬੁਝੇ ਉਹਨਾਂ ਸਾਰਿਆਂ ਨੂੰ ਪਚਜ;ਵਖ (ਦੋਸ਼ੀ) ਲਿਖ ਛੱਡਿਆ।

ਸ਼ਾਮਲੂ ਦੀ ਵਾਰੀ ਆਈ ਤਾਂ ਉਹਨੇ ਸਬਰ ਸਕੂਨ ਨਾਲ ਫੈਸਲਾ ਸੁਣਿਆ। ਸੁਣਕੇ ਕਹਿਣ ਲੱਗਾ, ''ਤੁਹਾਡੀ ਮਿਹਰ ਏ ਕਰਨਲ ਜੀ! ਤੁਸੀਂ ਮੈਨੂੰ ਗਿਲਟੀ ਆਖਿਆ। ਮੈਂ ਤਾਂ ਇੱਜ਼ਤ ਵਾਲਾ ਵਾਂ। ਇੱਕ ਗਿਲਟੀ ਨਾਲ ਮਰ ਜਾਵਾਂਗਾ। ਪਰ ਤੁਸੀਂ ਢਾਕੇ ਉੱਤੇ ਹਿੰਦੁਸਤਾਨ ਦਾ ਕਬਜ਼ਾ ਕਰਾ ਵੀ ਚੰਗੇ ਭਲੇ ਰਹੇ। ਤੁਹਾਡੇ ਲਿੰਗ ਤੇ ਕੋਈ ਗਿਲਟੀ ਨਾ ਨਿਕਲੀ। ਦੁਸ਼ਮਣ ਅੱਗੇ ਆਪਣਾ ਚੰਨ-ਤਾਰੇ ਵਾਲੇ ਝੰਡਾ ਨੀਵਾਂ ਕਰਨ ਪਿੱਛੋਂ ਵੀ ਤੁਸੀਂ ਜ਼ਨਾਨੀ ਨਾਲ ਸੌਣ ਜੋਗੇ ਰਹਿ ਗਏ।''

ਕਰਨਲ ਦਾ ਵੱਸ ਚੱਲਦਾ ਤਾਂ ਉਸਨੂੰ ਆਖ਼ਰੀ ਸਜ਼ਾ ਦਿੰਦਾ। ਪਰ ਮੌਤ ਕੋਲੋਂ ਵੱਧ ਕੀ ਦਿੰਦਾ। ਜੇਲ੍ਹ ਅੰਦਰ ਸ਼ਾਮਲੂ ਦੀ ਇਸ ਜੁਅਰਤ ਨਾਲ ਕੈਦੀਆਂ ਨੂੰ ਅਖਲਾਕੀ ਤਾਕਤ ਦਿੱਤੀ। ਇਸ ਤੋਂ ਪਿੱਛੋਂ ਜਿਸ ਕਿਸੇ ਨੇ ਮੌਤ ਦਾ ਫੈਸਲਾ ਸੁਣਿਆ, ਹੌਂਸਲੇ ਨਾਲ ਸੁਣਿਆ। ਅਖੀਰਲੇ ਦਿਨਾਂ ਵਿਚ ਉਹਦੀਆਂ ਤਸਵੀਰਾਂ ਵੀ ਖ਼ਾਸ ਹੋ ਗਈਆਂ ਸਨ। ਸਾਰਿਆਂ ਨੇ ਰਲ ਕੇ ਚੋਰੀ-ਚੋਰੀ ਉਹਦੇ ਲਈ ਰੰਗ ਮੰਗਵਾਏ। ਉਹੋ ਰਸਤੇ ਜਿੱਥੋਂ ਸਿਗਰਿਟ ਤੇ ਹੋਰ ਸਾਮਾਨ ਆਉਂਦਾ੧ਓ। ਹੁਣ ਪੇਂਟਿੰਗ ਦਾ ਸਾਮਾਨ ਵੀ ਆ ਗਿਆ। ਇਥੋਂ ਤੀਕ ਪਈ, ਇੱਕ ਨਸ਼ੱਈ ਨੇ ਆਪਣੇ ਨਸ਼ੇ ਦੇ ਪੈਸੇ ਰੰਗਾਂ ਵਾਸਤੇ ਦੇ ਛੱਡੇ, ਸ਼ਾਮਲੂ ਨੇ ਅਖੀਰਲੇ ਦਿਨਾਂ ਵਿਚ ਕੈਦੀਆਂ ਦੀਆਂ ਤਸਵੀਰਾਂ ਬਣਾਈਆਂ। ਅਲੱਗ-ਅਲੱਗ ਚਿਹਰੇ। ਗਰੁੱਪ, ਸ਼ੈਆਂ, ਬੇੜੀਆਂ, ਸੰਗਲ ਟੁੱਟਦੀਆਂ ਵੀ ਵਿਖਾਈਆਂ। ਦਰਵਾਜ਼ੇ, ਜੰਦਰੇ, ਸੀਖਾਂ ਪੇਂਟ ਕੀਤੀਆਂ। ਕੋਠੜੀ ਜਿਹਨਾਂ ਵਿਚ ਵੇਲੇ ਦੇ ਹੀਰੋ ਨੇ ਸਮਾਂ ਕੱਟਿਆ ਸੀ ਅਤੇ ਉਹ ਤਾਕੀ ਜਿਥੋਂ ਆਸਮਾਨ ਦਿਸਦਾ ਸੀ ਤੇ ਖਾਬ (ਸੁਪਨਾ) ਦੀ ਨਿਗਾਹ ਉਡਾਰੀ ਮਾਰ ਕੇ ਭਵਿੱਖ ਦੇ ਕਿਸੇ ਅਸਮਾਨ ਦੀ ਸੈਰ ਕਰ ਆਉਂਦੀ ਰਹਿੰਦੀ ਸੀ। ਅਜਿਹੀਆਂ ਤਸਵੀਰਾਂ ਕਦੇ ਬਣ ਨਹੀਂ ਸੀ ਸਕਦੀਆਂ, ਜਦ ਤੋੜੀ ਕਲਾਕਾਰ ਆਪ ਕੈਦੀ ਨਾ ਹੋਵੇ ਅਤੇ ਵੱਡਾ ਗੁਣੀ ਵੀ।

ਇਹ ਖ਼ਤ ਬੜਾ ਹਲੂਣਾ ਦੇਣ ਵਾਲਾ ਸੀ। ਇਕ ਖ਼ਾਸ ਗੱਲ ਮੇਰੇ ਦਿਲ ਨੂੰ ਲੱਗੀ। ਉਸ ਸ਼ਹਾਦਤ ਬਾਰੇ ਸੀ। ਉੱਚੇ ਆਦਰਸ਼ ਵਾਸਤੇ ਮੌਤ ਨੂੰ ਸ਼ਹਾਦਤ ਇਸ ਲਈ ਆਖਿਆ ਗਿਆ ਏ ਕਿ ਇਸ ਤਰ੍ਹਾਂ ਜਿਊਣ-ਯੋਗ ਹੋ ਜਾਂਦੀ ਹੈ। ਇਸੇ ਤਰ੍ਹਾਂ ਸ਼ਹੀਦ ਇੱਕ ਨਿਘਰੇ ਸਮਾਜ ਨੂੰ ਤਾਜ਼ਾ ਲਹੂ ਦੇ ਕੇ ਤੰਦਰੁਸਤ ਬਣਾਉਂਦਾ। ਖ਼ਤ ਦੇ ਥੱਲੇ ਨਾਂ ਦੀ ਥਾਂ 'ਸ਼' ਲਿਖਿਆ ਹੋਇਆ ਸੀ। ਮੈਂ ਪੁੱਛਿਆ ਕਿ ਸ਼ਾਮਲੂ ਆਪੇ ਹੀ ਖ਼ਤ ਲਿਖਦਾ ਰਿਹਾ। ''ਨਹੀਂ, ਉਹ ਕਿੰਝ ਲਿਖਦਾ। ਉਹ ਤਾਂ ਮੈਨੂੰ ਜਾਣਦਾ ਵੀ ਨਹੀਂ।'' ਫਿਰ ਇਹ ''ਸ਼''। ਇਹ ਤੇ ਸ਼ਹਿਰਯਾਰ ਹੈ। ਮੇਰਾ ਨਿੱਕਾ ਭਰਾ। ਕਈ ਸਾਲ ਤੋਂ ਬੰਦੀ ਏ। ''ਸਾਰੇ ਖ਼ਤ ਉਸੇ ਨੇ ਲਿਖੇ ਨੇ?'' ਨਹੀਂ ਹੋਰ ਕਈ ਕੈਦੀ ਵੀ ਲਿਖਦੇ ਰਹਿੰਦੇ ਹਨ। ਪਰ ਸ਼ਾਮਲੂ ਬਾਰੇ ਸਾਰਾ ਕੁਝ ਸ਼ਹਿਰਯਾਰ ਲਿਖਦਾ ਰਿਹਾ ਹੈ। ਇਸ ਸਿਲਸਿਲੇ ਦਾ ਆਖ਼ਰੀ ਖ਼ਤ ਉਹਨੇ ਮੇਰੇ ਵੱਲ ਵਧਾਇਆ। ''ਨਹੀਂ, ਹੁਣ ਮੇਰੇ ਕੋਲੋਂ ਪੜ੍ਹਿਆ ਨਹੀਂ ਜਾਂਦਾ। ਮੇਰਾ ਦਿਲ ਬੜਾ ਬੋਝਲ ਹੋ ਗਿਆ ਹੈ। ਤੁਸੀਂ ਅਖੀਰਲੀ ਗੱਲ ਜ਼ੁਬਾਨੀ ਕਰ ਦਿਓ।''

ਚੰਗਾ ਕਿ ਉਹਨੇ ਅਲਮਾਰੀ ਬੰਦ ਕਰ ਦਿੱਤੀ। ਮੈਨੂੰ ਬੈਠਣ ਦਾ ਇਸ਼ਾਰਾ ਕੀਤਾ ਤੇ ਆਪ ਵੀ ਬੈਠ ਗਈ। ਹੁਣ ਉਹ ਗੱਲਾਂ ਕਰ ਰਹੀ ਸੀ, ''ਆਖਰੀ ਖਬਰਾਂ ਇਹੋ ਸਨ। ਉਹਨੇ ਮੁਲਾਕਾਤ ਤੇ ਆਉਣ ਵਾਲੇ ਕਈ ਬੱਚਿਆਂ ਦੀਆਂ ਤਸਵੀਰਾਂ ਬਣਾਈਆਂ। ਉਹ ਬੱਚੇ ਕੈਦੀਆਂ ਦੇ ਸਨ। ਸੀਖਾਂ ਦੇ ਦੂਜੇ ਪਾਸੇ ਖੜ੍ਹੇ ਆਪ ਵੀ ਕੈਦੀ ਲੱਗ ਰਹੇ ਸਨ। ਇਸੇ ਤਸਵੀਰ ਥੱਲੇ ਉਹਨੇ ਸਿਰਲੇਖ ਦਿੱਤਾ, ''ਵੱਡੀ ਜੇਲ੍ਹ ਦੇ ਨਿੱਕੇ ਕੈਦੀ''

ਠੀਕ ਈ ਤੇ ਹੈ। ਮੈਂ ਸੋਚਿਆ ਕੈਦੀ ਪਿਉ ਦੇ ਬੱਚੇ। ਜੇਲ੍ਹ ਦੀ ਕੰਧ ਪਰਲੇ ਪਾਸੇ ਹੋਏ ਤਾਂ ਕੀ ਹੈ, ਆਜ਼ਾਦੀ ਇਸ ਤਰ੍ਹਾਂ ਦੀ ਤਾਂ ਨਹੀਂ ਹੁੰਦੀ।

''ਸ਼ਾਮਲੂ ਦਾ ਅੰਤ ਕਿਸ ਤਰ੍ਹਾਂ ਹੋਇਆ?'' ਮੈਂ ਦੱਸਦੀ ਹਾਂ। ਇਕ ਦਿਨ ਬੁਰੀ ਖ਼ਬਰ ਵਾਲਾ ਖ਼ਤ ਆਇਆ। ਇਸ ਤੋਂ ਪਹਿਲਾਂ ਅਖਬਾਰਾਂ ਵਿਚ ਆ ਗਿਆ। ਸ਼ਾਮਲੂ ਨੇ ਆਪਣੀ ਜਾਨ ਬਖਸ਼ੀ ਲਈ ਅਪੀਲ ਨਹੀਂ ਸੀ ਕੀਤੀ। ਉਹਨੇ ਆਪਣੀ ਮਾਂ ਨੂੰ ਵੀ ਮਨ੍ਹਾ ਕਰ ਦਿੱਤਾ ਸੀ। ਬੱਸ ਏਨਾ ਹੀ ਕਿਹਾ, ''ਕਾਲੇ ਦੇਵ ਕੋਲ ਅਪੀਲ ਕੀ ਕਰਨੀ।'' ਉਹਨੇ ਇਸ ਤਰ੍ਹਾਂ ਕਰਕੇ ਚੰਗਾ ਹੀ ਕੀਤਾ। ਕਿਉਂ ਜੋ ਉਸਦੇ ਨਾਲ ਵਾਲੇ ਦੋਵਾਂ ਮੁੰਡਿਆਂ ਦੀ ਅਪੀਲ ਖਾਰਜ ਹੋ ਗਈ ਸੀ, ਭਾਵੇਂ ਉਹ ਦੋਵੇਂ ਛੋਟੀ ਉਮਰ ਦੇ ਸਨ। ਦੋਵੇਂ ਸਕੇ ਭਰਾ। ਉਹਨਾਂ ਪਿੱਛੋਂ ਮਾਂ ਦਾ ਸਹਾਰਾ ਕੋਈ ਨਾ ਰਿਹਾ। ਕਾਲਾ ਦਿਓ ਤੇ ਉਸਦੇ ਸਾਥੀ ਅੰਦਰੋਂ ਬੜੇ ਡਰਪੋਕ ਸਨ। ਨਿੱਕੇ ਨਿਆਣਿਆਂ ਕੋਲੋਂ ਵੀ ਡਰਦੇ ਸਨ। ਕਿਉਂ ਜੋ ਇਹਨਾਂ ਬੱਚਿਆਂ ਨੇ ਗੁਲੇਲ ਵਿਚ ਰੋੜਾ ਰੱਖਕੇ, ਬੰਦੂਕ ਦੇ ਹਮਲੇ ਦਾ ਮੁਕਾਬਲਾ ਕਰਨ ਵਿਚ ਹਿੱਸਾ ਪਾਇਆ ਸੀ। ਇਹਨਾਂ ਤਿੰਨਾਂ ਜਣਿਆਂ ਨੂੰ ਫਾਂਸੀ ਇੱਕੋਂ ਰਾਤ ਹੀ ਦਿੱਤੀ ਗਈ। ਓਸ ਵੇਲੇ ਸ਼ਾਮਲੂ ਦੀ ਉਮਰ ਬਾਈ ਵਰ੍ਹੇ ਤੇ ਕੁਝ ਮਹੀਨੇ ਸੀ। ਉਹਦੀ ਆਖਰੀ ਖਾਹਿਸ਼ ਵੀ ਅਜੀਬ ਜਿਹੀ ਸੀ। ਕੋਈ ਉਹਦੀ ਤਸਵੀਰ ਬਣਾਵੇ, ਜਦੋਂ ਉਹ ਫਾਂਸੀ ਦੀ ਰੱਸੀ ਨੂੰ ਚੁੰਮ ਰਿਹਾ ਹੋਵੇ। ਉਹਦੇ ਆਖਰੀ ਸ਼ਬਦ ਵੀ ਅਜੀਬ ਸਨ, ''ਲੈ ਵੇਖ ਨੀ ਸਾਹਿਬਾ, ਅੱਜ ਤੇਰਾ ਮਿਰਜ਼ਾ ਦੁਨੀਆਂ ਛੱਡ ਚੱਲਿਆ।''

ਉਹਦੇ ਆਖਰੀ ਸ਼ਬਦਾਂ ਦਾ ਮਤਲਬ ਅਸੀਂ ਸਮਝ ਲਿਆ। ਪਰ ਉਹਦੀ ਆਖਰੀ ਤਸਵੀਰ ਕੌਣ ਬਣਾਉਂਦਾ? ਫਿਰ ਵੀ ਸ਼ਹਿਰਯਾਰ ਕਹਿੰਦਾ ਏ, ''ਸਾਡੇ ਸਾਰਿਆਂ ਦੇ ਦਿਲ ਵਿਚ ਉਹਦੀ ਤਸਵੀਰ ਉਤਰ ਚੁੱਕੀ ਏ। ਸਾਂਵਲਾ ਰੰਗ, ਹੱਸਦਾ ਚਿਹਰਾ, ਲੰਮੀਆਂ ਪਲਕਾਂ ਵਾਲੀਆਂ ਬੇਚੈਨ ਜੇਹੀਆਂ ਅੱਖਾਂ। ਆਪ ਹੱਸਦਾ ਤਾਂ ਅੱਖਾਂ ਵੀ ਹੱਸਦੀਆਂ। ਉਹਦੀਆਂ ਪਤਲੀਆਂ ਪਤਲੀਆਂ ਉਂਗਲਾਂ ਹੁਨਰ-ਮੰਦੀ ਨਾਲ ਲੱਦੀਆਂ ਹੋਈਆਂ। ਕੋਲੇ ਦਾ ਟੋਟਾ ਫੜ ਕੇ ਲੈਲਾ ਦੀਆਂ ਅੱਖਾਂ ਬਣ ਸਕਦੀਆਂ ਸੀ। ਦੋ ਚਾਰ ਲਕੀਰਾਂ ਵਿਚ ਸਾਹਿਬਾਂ ਦੇ ਨਕਸ਼ ਉਭਰ ਆਉਂਦੇ। ਉਹਨਾਂ ਉਸ ਖੂਬਸੂਰਤ ਆਰਟ ਨੂੰ ਫਾਂਸੀ ਦੇ ਛੱਡੀ? ਹਾਂ ਉਹਦੀ ਫਾਂਸੀ ਪਿੱਛੋਂ ਜੇਲ੍ਹ ਵਿਚ ਸਾਰਿਆਂ ਨੂੰ ਚੁੱਪ ਲੱਗ ਗਈ। ਫਿਰ ਜਦੋਂ ਖ਼ਤ ਆਇਆ ਤਾਂ ਇਕੱਲੀ ਸੋਗ ਮਨਾਉਂਦੀ ਰਹੀ। ਕਈ ਰਾਤਾਂ ਸੁੱਤੀ ਵੀ ਨਾ। ਤੇ ਉਸਦੀ ਮਾਂ? ਮੈਂ ਬਿਨਾਂ ਸੋਚੇ ਸਮਝੇ ਸਵਾਲ ਕਰ ਦਿੱਤਾ। ਪਰ ਉਹ ਸਵਾਲ ਲਈ ਤਿਆਰ ਸੀ। ਕਹਿਣ ਲੱਗੀ, ''ਮਾਂ ਦਾ ਦੁੱਖ ਦੱਸਣ ਲਈ ਮੇਰੇ ਕੋਲ ਕੋਈ ਖ਼ਤ ਨਹੀਂ। ਪਰ ਬਾਅਦ ਵਿਚ ਜੋ ਖ਼ਤ ਜੇਲ੍ਹ ਵਿਚੋਂ ਆਇਆ, ਉਹ ਬੜਾ ਦੁੱਖ ਦੇਣ ਵਾਲਾ ਸੀ। ਸ਼ਹਿਰਯਾਰ ਨੇ ਉਹਦੀਆਂ ਕਈ ਗੱਲਾਂ ਲਿਖੀਆਂ ਸੀ ਅਤੇ ਆਪਣਾ ਦੁੱਖ ਵੀ। ਇਹ ਵੀ ਭਈ ਜੇ ਉਹਦੇ ਅਖਤਿਆਰ ਵਿਚ ਹੁੰਦਾ ਤਾਂ ਉਹ ਕਲਾਕਾਰ ਦੀ ਮੌਤ ਨਾਲ ਆਪਣੀ ਜਿੰਦਗੀ ਵਟਾ ਲੈਂਦਾ। ਜੇ ਉਹ ਆਪ ਆਜ਼ਾਦ ਹੁੰਦਾ ਤਾਂ ਸ਼ਾਮਲੂ ਨੂੰ ਬਚਾਉਣ ਲਈ ਸੰਘਰਸ਼ ਕਰਦਾ। ਇਕੱਲਾ ਸ਼ਾਮਲੂ ਨਹੀਂ, ਬਹੁਤ ਸਾਰੀਆਂ ਤਸਵੀਰਾਂ ਵੀ ਜੋ ਉਸ ਬਚਾਉਣੀਆਂ ਸਨ। ਹੋਰ ਖਬਰੇ ਕੀ ਕੁਝ ਬਣਾਉਂਦਾਂਹ। ਜੋ ਕਹਿੰਦਾ ਹੁੰਦਾ ਸੀ, ''ਸਾਡੇ ਨਾਲ-ਨਾਲ ਬਹੁਤ ਸਾਰੀਆਂ ਤਸਵੀਰਾਂ ਵੀ ਕੈਦੀ ਨੇ। ਇਹਨਾਂ ਨੂੰ ਆਜ਼ਾਦ ਕਰਾਉਣਾ ਬੜਾ ਜ਼ਰੂਰੀ ਏ। ਹਰ ਇੱਕ ਨਕਸ਼ ਜੋ ਬਣ ਜਾਂਦਾ ਉਹ ਨੇਸਤੀ ਦੀ ਕੈਦ ਵਿਚੋਂ ਨਿਕਲ ਆਉਂਦਾ। ਨੇਸਤੀ ਆਜ਼ਾਦੀ ਏ। ਆਪਣੀ ਹਸਤੀ ਨਾਲ ਹਰ ਇਕ ਨਕਸ਼ ਧਰਤੀ ਦੀ ਰੌਣਕ ਬਣਦਾ ਏ। ਦੁਨੀਆਂ ਨੂੰ ਅਮੀਰੀ ਦਿੰਦਾ ਏ, ਉਸੇ ਤਰ੍ਹਾਂ ਜਿਵੇਂ ਕਿਸੇ ਵਾਹੀ ਬੀਜੀ ਕਰਨ ਵਾਲੇ ਦੇ ਉਗਾਏ ਹੋਏ ਦਾਣੇ, ਖਾਣ ਵਿਚ ਕੰਮ ਕਰਨ ਵਾਲੇ ਦਾ ਕੱਢਿਆ ਲੋਹਾ ਤੇ ਗੋਤਾਖੋਰ ਦਾ ਲੱਭਿਆ ਮੋਤੀ, ਇਨਸਾਨ ਦੀ ਸਾਰੀ ਕਮਾਈ ਆਜ਼ਾਦੀ ਨਾਲ ਹੋਵੇ ਤਾਂ ਬਰਕਤ ਵੀ ਹੁੰਦੀ ਏ, ਖੁਸ਼ੀ ਵੀ। ਇਹੋ ਖੁਸ਼ੀਆਂ ਇਨਸਾਨੀਅਤ ਬਣਾਉਂਦੀਆਂ ਨੇ। ਇਸੇ ਨਾਲ ਸ਼ਹਿਰਾਂ ਨੂੰ ਅਮਨ ਮਿਲਦਾ ਤੇ ਪਿਆਰ ਦਾ ਖਜ਼ਾਨਾ ਕੇਡੀਆਂ ਖੂਬਸੂਰਤ ਗੱਲਾਂ ਕਰਦਾ ਸੀ ਉਹ।''

ਹਾਂ ਸ਼ਾਮਲੂ ਇਸੇ ਤਰ੍ਹਾਂ ਸੋਚਦਾ ਸੀ। ਪਰ ਸ਼ਹਿਰਯਾਰ ਇਹਨਾਂ ਸੋਚਾਂ ਨੂੰ ਲਫ਼ਜ਼ ਦੇ ਕੇ ਖ਼ਤ ਲ਼ੜ ਬੰਨ੍ਹ ਦਿੰਦਾ ਸੀ ਤੇ ਉਨ੍ਹਾਂ ਦੀ ਦੀਦੀ ਲਫ਼ਜ਼ਾਂ ਨੂੰ ਸਾਂਭ-ਸਾਂਭ ਕੇ ਅਲਮਾਰੀ ਵਿਚ ਰੱਖਦੀ ਜਾਂਦੀ'' ਮੈਂ ਉਹਦਾ ਫਿਕਰਾ ਪੂਰਾ ਕੀਤਾ।

ਹਾਂ, ਪਰ ਲਫਜ਼ ਜੋੜ-ਜੋੜ ਰੱਖਣਾ, ਮੇਰਾ ਮਕਸਦ ਨਹੀਂ। ਮਕਸਦ ਤਾਂ ਲਫ਼ਜ਼ਾਂ ਨੂੰ ਆਜ਼ਾਦ ਕਰਨਾ ਏ। ਓਸੇ ਤਰ੍ਹਾਂ ਜਿਵੇਂ ਸ਼ਾਮਲੂ ਤਸਵੀਰਾਂ ਨੂੰ ਆਜ਼ਾਦ ਕਰਨਾ ਚਾਹੁੰਦਾ ਸੀ। ਉਹਨੇ ਗੱਲਾਂ ਕਰਦੀ ਨੇ ਉੱਠ ਕੇ ਅਲਮਾਰੀ ਵਿਚੋਂ ਕੁਝ ਲੱਭਿਆ। ਸ਼ਾਮਲੂ ਦਾ ਬਣਾਇਆ ਹੋਇਆ ਆਖਰੀ ਖਾਕਾ, ਮੌਤ, ਕੋਠੜੀ ਵਿਚ ਬੈਠ ਕੇ ਉਹਨੇ ਇਕ ਅੱਖ ਵਾਲੇ ਦੀ ਤਸਵੀਰ ਬਣਾਈ.... ਉਹ ਫਾਂਸੀ ਤੇ ਲਟਕ ਰਿਹਾ ਸੀ, ਉਹਦੀ ਲੰਮੀ ਜ਼ੁਬਾਨ ਲਮਕ ਰਹੀ ਸੀ। ਉਹਦੇ ਲੰਮੇ-ਲੰਮੇ ਦੰਦ ਜ਼ੁਬਾਨ ਵਿਚ ਗੱਡੇ ਹੋਏ ਸੀ। ਮੈਂ ਕਾਣੇ ਜਿੰਨ ਨੂੰ ਨੰਗੇ ਮੂੰਹ ਫਾਂਸੀ ਦੇਵਾਂਗਾ। ਉਹ ਕਹਿੰਦਾ ਹੁੰਦਾ ਸੀ। ਪਰ ਉਸੇ ਰਾਤ ਕਾਲੇ ਜਿੰਨ ਨੇ ਉਹਦੇ ਖੂਬਸੂਰਤ ਚਿਹਰੇ ਉੱਤੇ ਕਾਲਾ ਗਲਾਫ਼ ਚੜ੍ਹਾ ਕੇ ਉਹਨੂੰ ਫਾਂਸੀ ਦੇ ਦਿੱਤੀ।

ਇਹ ਲਫ਼ਜ਼ ਸੁਣ ਕੇ ਮੇਰਾ ਦਿਲ ਹਿੱਲ ਗਿਆ। ਰੱਬਾ! ਕਿੰਨੇ ਦੁੱਖ ਨੇ ਤੇਰੀ ਦੁਨੀਆਂ ਵਿਚ। ਤਾਹੀਓਂ ਮੈਂ ਉਹਦੀ ਆਵਾਜ਼ ਸੁਣੀ। ਉਹ ਬੋਲੀ ਜਾ ਰਹੀ ਸੀ..... ਉਹ ਫਨਕਾਰ ਸੀ, ਆਰੰਭ ਤੋਂ ਅਖੀਰ ਤੀਕ। ਬਿਨਾਂ ਸਿਖੇ, ਪੈਗੰਬਰ ਵਾਂਗ। ਉਹਨੂੰ ਕਿਸੇ ਪੜ੍ਹਾਇਆ ਲਿਖਾਇਆ ਨਹੀਂ। ਪਰ ਉਹ ਬੜਾ ਹੀ ਹੁਨਰਮੰਦ ਸੀ। ਸ਼ਹਿਰਯਾਰ ਨੇ ਆਪਣੇ ਕਿਸੇ ਖ਼ਤ ਵਿਚ ਲਿਖਿਆ ਸੀ, ''ਸ਼ਾਮਲੇ ਖਾਬ ਵਿਚ ਤਸਵੀਰਾਂ ਬਣਾਉਂਦਾ ਰਹਿੰਦਾ। ਗੱਲਾਂ ਵੀ ਕਰਦਾ। ਉਹ ਕਹਿੰਦਾ ਸੀ, ਜਦ ਵੀ ਉਹਦੀ ਅੱਖ ਲੱਗੇ ਕੋਈ ਨਾ ਕੋਈ ਤਸਵੀਰ ਸਾਹਮਣੇ ਆ ਖਲੋਂਦੀ ਏ। ਸਗੋਂ ਗ਼ਲ ਪੈਂਦੀ 'ਮਨਾ ਮੈਨੂੰ, ਮੇਰੇ ਹਿੱਸੇ ਦੇ ਰੰਗ ਨਕਸ਼ ਦੇ ਦੇ।'' ਉਹਦੀ ਆਵਾਜ਼ ਬੈਠ ਗਈ। ਅੱਖਾਂ ਭਰ ਆਈਆਂ। 'ਹਿਰਖ ਦੀ ਗੱਲ ਏ। ਉਹ ਕਹਿਣ ਲੱਗੀ, ਅਖ਼ੀਰ ਵੇਲੇ ਉਹਨੂੰ ਆਪਣੇ ਮਸੱਵਰ ਹੋਣ ਦਾ ਪਛਤਾਵਾ ਲੱਗ ਗਿਆ ਸੀ।

''ਕੇਡੀ ਬੁਰੀ ਗੱਲ ਏ, ਉਹ ਕਹਿੰਦਾ, ''ਮੈਂ ਤਾਂ ਗੁੱਠੇ ਲੱਗਾ ਰੰਗ ਘੋਲਦਾ ਰਿਹਾ। ਉਹਨਾਂ ਮੇਰੇ ਤੇ ਬੰਬ ਦਾ ਕੇਸ ਬਣਾ ਦਿੱਤਾ। ਚੰਗਾ ਹੁੰਦਾ ਮੈਂ ਬਾਰੂਦ ਬਣਾਉਂਦਾ ਬੰਦੂਕ ਚੁੱਕਦਾ ਤੇ ਫਾਂਸੀਆਂ ਦੇਣ ਵਾਲੇ ਜਰਗੇ ਵਿਚੋਂ ਕਿਸੇ ਨੂੰ ਭੁੰਨ ਕੇ ਰੱਖ ਦਿੰਦਾ। ਇਸ ਤਰ੍ਹਾਂ ਮੇਰੇ ਦਿਲ ਵਿਚ ਉਬਾਲ ਨਾ ਉੱਠਦੇ। ਮੇਰੇ ਮਰਨ ਦਾ ਕੋਈ ਜਵਾਬ ਤਾਂ ਹੁੰਦਾ। ਕਿਸੇ ਚੰਗੇ ਕੰਮ ਵਾਸਤੇ ਮੇਰੀ ਜਾਨ ਗਈ ਹੁੰਦੀ। ਇਹ ਪਛਤਾਵਾ ਉਹਦਾ ਸੀ ਜੋ ਆਪਣੀ ਅਣਖ ਵਾਸਤੇ ਜਾਨ ਦੇ ਗਿਆ।

ਹੁਣ ਅਸੀਂ ਦੋਵੇਂ ਜ਼ਨਾਨੀਆਂ ਚੁੱਪ ਚਾਪ ਬੈਠੀਆਂ, ਅੰਦਰੋਂ ਅੰਦਰੀਂ ਸੋਚ ਰਹੀਆਂ ਸੀ। ਕਾਸ਼, ਏਥੇ ਇਨਸਾਫ ਹੁੰਦਾ! ਕਾਸ਼ ਉਹ ਜਿਊਂਦਾ ਰਹਿੰਦਾ ਤਾਂ ਕਿੰਨੀਆਂ ਤਸਵੀਰਾਂ ਆਜ਼ਾਦ ਕਰਵਾ ਲੈਂਦਾ। ਦੇਸ਼ ਨੂੰ ਅਮੀਰ ਬਣਾਉਂਦਾ। ਹੁਣ ਕੀ ਰਹਿ ਗਿਆ? ਕਿੰਨੀਆਂ ਤਸਵੀਰਾਂ ਉਹਦੇ ਨਾਲ ਸੂਲੀ ਚੜ੍ਹ ਗਈਆਂ। ਪਤਾ ਨਹੀਂ ਅੱਗੇ ਕੋਈ ਜੜ੍ਹ ਲੱਗੇ ਨਾ ਲੱਗੇ। ਪੁਰਾਣੇ ਦਰੱਖਤ ਦੇ ਤਣੇ ਉੱਤੇ ਉਹਨੇ ਜੋ ਤਸਵੀਰ ਬਣਾਈ ਸੀ, ਉਹ ਵੱਡੀ ਥੀਸੀ ਕਿ ਨਾ ਥੀਸੀ। ਜੇਲ੍ਹ ਵਾਲਿਆਂ ਦਾ ਕੀ ਏ। ਉਹ ਤਾਂ ਨਵੇਂ ਬੂਟੇ ਵੀ ਉਖਾੜ ਦਿੰਦੇ ਨੇ। ਭਾਵੇਂ ਸ਼ਾਮਲੋ ਨੂੰ ਪੂਰਾ ਯਕੀਨ ਸੀ, ''ਉਹ ਬਾਲਕ ਜ਼ਰੂਰ ਜਵਾਨ ਹੋਵੇਗਾ। ਜ਼ਰੂਰ ਸੂਰਜ ਵਿਆਹ ਕੇ ਘਰ ਆਵੇਗਾ।''

(ਚਲਦਾ)

# ਸਾਹਿਤਕ ਪੈੜਾਂ

## ਇਕ ਸੁਚੱਜਾ ਕਵੀ 'ਮੋਮਨ'

ਭਾਰਤ ਵਿਚ ਤੇ ਪਾਕ ਵਿਚ ਗ਼ਜ਼ਲ ਦਾ ਵਿਕਾਸ ਨਹੀਂ ਹੋ ਰਿਹਾ, ਬਦੇਸ਼ਾਂ ਵਿਚ ਵੀ ਬੜੇ ਸੁਲਝੇ ਹੋਏ ਗ਼ਜ਼ਲਗੋ ਬੈਠੇ ਹਨ ਜੋ ਗ਼ਜ਼ਲ ਦੇ ਵਿਕਾਸ ਵਿਚ ਯੋਗ ਹਿੱਸਾ ਪਾ ਰਹੇ ਹਨ। ਈਸ਼ਰ ਸਿੰਘ ਮੋਮਨ ਅਮਰੀਕਾ ਦੀ ਕੈਲੇਫੋਰਨੀਆ ਸਟੇਟ ਵਿਚ ਰਹਿ ਰਹੇ ਗ਼ਜ਼ਲਗੋਆਂ ਵਿਚ ਇਕ ਵਿਸ਼ੇਸ਼ ਨਾਮ ਹੈ। ਉਸਦੇ ਸ਼ਿਅਰ ਵੀ ਉਸਦੇ ਸੁਭਾਅ ਵਾਂਗ ਬੜੇ ਸਾਦ-ਮੁਰਾਦੇ, ਸਲੀਸ ਪਰ ਅਰਥ-ਭਰਪੂਰ ਤੇ ਗਹਿਰ ਗੰਭੀਰ ਹਨ।

ਉਸਦੀਆਂ ਗ਼ਜ਼ਲਾਂ ਦੀ ਕੈਨਵਸ ਸੁਸੀਮ ਤੇ ਛੋਟੀ ਨਹੀਂ ਬਲਕਿ ਜ਼ਿੰਦਗੀ ਦੇ ਹਰ ਰੰਗ ਤੇ ਸਰੋਕਾਰ ਸਮੋਈ ਬੈਠੀ ਹੈ।

ਮੋਮਨ ਦੀਆਂ ਗ਼ਜ਼ਲਾਂ ਭਾਵੇਂ ਪ੍ਰੰਪਰਈ ਹਨ ਪਰ ਉਸਦੀ ਸਾਦਾ ਭਾਸ਼ਾ, ਮੁਹਾਵਰੇ, ਪਰਬਚਨ-ਮਈ ਸ਼ਿਅਰ ਸਰਾਹਣ ਯੋਗ ਹਨ।

ਸਿਆਸੀ ਲੋਕਾਂ ਦੀ ਚਾਲਬਾਜ਼ੀ, ਜੁਗਾੜਬੰਦੀ, ਬਦਚਲਨੀ ਵੀ ਉਸਦੀ ਨਜ਼ਰ ਤੋਂ ਛੁਪੀ ਨਹੀਂ, ਉਹ ਉਹਨਾਂ ਤੇ ਭਰਪੂਰ ਵਿਅੰਗ ਰਾਹੀਂ, ਕਦੇ ਚੋਭ ਰਾਹੀਂ, ਕਦੀ ਮਸ਼ਕਰੀ ਰਾਹੀਂ ਅੰਜਾਮ ਦਿੰਦਾ ਹੈ।

ਉਸਦੇ ਕੁਝ ਸ਼ਿਅਰ ਵੇਖੋ:

ਰੰਗ ਬਰੰਗੇ ਭਾਸ਼ਣ ਦੇਈਏ, ਭਾਸ਼ਣ ਦੇਈਏ ਪੂਰੇ,
ਜਿੱਤਣ ਦੇ ਲਈ ਤਰਲੇ ਕਰੀਏ ਜਿੱਤ ਕੇ ਮੁਕਰ ਜਾਈਏ।

ਰੱਖੀਏ ਸਿਰ ਮੂੰਹ ਉੱਚਾ ਕਰਕੇ ਕਾਰ ਬਿਨਾਂ ਨਾ ਤੁਰੀਏ,
ਚੂੜੀਦਾਰ ਪਜ਼ਾਮਾ ਜਾ ਕੇ ਦਰਜ਼ੀ ਤੋਂ ਸਲਵਾਈਏ।

ਮੋਮਨ ਦੇ ਉਸਤਾਦਾਨਾ ਸ਼ਿਅਰ ਪੜ੍ਹਨ ਵਾਲੇ ਵੀ ਨੇ ਮਾਨਣ ਵਾਲੇ ਵੀ ਨੇ। ਇਹ ਸ਼ਿਅਰ ਕਿਤੇ ਖੁਸ਼ੀ ਪ੍ਰਦਾਨ ਕਰਦੇ ਹਨ ਕਿਤੇ ਹਸਾਉਂਦੇ ਨੇ ਤੇ ਕਿਤੇ ਗ਼ਮਗੀਨ ਵੀ ਕਰਦੇ ਹਨ।

**– ਜਗਤਾਰ**

# ਈਸ਼ਰ ਸਿੰਘ 'ਮੋਮਨ'



ਈਸ਼ਰ ਸਿੰਘ 'ਮੋਮਨ' ਤਖ਼ੱਲਸ ਵਜੋਂ ਹੀ ਮੋਮਨ ਨਹੀਂ, ਉਹ ਸੁਭਾਅ ਤੇ ਵਰਤਾਓ ਵਿਚ ਵੀ ਮੋਮਨ ਹੈ। 'ਮਿੱਠਤ' ਤੇ 'ਨਿਮਰਤਾ' ਜਿਹੇ ਸਦ-ਗੁਣਾਂ ਦਾ ਉਹ ਧਾਰਣੀ ਹੈ ਤੇ ਪਰਿਵਰਦਿਗਾਰ ਵਿਚ ਉਹਦਾ ਪੂਰਾ ਵਿਸ਼ਵਾਸ ਹੈ। ਅਜਿਹੇ ਗੁਣ ਕੇਵਲ ਕਿਸੇ ਮੋਮਨ ਵਿਚ ਹੀ ਹੋ ਸਕਦੇ ਹਨ। ਉਹ ਸਭ ਨਾਲ ਪਿਆਰ ਨਾਲ ਵਰਤਦਾ ਹੈ, ਇੱਥੋਂ ਤੱਕ ਕਿ ਮੇਰੇ ਜਿਹੇ ਮੁਨਕਰਾਂ ਨੂੰ ਵੀ ਜੱਫੀ ਪਾ ਕੇ ਮਿਲਦਾ ਹੈ। ਮੋਮਨ ਦੀ ਸ਼ਖ਼ਸੀਅਤ ਵਿਚੋਂ ਹੀ ਉਸ ਦੀ ਸ਼ਾਇਰੀ ਜਨਮ ਲੈਂਦੀ ਹੈ ਤੇ ਦੋਹਾਂ ਦਾ ਮੁਹਾਂਦਰਾ ਆਪਸ ਵਿਚ ਕਾਫ਼ੀ ਮਿਲਦਾ ਹੈ। ਪਿਆਰ, ਮਿਠਾਸ, ਹਲੀਮੀ ਤੇ ਸਦਭਾਵਨਾ ਉਸ ਦੀ ਕਵਿਤਾ ਦਾ ਸ਼ਿੰਗਾਰ ਹਨ। ਕਵਿਤਾ ਉਹਨੇ ਉਰਦੂ ਪੰਜਾਬੀ ਦੋਹਾਂ ਜ਼ੁਬਾਨਾਂ ਵਿਚ ਲਿਖੀ ਹੈ। ਇਸ ਦਾ ਮੂਲ-ਰੂਪ 'ਗ਼ਜ਼ਲ' ਹੈ ਜਿਸ ਦੀ ਕਲਾ ਉਤੇ ਉਸ ਨੂੰ ਅਬੂਰ ਹਾਸਲ ਹੈ।

ਹਰ ਕੋਈ ਆਪਣੇ ਰੱਬ ਤੋਂ ਸੁੱਖ ਤੇ ਆਰਾਮ ਦੀ ਮੰਗ ਕਰਦਾ ਹੈ ਪਰ ਮੋਮਨ ਦੀਆਂ ਇਨ੍ਹਾਂ ਤੋਂ ਛੁੱਟ ਕੁਝ ਹੋਰ ਵੀ ਮੰਗਾਂ ਹਨ। 'ਗ਼ਜ਼ਲ-ਗੁਲਜ਼ਾਰ' ਦੀ ਪਹਿਲੀ ਗ਼ਜ਼ਲ ਵਿਚ ਉਹ ਅਰਦਾਸ ਕਰਦਾ ਹੈ:-

ਦਿਲ ਜੇ ਤੇਰਾ ਦੇਣ ਉਤੇ ਆ ਗਿਆ, ਤਾਂ ਤੂੰ ਮੈਨੂੰ ਸੁੱਖ ਦੇ ਆਰਾਮ ਦੇ।
ਮਿਹਰ ਕਰਕੇ ਮਿਹਰਬਾਨੀ ਹੋਰ ਕਰ, ਇਲਮ ਦੇ ਤੂੰ ਅਕਲ ਦੇ, ਇਲਹਾਮ ਦੇ।
ਤੂੰ ਕਵੀ ਦੀ ਕਲਮ ਨੂੰ ਤੌਫ਼ੀਕ ਦੇ, ਮਨ ਨੂੰ ਧੋ ਕੇ ਆਤਮਾ ਨੂੰ ਸ਼ੁਧ ਕਰ,
ਦੇਖ ਕੇ ਈਮਾਨਦਾਰੀ 'ਮੋਮਨਾ' ਤੂੰ ਮੁਹੱਬਤ ਦਾ ਛਲਕਦਾ ਜਾਮ ਦੇ।

ਮੋਮਨ ਦੀ ਦੁਆ ਦਰਗਾਹੇ ਕਬੂਲ ਹੋ ਗਈ ਜਾਪਦੀ ਹੈ ਜਿਸ ਦਾ ਸਬੂਤ ਹੈ ਉਹਦਾ ਜ਼ਾਲਮਾਂ ਵਿਰੁੱਧ ਮਜ਼ਲੂਮਾਂ ਤੇ ਗਰੀਬਾਂ ਦੇ ਹੱਕ ਵਿਚ ਖਲੋਣਾ। ਉਹ ਕਹਿੰਦਾ ਹੈ:-

''ਲੋਕੀਂ ਕਰਦੇ ਨੇ ਉੱਚਿਆਂ ਚੁਬਾਰਿਆਂ ਦੀ ਗੱਲ,
ਆਪਾਂ ਕਰਦੇ ਹਾਂ ਕੁਲੀਆਂ ਤੇ ਢਾਰਿਆਂ ਦੀ ਗੱਲ।
ਰੁੱਖੀ ਸੁੱਕੀ ਖਾ ਕੇ ਹਾਂ ਜਹਾਨ ਪਾਲਦੇ,
ਅਸੀਂ ਕਰਦੇ ਹਾਂ ਉਨ੍ਹਾਂ ਹੀ ਬੇਚਾਰਿਆਂ ਦੀ ਗੱਲ।''

ਉਹ 'ਉਪਰੋਂ' ਮਿਲੀ ਦਾਤ ਨੂੰ ਆਪਣੇ ਤੱਕ ਹੀ ਸੀਮਤ ਨਹੀਂ ਰੱਖਦਾ ਸਗੋਂ ਇਹਨੂੰ ਸੰਦੇਸ਼ ਦੇ ਰੂਪ ਵਿਚ ਢਾਲ ਕੇ ਆਪਣੇ ਪਾਠਕਾਂ ਅੱਗੇ ਪੇਸ਼ ਕਰ ਦਿੰਦਾ ਹੈ-

ਸੁਣਿਆ ਕਰ ਕੁਝ ਦੱਸਿਆ ਕਰ, ਰੁੱਸ ਰੁੱਸ ਕੇ ਨਾ ਨੱਸਿਆ ਕਰ।
ਚੰਗੀ ਗੱਲ ਨੂੰ ਸੁਣਿਆ ਕਰ, ਐਵੇਂ ਤੀਰ ਨਾ ਕੱਸਿਆ ਕਰ।
ਕੱਢ ਕੇ ਕੌੜ ਕੁੜੱਤਣ ਨੂੰ, ਨਾਗਾਂ ਵਾਂਗ ਨਾ ਡੱਸਿਆ ਕਰ।
ਦਿਲ ਨਹੀਂ ਕਦੀ ਦੁਖਾਈ ਦਾ, ਅੰਦਰ ਦਿਲ ਦੇ ਵੱਸਿਆ ਕਰ।

ਮੋਮਨ ਸਮਾਜ ਵਿਚ ਫੈਲੇ ਦੰਭ ਫ਼ਰੇਬ ਤੇ ਲੜਾਈ ਝਗੜਿਆਂ ਤੋਂ ਦੁਖੀ ਹੋ ਕੇ ਬੜੀ ਬੇਬਾਕੀ ਨਾਲ ਇਸ ਦੀ ਤਸਵੀਰ ਕਸ਼ੀ ਕਰਦਾ ਹੈ:-

''ਇਸ ਸਮੇਂ ਤਾਂ ਕੂੜ ਹੀ ਪ੍ਰਧਾਨ ਹੈ, ਸੱਚ ਦਾ ਆਕਾਰ ਘਟਦਾ ਜਾ ਰਿਹਾ।
ਦਿਨੋ ਦਿਨੀ ਨਫ਼ਰਤ 'ਚ ਵਾਧਾ ਹੋ ਰਿਹਾ, ਏਕਤਾ ਉਪਚਾਰ ਘਟਦਾ ਜਾ ਰਿਹਾ।

ਕੀਰਤ ਵਿਖਿਆਨ ਵਧਦੇ ਜਾ ਰਹੇ, ਅਮਲ ਤੇ ਉਪਕਾਰ ਘਟਦਾ ਜਾ ਰਿਹਾ।
ਕਦਰ ਨਹੀਂ ਬੰਦੇ ਦੀ ਬੰਦਾ ਕਰ ਰਿਹਾ, ਬੰਦਿਆਂ ਵਿਚ ਪਿਆਰ ਘਟਦਾ ਜਾ ਰਿਹਾ।''

ਸਮਾਜ ਦੇ ਨੇਤਾਵਾਂ ਬਾਰੇ ਕਹਿੰਦਾ ਹੈ:-

''ਕੌਣ ਕਰਦਾ ਹੈ ਇਕਰਾਰ ਵਾਲੀ ਗੱਲ, ਸੌਦੇਬਾਜ਼ੀਆਂ ਜਾਂ ਵਪਾਰ ਵਾਲੀ ਗੱਲ।
ਉਤੋਂ ਹੇਜ ਤੇ ਪਿਆਰ ਦੀ ਮਿਸਾਲ ਦੇਣਗੇ, ਵਿਚੋਂ ਕਰਦੇ ਨੇ ਸਾਰੇ ਕਾਰੋਬਾਰ ਵਾਲੀ ਗੱਲ।''

ਅਤੇ ਹਾਲਤ ਇੱਥੋਂ ਤੱਕ ਵਿਗੜ ਚੁੱਕੀ ਹੈ ਕਿ-

''ਸਾਧੂ ਪੂਰਾ ਸਾਧ ਹੈ ਨਹੀਂ, ਚੋਰ ਪੂਰਾ ਚੋਰ ਹੈ।
ਕਾਤਲਾਂ ਦੇ ਹੱਥ ਵਿਚ ਕਾਨੂੰਨ ਦੀ ਹੁਣ ਡੋਰ ਹੈ।''

ਪਰ ਅਜਿਹਾ ਕਿਉਂ? ਜਦ ਕਿ-

''ਇਕ ਬਾਪੂ ਦੇ ਸਾਰੇ ਬੱਚੇ, ਸਭਨਾ ਦੀ ਹੈ ਇਕੋ ਮਾਂ''

ਇਸ ਸੋਚ ਤੋਂ ਬਾਅਦ ਮੋਮਨ ਪ੍ਰਣ ਕਰਦਾ ਹੈ:-

''ਮੈਂ ਨਗਮੇ ਅਮਨ ਦੇ ਹੀ ਗਾਂਦਾ ਹਾਂ,
ਮੈਂ ਦੁੱਖਾਂ ਵਿਚ ਹੀ ਮੁਸਕਰਾਂਦਾ ਰਹਾਂਗਾ।
ਮੈਂ ਨੱਚਾਂਗਾ ਬੰਬਾਂ 'ਤੇ ਬੇਧੜਕ ਹੋ ਕੇ,
ਮੈਂ ਤੋਪਾਂ ਨੂੰ ਨੱਚ ਕੇ ਨਚਾਂਦਾ ਰਹਾਂਗਾ।
ਅਮਨ ਦਾ ਪੁਜਾਰੀ ਹਾਂ ਏਕਾ ਦਾ ਹਾਮੀ, ਮੈਂ ਵਿਛੜੇ ਦਿਲਾਂ ਨੂੰ ਨਚਾਂਦਾ ਰਹਾਂਗਾ।
ਐ 'ਮੋਮਨ' ਮੈਂ ਕਰਨੀ ਏ ਖ਼ੁਦਾਈ ਦੀ ਪੂਜਾ, ਸਦਾ ਸਿਦਕ ਆਪਣਾ ਨਿਭਾਂਦਾ ਰਹਾਂਗਾ।''

ਅਤੇ ਹੋਰਨਾਂ ਅੱਗੇ ਉਸ ਦੀ ਅਰਜ਼ੋਈ ਹੈ ਕਿ ਲੜਾਈ ਝਗੜੇ ਛੱਡੋ ਤੇ-

''ਯਾਰੋ ਮਸਲੇ ਹੱਲ ਕਰੋ, ਆਪਸ ਦੇ ਵਿਚ ਗੱਲ ਕਰੋ।
ਏਕਾ ਬੜਾ ਜ਼ਰੂਰੀ ਹੈ, ਅੱਜ ਕਰੋ ਜਾਂ ਕੱਲ ਕਰੋ।
ਜੀਉ ਅਤੇ ਜੀਣ ਦਿਉ, ਐਵੇਂ ਨਾ ਚਲ ਚਲ ਕਰੋ।
ਇਕ ਦੂਜੇ ਦੇ ਗਲੇ ਮਿਲੇ, ਐਵੇਂ ਨਾ ਦਲ ਦਲ ਕਰੋ।''

ਮੋਮਨ ਦੀ ਕਵਿਤਾ ਵਿਚ ਸ਼ਰਾਬ, ਸਾਕੀ ਤੇ ਜਾਮ ਦਾ ਜ਼ਿਕਰ ਵੀ ਹੈ ਪਰ ਇਹ ਉਹਦੀ ਕਾਫ਼ਿਰਾਨਾ ਅਦਾ ਨਹੀਂ। ਇਸ ਵਿਚ ਵੀ ਕੋਈ ਰਮਜ਼ ਹੈ। ਮੋਮਨ ਦੀ ਸ਼ਰਾਬ ਕਾਫ਼ਰਾਂ ਦੀ ਸ਼ਰਾਬ ਨਾਲੋਂ ਵੱਖਰੀ ਹੈ-

''ਮੋਮਨ ਹਾਂ ਮੈਂ ਪੀਆਂਗਾ, ਨਾ ਸ਼ੋਰ ਪਾਵੋ ਕਾਫ਼ਰੋ।
ਪਾਣੀ 'ਚ ਪਾ ਅੱਗ ਨਾ, ਮੈਨੂੰ ਪਿਲਾਵੋ ਕਾਫ਼ਰੋ।
ਮਹਿਫ਼ਲ ਇਲਾਹੀ ਦੀ ਪਿਆਲੀ ਨਾ ਭੁਲਾਵੋ ਕਾਫ਼ਰੋ।
ਪੀਆਂਗਾ ਜਿਸਦੀ ਖੁਮਾਰੀ ਹਸ਼ਰ ਤੋੜੀ ਰਹੇਗੀ,
ਹੈ ਕਿਸੇ ਦੇ ਕੋਲ ਤਾਂ, ਛੇਤੀ ਲਿਆਵੋ ਕਾਫ਼ਰੋ।''

ਮੋਮਨ ਪਿਆਰ ਭਾਵਨਾ ਸਦਕਾ ਪੀਣ ਵਾਲੇ ਕਾਫ਼ਰਾਂ ਨੂੰ ਨਫ਼ਰਤ ਨਹੀਂ ਕਰਦਾ ਕਿਉਂਕਿ -

''ਲੋਕਾਂ ਦੀ ਰੱਦ ਪੀਣ ਨਾਲੋਂ, ਇਹ ਪੀਣੀ ਨਹੀਂ ਮਾੜੀ,
ਰਤਨ ਚੌਧਵਾਂ ਇਸ ਨੂੰ ਕਹਿੰਦੇ, ਇਹ ਗੱਲ ਰਟ ਕੇ ਪੀਵਾਂ।''

ਮੋਮਨ ਦੀਆਂ ਗ਼ਜ਼ਲਾਂ ਦਾ ਇਕ ਹੋਰ ਰੰਗ ਉਨ੍ਹਾਂ ਵਿਚਲਾ 'ਹਾਸ-ਰਸ' ਹੈ, ਕਿਤੇ ਟੋਕਾਂ, ਕਿਤੇ ਗੁਝਵਾਂ ਹਾਸਾ ਤੇ ਕਿਤੇ ਖੁੱਲ੍ਹਾ ਡੁੱਲ੍ਹਾ। ਹਾਸਾ ਜੀਵਨ ਵਿਚ ਖੇੜਾ ਲਿਆਉਂਦਾ ਹੈ ਅਤੇ ਇਹੋ ਹੀ 'ਮੋਮਨ' ਦਾ ਉਦੇਸ਼ ਹੈ। ਅਸੀਂ ਉਹਦੀ ਲੰਮੀ ਉਮਰ ਤੇ ਜ਼ੋਰ-ਕਲਮ ਲਈ ਅਰਦਾਸ ਕਰਦੇ ਹਾਂ।

**– ਪ੍ਰੋ. ਗੁਰਬਖ਼ਸ਼ ਸਿੰਘ ਸਚਦੇਵ**

## ਮਨੁੱਖੀ ਭਾਵਨਾਵਾਂ ਦਾ ਸ਼ਾਇਰ 'ਮੋਮਨ'

ਕੋਈ ਵੀ ਕਲਾਕਾਰ ਜਦ ਕਿਸੇ ਵਸਤੂ ਨੂੰ ਨਿਹਾਰਦਾ ਹੈ ਤਾਂ ਆਪਣੇ ਅੰਦਰ ਵਸਣ ਰਸਣ ਦਿੰਦਾ ਹੈ। ਉਸਦੀ ਹੋਂਦ ਨੂੰ ਮਹਿਸੂਸਦਾ ਹੋਇਆ ਉਸਦੇ ਨੈਣ-ਨਕਸ਼ ਵਾਰ ਵਾਰ ਘੜਦਾ ਹੈ ਤਰਾਸ਼ਦਾ ਹੈ। ਆਪਣੀ ਕਲਾ ਸ਼ੈਲੀ ਰਾਹੀਂ ਉਸਨੂੰ ਮੁੜ ਰੁਪਾਂਤਰਿਤ ਕਰਦਾ ਹੈ ਤੇ ਹੋਰ ਵੀ ਸੁੰਦਰ ਰੂਪ 'ਚ ਪੇਸ਼ ਕਰਦਾ ਹੈ ਕਿਉਂਕਿ ਇਸ ਵਿਚ ਉਸਦੀ ਕਲਪਨਾ ਤੇ ਅਨੁਭਵ ਵੀ ਸ਼ਾਮਿਲ ਹੁੰਦੇ ਨੇ। ਇਸ ਤਰ੍ਹਾਂ ਜਾਣੇ ਅਣਜਾਣੇ ਕਲਾਕਾਰ ਦੀ ਸ਼ਖ਼ਸੀਅਤ ਵੀ ਉਸਦੀ ਮੋਮਨ ਦੀ ਸ਼ਖ਼ਸੀਅਤ ਸਾਦਗੀ ਤੇ ਸਦਾਕਤ ਨਾਲ ਸਜੀ ਹੋਈ ਸ਼ਖ਼ਸੀਅਤ ਹੈ। ਉਹ ਸ਼ਾਂਤ ਸੁਭਾਅ ਦਾ ਮਾਲਕ ਹੈ। ਅਨੰਦ ਵਿਚ ਰਸਿਆ ਹੋਇਆ। ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਵਾਲਾ।

ਉਸਦੀ ਸ਼ਾਇਰੀ ਵਿਚ ਮਨੁੱਖ ਦੇ ਸਾਂਝੇ ਦੁੱਖ ਸੁੱਖ ਦੀ ਪੇਸ਼ਕਾਰੀ ਹੈ। ਉਸ ਦਾ ਅੰਦਾਜ਼ ਬੇਹੱਦ ਸਾਦਾ 'ਤੇ ਸਪਸ਼ਟ ਹੈ। ਆਪਣੇ ਆਪ ਨੂੰ ਨਿਵੇਕਲਾ ਸਾਬਤ ਕਰਨ ਦੀ ਥਾਂ ਉਹ ਰਵਾਇਤੀ ਰੰਗ ਵਿਚ ਹੀ ਲਿਖਦਾ ਹੈ। ਪਰ ਤਸੱਲੀ ਵਾਲੀ ਗੱਲ ਇਹ ਹੈ ਕਿ ਉਸਦੇ ਇਸ ਰੰਗ ਵਿਚ ਕਸ਼ਿਸ਼ ਹੈ, ਸ਼ੇਅਰ ਬਾ-ਮੁਹਾਵਰਾ ਤੇ ਅਸਰ ਭਰਪੂਰ ਹਨ। ਸ਼ੇਅਰਾਂ ਵਿਚ ਸਹਿਜ ਤੇ ਰਵਾਨੀ ਹੈ।

ਜ਼ਿੰਦਗੀ ਦੇ ਉਹਨਾਂ ਮੁੱਲਾਂ ਦੀ ਗੱਲ ਉਸਨੇ ਕੀਤੀ ਹੈ ਭੌਤਿਕ ਬਦਲਾਅ ਨਾਲ ਵੀ ਨਹੀਂ ਬਦਲਦੇ। ਮਨੁੱਖੀ ਭਾਵਨਾਵਾਂ-ਮੁਹੱਬਤ, ਸਾਂਝ, ਦਇਆ, ਸਚਾਈ, ਇਮਾਨਦਾਰੀ, ਕੁਰਬਾਨੀ, ਬਿਰਹਾ ਆਦਿ ਜਜ਼ਬਿਆਂ ਨੂੰ ਪੇਸ਼ ਕਰਨ ਵੱਲ ਰੁਚਿਤ ਹੈ। ਸਗੋਂ ਇਹ ਕਹਿਣਾ ਬਣਦਾ ਹੈ ਕਿ ਇਨ੍ਹਾਂ ਸਰੋਕਾਰਾਂ ਦੇ ਇਰਦ-ਗਿਰਦ ਹੀ ਉਸਦੀ ਸਮੁੱਚੀ ਸ਼ਾਇਰੀ ਕੇਂਦਰਿਤ ਹੈ।

''ਕਿਸੇ ਨੂੰ ਕੀ ਪਤਾ ਤੇਰੇ ਨਾਲ ਦਾ ਹੈ ਕੌਣ
ਤੈਨੂੰ ਇਨ੍ਹਾਂ ਮੇਲਿਆਂ 'ਚੋਂ ਭਾਲਦਾ ਹੈ ਕੌਣ।''
''ਹਰ ਗਲੀ ਬਾਜ਼ਾਰ ਅੰਦਰ ਇਸ ਤਰ੍ਹਾਂ ਦਾ ਸ਼ੋਰ ਹੈ
ਸਾਧ ਪੂਰਾ ਸਾਧ ਹੈ ਨਹੀਂ, ਚੋਰ ਪੂਰਾ ਚੋਰ ਹੈ।''

''ਕੀ ਟੁੱਟਦੇ ਸਵਾਸਾਂ ਨੂੰ ਦੇਣਾ ਸਹਾਰਾ
ਤੁਸੀਂ ਮੇਰੀ ਅਰਥੀ ਸਜਾਉ ਤੇ ਹੱਸੋ।''


''ਜਦੋਂ ਰੱਸਾ ਫਾਂਸੀ ਦਾ ਮਰਦਾਂ ਨੇ ਚੁੰਮਿਆ
ਸ਼ਹੀਦਾਂ ਨੂੰ ਸਜਦਾ ਕਟਾਰਾਂ ਨੇ ਕੀਤਾ।''

ਮੋਮਨ ਜਿਸ ਤਰ੍ਹਾਂ ਦੇ ਸਾਦਾ ਸ਼ਿਅਰ ਆਖਦਾ ਹੈ- ਉਸੇ ਤਰ੍ਹਾਂ ਦਾ ਸਾਦਾ-ਸਫ਼ਾਫ ਦਿਲ ਰੱਖਦਾ ਹੈ। ਦੁਆ ਹੈ ਉਸਦਾ ਇਹ ਸੰਦੇਸ਼ ਹਰ ਦਿਲ ਤੱਕ ਪਹੁੰਚੇ।

''ਤੂੰ ਮੁਹੱਬਤ ਨਾਲ ਹੀ ਆਗਾਜ਼ ਕਰ
ਤੂੰ ਮੁਹੱਬਤ ਨਾਲ ਹੀ ਅੰਜਾਮ ਦੇ।''

**– ਹਰਜਿੰਦਰ ਕੰਗ**






## ਵਧਾਈ ਸੰਦੇਸ਼

**ਪਿਆਰੇ ਪ੍ਰੇਮ ਕੁਮਾਰ ਚੁੰਬਰ, ਖੁਸ਼ ਰਹੋ**

ਤੁਹਾਡੇ ਅਖ਼ਬਾਰ 'ਅੰਬੇਦਕਰ ਟਾਈਮਜ਼' ਨੇ ਛੇ ਸਾਲ ਪੂਰੇ ਕਰ



ਲਏ ਹਨ ਅਤੇ ਦੇਸ਼ ਦੁਆਬਾ ਅਖ਼ਬਾਰ ਤਿੰਨ ਸਾਲ ਪੂਰੇ ਕਰ ਗਿਆ ਹੈ। ਇਹ ਸਭ ਤੁਹਾਡੀ ਮਿਹਨਤ ਅਤੇ ਲਗਨ ਦਾ ਨਤੀਜਾ ਹੈ। ਜੇ ਇਨਸਾਨ ਹਿੰਮਤ ਨਾਲ ਕੰਮ ਕਰੇ ਅਤੇ ਜ਼ਿੰਮੇਵਾਰੀ ਸੰਭਾਲੇ ਤਾਂ ਹਰ ਕੰਮ ਸੰਭਵ ਹੈ। ਮੇਰੀਆਂ ਸ਼ੁਭ ਇੱਛਾਵਾਂ ਹਮੇਸ਼ਾ ਤੁਹਾਡੇ ਨਾਲ ਹਨ।

ਤੁਹਾਡਾ ਸ਼ੁਭ ਚਿੰਤਕ
ਆਜ਼ਾਦ ਜਲੰਧਰੀ


## ਈਸ਼ਰ ਸਿੰਘ 'ਮੋਮਨ' ਦੀਆਂ ਦੋ ਰਚਨਾਵਾਂ

ਉਹਦੇ ਬਾਰੇ ਸੋਚ ਮੇਰੇ ਬਾਰੇ ਨਾ ਖਿਆਲ ਦੇ।
ਜ਼ਿੰਦਗੀ ਨੂੰ ਜ਼ਿੰਦਗੀ ਦੀ ਕੋਈ ਨਾਂ ਮਿਸਾਲ ਦੇ।

ਅੱਜ ਤੋਂ ਪਿਆਰ ਨਾਲ ਦਿਲੋਂ ਦੂਈ ਦੂਰ ਕਰ,
ਗੁੱਸੇ ਗਿਲੇ ਕੱਢ ਛੱਡ, ਦਿਲਾਂ 'ਚੋਂ ਮਲਾਲ ਦੇ।

ਭਲਾ ਕਰ, ਕਿਸੇ ਦੀ ਬੁਰਾਈ ਬਾਰੇ ਸੋਚ ਨਾ,
ਦਿਲਾਂ ਵਿਚੋਂ ਰਹਿੰਦੀ ਖੂੰਹਦੀ ਈਰਖਾ ਨਿਕਾਲ ਦੇ।

ਚੁੱਪ ਚਾਪ ਰਹਿੰਦਿਆਂ ਨੂੰ ਚੁੱਪ ਚਾਪ ਰਹਿਣ ਦੇ,
ਬਿਨਾ ਕਿਸੇ ਗੱਲ ਤੋਂ ਨਾ ਗੱਲ ਨੂੰ ਉਛਾਲ ਦੇ।

ਵਗਦੀ ਹਵਾ ਦਾ ਰੁਖ਼ ਦੇਖ ਕੇ ਧਿਆਨ ਧਰ,
ਸੁੱਤੀ ਪਈ ਜ਼ਿੰਦਗੀ ਨੂੰ ਝੂਣ ਕੇ ਉਠਾਲ ਦੇ।

ਢੱਕੀ ਰੱਖ ਇੱਜ਼ਤਾਂ ਦੀ ਖੇਡ ਨੂੰ ਖਿਲਾਰ ਨਾ,
ਐਵੇਂ ਬਾਸੀ ਕੜ੍ਹੀ ਤਾਈਂ ਹੋਰ ਨਾ ਉਬਾਲ ਦੇ।

ਖਾਂਦਿਆਂ ਤੇ ਪੀਂਦਿਆਂ ਨੇ ਸਦਾ ਖਾਈ ਪੀਈ ਜਾਣਾ,
ਸੋਫੀਆਂ ਨੂੰ ਸਾਡੇ ਕੋਲੋਂ ਪਰੇ ਹੀ ਬਿਠਾਲ ਦੇ।

ਅੱਗ, ਪਾਣੀ, ਹਵਾ, ਮਿੱਟੀ, ਪੰਜਵਾਂ ਆਕਾਸ਼ ਤੱਤ,
ਇਨ੍ਹਾਂ ਪੰਜਾਂ ਤੱਤਾਂ ਕੋਲ ਆਤਮਾ ਸੰਭਾਲ ਦੇ।

ਗਾ ਕੇ ਮਨਾ ਮੋਮਨਾ ਮੁਹੱਬਤਾਂ ਦੇ ਗੀਤ ਛੇੜ,
ਸੁਰਾਂ ਦਾ ਗਿਆਨ ਨਾਲੇ ਸੁਰਾਂ ਨਾਲੇ ਤਾਲ ਦੇ।

ਗੁੱਸੇ ਗਿਲੇ ਭੁਲਾ ਕੇ ਭਾਈਆ ਇਕ ਵਾਰੀ ਤੂੰ ਆ ਕੇ ਮਿਲ।
ਮੇਰੇ ਨਾਲ ਬਹਾਰਾਂ ਆਈਆਂ ਅੱਗੋਂ ਤੂੰ ਮੁਸਕਾ ਕੇ ਮਿਲ।

ਦੂਰੀ ਦਿਲ ਦੀ ਦੂਰੀ ਹੁੰਦੀ, ਦਿਲ ਦੀ ਦੂਰੀ ਦੂਰ ਕਰ,
ਤੇਰਾ ਦਿਲ ਜੇ ਤੈਨੂੰ ਕਹਿੰਦਾ ਦਿਲ ਨੂੰ ਨਾ ਤਰਸਾ ਕੇ ਮਿਲ।

ਦੇਦੇ ਦਿਲ ਦਾ ਦਰਦ ਉਧਾਰਾ, ਦਿਲ ਨੂੰ ਦਿਲ ਦਾ ਰਾਹ ਹੁੰਦਾ,
ਮੇਰਾ ਦਿਲ ਵੀ ਤੈਨੂੰ ਕਹਿੰਦਾ ਦਿਲ ਨੂੰ ਨਾ ਤੜਪਾ ਕੇ ਮਿਲ।

ਆਪਣੇ ਹੱਥਾਂ ਨਾਲ ਪਰੋ ਕੇ ਭੇਜੋਗੇ ਉਪਹਾਰ ਜਦੋਂ,
ਆਖੇਗਾ ਦਿਲਦਾਰ ਪਿਆਰਾ, ਨਜ਼ਰਾਂ ਜ਼ਰਾ ਮਿਲਾ ਕੇ ਮਿਲ।

ਪੱਥਰ ਵਿਚ ਜੋ ਕੀੜੇ ਰਹਿੰਦੇ ਉਸਨੂੰ ਪੱਥਰ ਮੋਮ ਦਿਸੇ,
ਅੰਦਰ ਦਿਲ ਦੇ ਚਾਨਣ ਕਰਕੇ ਬਾਹਰੋਂ ਨਾ ਘਬਰਾ ਕੇ ਮਿਲ।

ਅੰਦਰ ਜੇ ਕਰ ਚਾਨਣ ਹੋਵੇ ਬਾਹਰ ਵੀ ਫਿਰ ਚਾਨਣ ਹੈ,
ਅੰਦਰ ਦਿਲ ਦੇ ਚਾਨਣ ਕਰਕੇ ਅੰਦਰ ਤੂੰ ਰੁਸ਼ਨਾ ਕੇ ਮਿਲ।

ਮੂਰਤੀਆਂ ਦੀ ਦੁਨੀਆਂ ਤੈਨੂੰ ਮੇਰੇ ਰਾਹ 'ਚੋਂ ਰੋਕੇਗੀ,
ਅੱਗੇ ਹੋ ਕੇ ਅੱਗੇ ਆ ਕੇ ਰੱਬ ਦਾ ਨਾਮ ਧਿਆ ਕੇ ਮਿਲ।

ਤੇਰੀ ਪਾਕ ਮੁਹੱਬਤ ਤੈਨੂੰ ਮੇਰੇ ਰਾਹ 'ਚੋਂ ਰੋਕੇਗੀ,
ਮੇਰੇ ਘਰ ਦੇ ਬੂਹੇ ਅੱਗੇ ਬੂਹੇ ਨੂੰ ਖੜਕਾ ਕੇ ਮਿਲ।

ਮੋਮਨ ਮਨ ਜੇ ਮੰਨਦਾ ਹੈ ਤਾਂ ਮਨ ਆਪਣੇ ਨੂੰ ਆਪ ਕਹੀਂ,
ਮਨ ਮੰਦਰ ਦੇ ਅੰਦਰ ਆ ਕੇ ਮਨ ਆਪਣਾ ਸਮਝਾ ਕੇ ਮਿਲ।

# ਵਿਦੇਸ਼ਾਂ ਵਿਚ ਪ੍ਰਧਾਨ ਮੰਤਰੀ ਦੀਆਂ ਰੈਲੀਆਂ ਇੱਕ ਪੜਚੋਲ



ਉਜਾਗਰ ਸਿੰਘ
94178-13072

ਹਰ ਦੇਸ਼ ਦੇ ਪ੍ਰਧਾਨ ਮੰਤਰੀ ਜਾਂ ਹੋਰ ਪ੍ਰਤੀਨਿਧ ਆਪੋ ਆਪਣੇ ਦੇਸ਼ਾਂ ਦੇ ਕੂਟਨੀਤਕ ਸੰਬੰਧ ਬਣਾਉਣ ਜਾਂ ਪ੍ਰਵਾਸੀਆਂ ਨੂੰ ਆਪੋ ਆਪਣੇ ਦੇਸ਼ਾਂ ਵਿਚ ਵੱਧ ਤੋਂ ਵੱਧ ਨਿਵੇਸ਼ ਕਰਨ ਲਈ ਪ੍ਰੇਰਨ ਵਾਸਤੇ ਜਾਂਦੇ ਹਨ। ਆਮ ਤੌਰ ਤੇ ਅਜਿਹੇ ਦੌਰੇ ਰਵਾਇਤੀ ਹੁੰਦੇ ਹਨ ਕਿਉਂਕਿ ਕੋਈ ਵੀ ਵਿਓਪਾਰੀ ਤਾਂ ਹੀ ਕਿਸੇ ਦੇਸ਼ ਵਿਚ ਜਾ ਕੇ ਨਿਵੇਸ਼ ਕਰਦਾ ਹੈ,ਜੇਕਰ ਉਸ ਨੂੰ ਉਸਦੇ ਵਿਓਪਾਰ ਵਿਚ ਲਾਭ ਹੋਵੇਗਾ। ਵਿਦੇਸ਼ ਵਿਚ ਪ੍ਰਧਾਨ ਮੰਤਰੀ ਜਾਂ ਹੋਰ ਕਿਸੇ ਵਿਦੇਸ਼ ਮੰਤਰੀ ਦੇ ਦੌਰੇ ਨੂੰ ਨਿਸ਼ਚਤ ਕਰਨ ਤੋਂ ਪਹਿਲਾਂ ਹੀ ਜੋ ਗੱਲਬਾਤ ਕਰਨੀ ਹੁੰਦੀ ਹੈ ਜਾਂ ਸਮਝੌਤੇ ਤੇ ਦਸਖਤ ਕਰਨੇ ਹੁੰਦੇ ਹਨ ਦੀ ਸਾਰੀ ਕਾਰਵਾਈ ਪਹਿਲਾਂ ਹੀ ਸੰਬੰਧਿਤ ਦੇਸਾਂ ਦੇ ਅਮਲੇ ਵੱਲੋਂ ਤਹਿ ਕਰ ਲਈ ਜਾਂਦੀ ਹੈ। ਭਾਰਤ ਵਿਚ ਪ੍ਰਵਾਸੀ ਆ ਕੇ ਨਿਵੇਸ਼ ਨਹੀਂ ਕਰਦੇ ਕਿਉਂਕਿ ਇਥੋਂ ਦੀ ਪ੍ਰਣਾਲੀ ਬੜੀ ਗੁੰਝਲਦਾਰ ਹੈ,ਲਾਲਫੀਤਾ ਸ਼ਾਹੀ ਅਤੇ ਭਰਿਸ਼ਟਾਚਾਰ ਭਾਰੂ ਹੈ। ਕੋਈ ਵੀ ਫਾਈਲ ਬਿਨਾ ਉਸ ਨੂੰ ਪਹੀਏ ਲਗਾਇਆਂ ਅੱਗੇ ਨਹੀਂ ਤੁਰਦੀ ਕਿਉਂਕਿ ਰਿਸ਼ਵਤ ਨੀਚੇ ਤੋਂ ਸ਼ੁਰੂ ਹੋ ਕੇ ਉਪਰ ਤੱਕ ਜਾਂਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵੀਂਆਂ ਪ੍ਰੰਪਰਾਵਾਂ ਪਾਉਣ ਜਾ ਰਹੇ ਹਨ। ਉਹ ਆਪਣਾ ਹਰ ਕਦਮ ਰੋਜ ਮਰਰਾ ਦੇ ਕੰਮ ਨਾਲੋਂ ਵਿਲੱਖਣ ਕਰਕੇ ਨਵੇਂ ਕੀਰਤੀਮਾਨ ਸਥਾਪਤ ਕਰਦੇ ਹਨ ਤਾਂ ਜੋ ਉਹ ਆਪਣੇ ਆਪ ਨੂੰ ਬਾਕੀ ਪ੍ਰਧਾਨ ਮੰਤਰੀਆਂ ਤੋਂ ਵਿਲੱਖਣ ਸਾਬਤ ਕਰ ਸਕਣ। ਉਨ੍ਹਾਂ ਨੇ ਤਾਂ ਗਣਤੰਤਰ ਦਿਵਸ ਦੇ ਸਮਾਗਮ ਤੇ 10 ਲੱਖ ਦਾ ਵਿਦੇਸ਼ੀ ਸੂਟ ਵੀ ਪਹਿਨਕੇ ਨਵਾਂ ਕੀਰਤੀਮਾਨ ਸਥਾਪਤ ਕਰ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿਦੇਸ਼ਾਂ ਵਿਚ ਭਾਰਤੀਆਂ ਅਤੇ ਵਿਸ਼ੇਸ਼ ਤੌਰ ਤੇ ਗੁਜਰਾਤੀਆਂ ਦੀਆਂ ਕਾਨਫ਼ਰੰਸਾਂ ਕਰਨ ਨਾਲ ਭਾਰਤ ਦੇ ਸਿਆਸਤਦਾਨਾਂ ਵਿਚ ਚੁੰਜ ਚਰਚਾ ਦਾ ਵਿਸ਼ਾ ਬਣਿਆਂ ਹੋਇਆ ਹੈ। ਹੁਣ ਤੱਕ ਉਹ ਅਮਰੀਕਾ ਵਿਚ ਨਿਊਯਾਰਕ ਵਿਖੇ ਮੈਡੀਨ ਸੁਕਏਅਰ ਅਤੇ ਆਸਟਰੇਲੀਆ ਵਿਚ ਸਿਡਨੀ ਵਿਖੇ ਐਲਫ਼ੋਨਜ਼ ਅਰੀਨਾ ਸੁਕਏਅਰ ਵਿਚ ਦੋ ਕਾਨਫਰੰਸਾਂ ਕਰ ਚੁੱਕੇ ਹਨ ਅਤੇ ਉਥੇ ਉਨ੍ਹਾਂ ਕਾਫੀ ਲੰਮੇ ਭਾਸ਼ਣ ਦਿੱਤੇ ਹਨ। ਆਪਣੇ ਭਾਸ਼ਣਾ ਵਿਚ ਉਨ੍ਹਾਂ ਆਪਣੀ ਸਰਕਾਰ ਦੀਆਂ ਨੀਤੀਆਂ ਦੇ ਸੋਹਲੇ ਗਾਏ ਹਨ ਅਤੇ ਭਾਰਤੀ ਮੂਲ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਭਾਰਤ ਵਿਚ ਨਿਵੇਸ਼ ਕਰਨ,ਹਾਲਾਂਕਿ ਨਿਵੇਸ਼ ਆਮ ਲੋਕਾਂ ਨੇ ਨਹੀਂ ਕਰਨਾ ਹੁੰਦਾ,ਨਿਵੇਸ਼ ਤਾਂ ਵਿਓਪਾਰੀਆਂ ਨੇ ਕਰਨਾ ਹੁੰਦਾ ਹੈ। ਇਸ ਲਈ ਪ੍ਰਧਾਨ ਮੰਤਰੀ ਨੂੰ ਵਿਓਪਾਰੀ ਵਰਗ ਨਾਲ ਮੀਟਿੰਗਾਂ ਕਰਨੀਆਂ ਚਾਹੀਦੀਆਂ ਸਨ। ਪਤਾ ਨਹੀਂ ਪ੍ਰਧਾਨ ਮੰਤਰੀ ਆਪਣੀ ਹਰਮਨ ਪਿਆਰਤਾ ਦਾ ਵਿਦੇਸ਼ਾਂ ਵਿਚ ਵਿਖਾਵਾ ਕਿਉਂ ਕਰਨਾ ਚਾਹੁੰਦੇ ਹਨ। ਉਹ ਲੋਕ ਨਾ ਤਾਂ ਭਾਰਤ ਦੇ ਵੋਟਰ ਹਨ,ਨਾ ਹੀ ਉਨ੍ਹਾਂ ਆ ਕੇ ਭਾਰਤ ਵਿਚ ਰਹਿਣਾ ਹੈ,ਹਾਂ ਹਰ ਪ੍ਰਵਾਸੀ ਭਾਰਤੀ ਨੂੰ ਆਪਣੇ ਦੇਸ਼ ਨਾਲ ਲਗਾਓ ਤਾਂ ਹੁੰਦਾ ਹੀ ਹੈ। ਉਹ ਉਨ੍ਹਾਂ ਨੂੰ ਭਾਰਤ ਵਿਚ ਘੱਟੋ ਘੱਟ ਇੱਕ ਇੱਕ ਟਾਇਲਟ ਬਣਾਉਣ ਲਈ ਕਹਿ ਰਹੇ ਹਨ ਅਤੇ ਭਾਰਤ ਸਵੱਛ ਮੁਹਿੰਮ ਵਿਚ ਯੋਗਦਾਨ ਲਈ ਪ੍ਰੇਰ ਰਹੇ ਹਨ। ਭਾਰਤ ਦੀਆਂ ਕਮਜ਼ੋਰੀਆਂ ਦੇ ਪੜਦੇ ਵਿਦੇਸ਼ਾਂ ਵਿਚ ਫੋਲ ਰਹੇ ਹਨ ਜੋ ਕਿ ਬਿਲਕੁਲ ਹੀ ਜਾਇਜ਼ ਨਹੀਂ ਹਨ,ਉਨ੍ਹਾਂ ਨੂੰ ਤਾਂ ਸਗੋਂ ਭਾਰਤ ਦੀ ਤਾਰੀਫ ਕਰਨੀ ਚਾਹੀਦੀ ਹੈ। ਜੇ ਟਾਇਲਟਾਂ ਸਰਕਾਰ ਨਹੀਂ ਬਣਾ ਸਕਦੀ ਜਿਨ੍ਹਾਂ ਭਾਰਤੀ ਵਿਓਪਾਰੀਆਂ ਤੋਂ ਭਾਰਤੀ ਜਨਤਾ ਪਾਰਟੀ ਨੇ ਚੋਣਾ ਵਿਚ ਚੰਦਾ ਲੈ ਕੇ ਚੋਣਾ ਜਿੱਤੀਆਂ ਹਨ,ਉਨ੍ਹਾਂ ਦੀ ਮਦਦ ਲੈ ਲੈਣ। ਪਹਿਲੀ ਗੱਲ ਤਾਂ ਇਹ ਹੈ ਕਿ ਪ੍ਰਵਾਸੀ ਭਾਰਤ ਦੀ ਸਵੱਛ ਮੁਹਿੰਮ ਵਿਚ ਕਿਸ ਤਰ੍ਹਾਂ ਯੋਗਦਾਨ ਪਾ ਸਕਦੇ ਹਨ,ਜਿੱਥੇ ਉਹ ਰਹਿ ਰਹੇ ਉਹ ਤਾਂ ਸਵੱਛ ਹੈ ਹੀ । ਇਹ ਅਪੀਲ ਤਾਂ ਭਾਰਤ ਵਿਚ ਰਹਿ ਰਹੇ ਨਾਗਰਿਕਾਂ ਨੂੰ ਕਰਨੀ ਚਾਹੀਦੀ ਹੈ ਕਿ ਉਹ ਆਪਣੇ ਦੇਸ਼ ਨੂੰ ਸਵੱਛ ਰੱਖਣ। ਵਿਦੇਸ਼ਾਂ ਵਿਚ ਤਾਂ ਐਡੀਆਂ ਵੱਡੀਆਂ ਰੈਲੀਆਂ ਜਾਂ ਕਾਨਫਰੰਸਾਂ ਕਰਨ ਦਾ ਰਿਵਾਜ ਹੀ ਨਹੀਂ। ਉਹ ਲੋਕ ਇਨ੍ਹਾਂ ਕੰਮਾਂ ਤੇ ਫ਼ਜੂਲ ਖ਼ਰਚੀ ਨਹੀਂ ਕਰਦੇ ਕਿਉਂਕਿ ਉਥੋਂ ਦੇ ਲੋਕ ਸਮਝਦਾਰ,ਕਾਨੂੰਨ ਤੇ ਅਮਲ ਕਰਨ ਵਾਲੇ ਅਤੇ ਪੜ੍ਹੇ ਲਿਖੇ ਹੁੰਦੇ ਹਨ । ਉਥੇ ਵਰਕ ਕਲਚਰ ਹੈ। ਉਨ੍ਹਾਂ ਨੂੰ ਆਪਣੇ ਕੰਮ ਧੰਧਿਆਂ ਤੋਂ ਹੀ ਵਿਹਲ ਨਹੀਂ,ਉਹ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਦੇ ਸਤਿਕਾਰ ਕਰਕੇ ਆਪੋ ਆਪਣੇ ਕੰਮ ਛੱਡ ਕੇ ਆਏ ਸਨ। ਉਨ੍ਹਾਂ ਕੋਲ ਫ਼ਾਲਤੂ ਗੱਲਾਂ ਸੁਣਨ ਲਈ ਸਮਾਂ ਹੀ ਨਹੀਂ। ਹੈਰਾਨੀ ਦੀ ਗੱਲ ਹੈ ਕਿ ਭਾਰਤੀ ਦੂਤਾਵਾਸ ਦੇ ਅਧਿਕਾਰੀ ਵੀ ਪ੍ਰਧਾਨ ਮੰਤਰੀ ਨੂੰ ਇਸ ਤਰ੍ਹਾਂ ਕਾਨਫਰੰਸਾਂ ਨਾਂ ਕਰਨ ਦੀ ਸਲਾਹ ਨਹੀਂ ਦਿੰਦੇ ਕਿਉਂਕਿ ਉਨ੍ਹਾਂ ਨੂੰ ਤਾਂ ਪਤਾ ਹੈ ਕਿ ਵਿਦੇਸ਼ੀ ਸਰਕਾਰਾਂ ਅਜਿਹੀਆਂ ਕਾਨਫਰੰਸਾਂ ਨੂੰ ਠੀਕ ਨਹੀਂ ਸਮਝਦੀਆਂ। ਇਸ ਤਰ੍ਹਾਂ ਦੇਸ਼ ਦਾ ਵਿਦੇਸ਼ਾਂ ਵਿਚ ਪ੍ਰਭਾਵ ਮਾੜਾ ਪੈਂਦਾ ਹੈ। ਸ਼ਾਇਦ ਪ੍ਰਧਾਨ ਮੰਤਰੀ ਅਮਰੀਕਾ ਨੂੰ ਦੱਸਣਾ ਚਾਹੁੰਦੇ ਹੋਣ ਕਿ ਉਨ੍ਹਾਂ ਨੇ ਨਰਿੰਦਰ ਮੋਦੀ ਨੂੰ ਗੁਜਰਾਤ ਦੇ ਦੰਗਿਆਂ ਕਰਕੇ ਵੀਜਾ ਦੇਣ ਤੋਂ ਇਨਕਾਰ ਕਰਕੇ ਗ਼ਲਤੀ ਕੀਤੀ ਸੀ ਕਿਉਂਕਿ ਉਹ ਤਾਂ ਭਾਰਤ ਦੇ ਲੋਕਾਂ ਵਿਚ ਬਹੁਤ ਹੀ ਹਰਮਨ ਪਿਆਰੇ ਹਨ। ਪ੍ਰਧਾਨ ਮੰਤਰੀ ਭਾਰਤ ਦੇ ਰਾਜ ਪ੍ਰਬੰਧ ਵਿਚ ਪਾਰਦਰਸ਼ਤਾ ਲਿਆਉਣ ਦੀ ਗੱਲ ਕਰਦੇ ਹਨ ,ਜਦੋਂ ਪਾਰਦਰਸ਼ਤਾ ਆਵੇਗੀ ਉਦੋਂ ਗੱਲ ਕਰਨੀ ਵਾਜਬ ਹੁੰਦੀ ਹੈ। ਤ੍ਰਿਮਣੂਲ ਕਾਂਗਰਸ ਨੇ ਤਾਂ ਪ੍ਰਧਾਨ ਮੰਤਰੀ ਨੂੰ ਐਨ.ਆਰ.ਆਈ. ਪ੍ਰਧਾਨ ਮੰਤਰੀ ਹੀ ਕਹਿ ਦਿੱਤਾ ਹੈ। ਪ੍ਰਵਾਸੀ ਭਾਰਤੀ ਭਾਰਤ ਵਿਚ ਨਿਵੇਸ਼ ਕਿਉਂ ਕਰਨਗੇ ਕਿਉਂਕਿ ਕੇਂਦਰ ਸਰਕਾਰ ਨੇ ਤਾਂ ਉਨ੍ਹਾਂ ਨੂੰ ਭਾਰਤ ਪੈਸੇ ਭੇਜਣ ਤੇ ਸਰਵਿਸ ਟੈਕਸ ਲਗਾ ਦਿਤਾ ਹੈ। ਹੁਣ ਤਾਂ ਉਹ ਭਾਰਤ ਵਿਚ ਇੱਕ ਵੀ ਪੈਸਾ ਨਹੀਂ ਭੇਜਣਗੇ,ਨਿਵੇਸ਼ ਕਰਨਾ ਤਾਂ ਦੂਰ ਦੀ ਗੱਲ ਰਹੀ। ਸਕੀਮਾ ਬਣਾਉਣਾ ਅਤੇ ਉਨ੍ਹਾਂ ਨੂੰ ਲਾਗੂ ਕਰਨਾ ਦੋ ਵੱਖ ਵੱਖ ਗੱਲਾਂ ਹਨ। ਕੇਂਦਰੀ ਮੰਤਰੀ ਮੰਡਲ ਦੇ ਇੱਕ ਤਿਹਾਈ ਮੰਤਰੀਆਂ ਵਿਰੁਧ ਅਪ੍ਰਾਧਿਕ ਮਾਮਲੇ ਦਰਜ ਹਨ। ਇੱਕ ਰਿਪੋਰਟ ਅਨੁਸਾਰ ਕੇਂਦਰ ਸਰਕਾਰ ਦੇ 92 ਫ਼ੀ ਸਦੀ ਮੰਤਰੀ ਕਰੋੜਪਤੀ ਹਨ। ਇੱਕ ਮੰਤਰੀ ਦੀ ਔਸਤਨ ਜਾਇਦਾਦ 14 ਕਰੋੜ ਰੁਪਏ ਹੈ ਜਦੋਂ ਕਿ ਯੂ.ਪੀ.ਏ. ਦੇ ਮੰਤਰੀ ਦੀ ਔਸਤਨ ਜਾਇਦਾਦ 7 ਕਰੋੜ ਰੁਪਏ ਸੀ । ਅਸਲ ਵਿਚ ਇਹ ਵਿਓਪਾਰੀਆਂ ਦੀ ਸਰਕਾਰ ਹੈ। ਇਸ ਲਈ ਇਸਨੇ ਆਮ ਲੋਕਾਂ ਦੇ ਹਿਤਾਂ ਦੀ ਨਹੀਂ ਸਗੋਂ ਵਿਓਪਾਰੀਆਂ ਦੇ ਹਿੱਤਾਂ ਦੀ ਰੱਖਿਆ ਕਰਨੀ ਹੈ। ਭੂਮੀ ਰੱਖਿਆ ਕਾਨੂੰਨ-3013 ਜਿਹੜਾ ਯੂ.ਪੀ.ਏ.ਸਰਕਾਰ ਨੇ ਕਿਸਾਨਾ ਨੂੰ ਰਾਹਤ ਦੇਣ ਲਈ ਬਣਾਇਆ ਸੀ,ਉਸ ਵਿਚ ਸੋਧ ਕਰਕੇ ਮੋਦੀ ਸਰਕਾਰ ਨੇ ਵਿਓਪਾਰੀਆਂ ਨੂੰ ਰਾਹਤ ਦੇਣ ਲਈ ਆਰਡੀਨੈਂਸ ਹੀ ਜ਼ਾਰੀ ਕਰ ਦਿੱਤਾ,ਜਦੋਂ ਰਾਜ ਸਭਾ ਵਿਚ ਸਰਕਾਰ ਉਹ ਬਿਲ ਪਾਸ ਨਹੀਂ ਕਰਵਾ ਸਕੀ ਤਾਂ ਉਹ ਆਰਡੀਨੈਂਸ ਦੀ ਮਿਆਦ ਖ਼ਤਮ ਹੋ ਗਈ ਤਾਂ ਹੁਣ ਦੁਬਾਰਾ ਆਰਡੀਨੈਂਸ ਜਾਰੀ ਕਰ ਰਹੀ ਹੈ। ।17 ਫ਼ੀ ਸਦੀ ਮੰਤਰੀਆਂ ਦੇ ਵਿਰੁਧ ਮਰਡਰ, ਜ਼ਬਰ ਜਨਾਹ, ਕਤਲ ਦੀ ਕੋਸ਼ਿਸ਼ ਅਤੇ ਦੰਗੇ ਭੜਕਾਉਣ ਦੇ ਸੰਗੀਨ ਕੇਸ ਹਨ। ਇਸ ਲਈ ਇਸ ਸਰਕਾਰ ਨੂੰ ਪਹਿਲਾਂ ਆਪ ਦੇ ਮੰਤਰੀ ਸਵੱਛ ਕਰਨੇ ਚਾਹੀਦੇ ਹਨ, ਫ਼ਿਰ ਭਾਰਤ ਸਵੱਛ ਹੋਵੇਗਾ। ਵਿਦੇਸ਼ਾਂ ਵਿਚ ਜਾ ਕੇ ਅਜਿਹੀਆਂ ਕਾਰਵਾਈਆਂ ਡਿਪਲੋਮੈਟਿਕ ਤੌਰ ਤੇ ਵੀ ਸ਼ੋਭਾ ਨਹੀਂ ਦਿੰਦੀਆਂ। ਹੁਣ ਪ੍ਰਧਾਨ ਮੰਤਰੀ ਦਫ਼ਤਰ ਨੇ ਸ਼ਾਇਦ ਆਪਣੀ ਗਲਤੀ ਨੂੰ ਸੁਧਾਰਨ ਦੀ ਕੋਸ਼ਿਸ ਕੀਤੀ ਹੈ ਅਤੇ ਹੁਣ ਪ੍ਰਧਾਨ ਮੰਤਰੀ ਦੀਆਂ ਵਿਦੇਸ਼ਾਂ ਵਿਚ ਰੈਲੀਆਂ ਰੱਖਣੀਆਂ ਬੰਦ ਕਰ ਦਿੱਤੀਆਂ। ਕਈ ਨੇਤਾ ਤਾਂ ਅਜ਼ੀਬ ਕਿਸਮ ਦੇ ਬਿਆਨ ਦੇ ਕੇ ਸਰਕਾਰ ਦੀ ਪੋਜ਼ੀਸ਼ਨ ਹਾਸੋਹੀਣੀ ਬਣਾ ਦਿੰਦੇ ਹਨ,ਜਿਵੇਂ ਕਿ ਭਾਰਤੀ ਜਨਤਾ ਪਾਰਟੀ ਦੇ ਐਮ.ਪੀ. ਸ਼ਾਕਸ਼ੀ ਮਹਾਰਾਜ ਨੇ ਹਿ-ਦੂਆਂ ਨੂੰ ਚਾਰ ਬੱਚੇ ਪੈਦਾ ਕਰਨ ਦੇ ਹੁਕਮ ਜਾੜ੍ਹ ਦਿੱਤੇ। ਇਸੇ ਤਰ੍ਹਾਂ ਜਿਹੜੇ ਧਾਰਮਿਕ ਲੀਡਰਾਂ ਨੇ ਵਿਆਹ ਹੀ ਨਹੰ ਕਰਵਾਏ ਅਤੇ ਆਪ ਤਾਂ ਉਹ ਬੱਚੇ ਪੈਦਾ ਨਹੀਂ ਕਰ ਸਕੇ ਪ੍ਰੰਤੂ ਲੋਕਾਂ6-6 ਬੱਚੇ ਪੈਦਾ ਕਰਨ ਲਈ ਕਹਿ ਰਹੇ ਹਨ। ਸਾਧਵੀ ਪ੍ਰਾਚੀ, ਅਸ਼ੋਕ ਸਿੰਗਲ ਅਤੇ ਹਿੰਦੂ ਵਿਕਾਸ ਪ੍ਰੀਸ਼ਦ ਨੇ ਵੀ ਚਾਰ ਬੱਚਿਆਂ ਦੀ ਹਦਾਇਤ ਕਰ ਦਿੱਤੀ।

ਸਤਿਕਾਰਯੋਗ ਸਾਧਵੀਆਂ ਅਤੇ ਹੋਰ ਨੇਤਾਵਾਂ ਦੀ ਗ਼ੈਰ ਜਰੂਰੀ ਬਿਆਨਬਾਜ਼ੀ ਨੂੰ ਰੋਕਣ ਦੀ ਵੀ ਪ੍ਰਧਾਨ ਮੰਤਰੀ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿਉਂਕਿ ਭਾਰਤ ਇਕ ਧਰਮ ਨਿਰਪੱਖ ਦੇਸ ਹੈ,ਅਜਿਹੇ ਬਿਆਨ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਦੇ। ਸਰਕਾਰ ਭਾਵੇਂ ਭਾਰਤੀ ਜਨਤਾ ਪਾਰਟੀ ਦੀ ਹੈ ਪ੍ਰੰਤੂ ਪ੍ਰਧਾਨ ਮੰਤਰੀ ਐ ਸਰਕਾਰ ਪੂਰੇ ਦੇਸ ਦੀ ਹੈ ਇਕ ਪਾਰਟੀ ਦੇ ਲੋਕਾਂ ਲਈ ਨਹੀਂ। ਸਰਕਾਰ ਨੇ ਤਾਂ ਭਾਰਤ ਦੇ ਹਰ ਨਾਗਰਿਕ ਦੇ ਹਿਤਾਂ ਦੀ ਰਾਖੀ ਕਰਨੀ ਹੈ। ਚੋਣਾਂ ਵਿਚ ਕਾਲਾ ਧਨ ਵਾਪਸ ਲਿਆਉਣ, ਲੋਕਾਂ ਦੇ ਲੇਖੇ ਵਿਚ 15-15 ਲੱਖ ਜਮ੍ਹਾਂ ਕਰਾਉਣ, ਭਰਿਸ਼ਟ-ਾਚਾਰ ਮੁਕਤ ਕਰਨ, ਮਹਿੰਗਾਈ ਤੇ ਕਾਬੂ ਪਾਉਣ ਵਰਗੇ ਕੰਮ ਕਰਕੇ ਲੋਕਾਂ ਦਾ ਵਿਸ਼ਵਾਸ ਜਿੱਤਣਾ ਚਾਹੀਦਾ ਹੈ।

ਇਸ ਸਾਰੀ ਚਰਚਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਪ੍ਰਧਾਨ ਮੰਤਰੀ ਨੂੰ ਪਹਿਲਾਂ ਭਾਰਤ ਨੂੰ ਪਾਰਦਰਸ਼ਤਾ ਨਾਲ ਸਵੱਛ ਕਰਨਾ ਚਾਹੀਦਾ ਹੈ। ਆਪਣੇ ਮੰਤਰੀਆਂ ਪਾਰਟੀ ਦੇ ਅਹੁਦੇਦਾਰਾਂ ਅਤੇ ਪਾਰਟੀ ਦੇ ਕਾਰਕੁੰਨਾਂ ਦੇ ਕੰਮ ਕਾਜ਼ ਨੂੰ ਪਾਰਦਰਸ਼ੀ ਬਣਾਕੇ ਸਵਦੇਸ਼ੀ ਵਿਓਪਾਰ ਨੂੰ ਤਰਜੀਹ ਦੇਣ ਲਈ ਸਵਦੇਸ਼ੀ ਵਸਤੂਆਂ ਦੇ ਉਤਪਾਦਨ ਨੂੰ ਉਤਸ਼ਾਹਤ ਕਰਕੇ ਦੇਸ਼ ਨੂੰ ਤਰੱਕੀ ਵਲ ਲਿਜਾਣਾ ਚਾਹੀਦਾ ਹੈ।

ਬਿਆਨਾਂ ਦੀ ਥਾਂ ਅਮਲਾਂ ਤੇ ਪਹਿਰਾ ਦੇਣਾ ਚਾਹੀਦਾ ਹੈ। ਆਮ ਆਦਮੀ ਪਾਰਟੀ ਦੀ ਦਿੱਲੀ ਦੀ ਜਿੱਤ ਨੇ ਸਰਕਾਰ ਦੀ ਕਾਰਗੁਜ਼ਾਰੀ ਨੂੰ ਗ੍ਰਹਿਣ ਲਗਾ ਦਿੱਤਾ ਹੈ। ਦਮਗਜੇ ਮਾਰਨ ਨਾਲੋਂ ਅਮਲ ਕਰਨਾ ਜ਼ਰੂਰੀ ਹੈ। ਜੇਕਰ ਸਰਕਾਰ ਅਜੇ ਵੀ ਨਾ ਸੰਭਲੀ ਤਾਂ ਕਾਂਗਰਸ ਦੀ ਤਰ੍ਹਾਂ ਭਾਰਤੀ ਜਨਤਾ ਪਾਰਟੀ ਦਾ ਵੀ ਭਾਂਡਾ ਚੌਰਾਹੇ ਵਿਚ ਫੁਟ ਜਾਵੇਗਾ।

# ਸਰਕਾਰੀ ਹਾਈ ਸਕੂਲ ਨਸਰਾਲਾ ਦੇ ਅਧਿਆਪਕਾਂ ਨੇ ਕੀਤੇ 100 ਬੈਂਚ ਦਾਨ



ਸਰਕਾਰੀ ਹਾਈ ਸਕੂਲ ਦੇ ਸਮੂਹ ਅਧਿਆਪਕਾਂ ਦੀ ਇਕ ਵਿਸ਼ੇਸ਼ ਮੀਟਿੰਗ ਮੁੱਖ ਅਧਿਆਪਕਾ ਮੈਡਮ ਸੁਰਿੰਦਰ ਕੁਮਾਰੀ ਦੀ ਅਗਵਾਈ ਵਿਚ ਹੋਈ। ਮੀ-ਟਿੰਗ ਵਿਚ ਵਿਚਾਰ ਕੀਤੀ ਗਈ, ਸਕੂਲ ਦੀਆਂ ਬਹੁਤੀਆਂ ਜਮਾਤਾਂ ਦੇ ਵਿਦਿਆਰਥੀਆਂ ਕੋਲ ਬੈਠਣ ਵਾਸਤੇ ਬੈਂਚ ਨਹੀਂ ਹਨ। ਜਿਸ ਕਰਕੇ ਭਰ ਸਰਦੀਆਂ ਦੇ ਮੌਸਮ ਵਿਚ ਇਹਨਾਂ ਵਿਦਿਆਰਥੀਆਂ ਨੂੰ ਠੰਡ ਕਰਨ ਬੜੀਆਂ ਦਿੱਕਤਾਂ ਦਾ ਸਾਹ-ਮਣਾ ਕਰਨਾ ਪੈਂਦਾ ਹੈ। ਕਈ ਬੱਚੇ ਤਾਂ ਜ਼ਮੀਨ ਤੇ ਬੈਠਣ ਕਾਰਨ ਬਿਮਾਰ ਹੋ ਜਾਂਦੇ ਹਨ। ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਅਧਿਆਪਕਾਂ ਨੇ ਬੜੀ ਦਰਿਆ ਦਿਲੀ ਦਿਖਾਈ। ਮੌਕੇ ਤੇ ਹੀ ਮੈਡਮ ਸੁਰਿੰਦਰ ਕੁਮਾਰੀ ਤੇ ਮੁੱਖ ਅਧਿਆਪਕਾ ਤੇ ਮੈਡਮ ਸਰੋਜ ਪਦਮ ਪੀ. ਟੀ. ਆਈ. ਨੇ ਪੰਜਾਹ-ਪੰਜਾਹ ਹਜ਼ਾਰ ਦਾ ਯੋਗਦਾਨ ਇਸ ਸ਼ੁਭ ਕੰਮ ਲਈ ਪਾਇਆ। ਬਾਕੀ ਅਧਿਆਪਕਾਂ ਨੇ ਵੀ ਬਾਕੀ ਵਿਦਿਆਰਥੀਆਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਧੜਾਧੜ ਪੈਸੇ ਦਿੱਤੇ, ਜਿਸ ਸਦਕਾ ਇਕੱਤਰ ਕੀਤੀ ਗਈ ਰਾਸ਼ੀ ਨਾਲ ਵਿਦਿਆਰਥੀਆਂ ਲਈ 100 ਬੈਂਚ ਬੈਠਣ ਲਈ ਲਿਆ ਕੇ ਦਿੱਤੇ। ਵਿਦਿਆਰਥੀ ਹੁਣ ਬੈਂਚਾਂ ਤੇ ਬੈਠ ਕੇ ਪੜ੍ਹਨ ਸਮੇਂ ਬੜੀ ਖੁਸ਼ੀ ਮਹਿਸੂਸ ਕਰ ਹਰੇ ਹਨ। ਡਾ. ਜਸਵੰਤ ਰਾਏ ਨੇ ਸਾਰੇ ਅਧਿਆਪਕਾਂ ਦਾ ਇਸ ਅਮੁੱਲੇ ਯੋਗਦਾਨ ਲਈ ਧੰਨਵਾਦ ਕੀਤਾ। ਇਸ ਮੌਕੇ ਮੈਡਮ ਰਾਜਪਾਲ ਕੌਰ, ਅੰਜੂ ਬਾਲਾ, ਸੁਰਿੰਦਰ ਕੁਮਾਰੀ, ਰਜਵਿੰਦਰ ਕੌਰ, ਗੁਰਵਿੰਦਰ ਕੌਰ, ਸੋਨੀਆ, ਕਮਲੇਸ਼ ਰਾਣੀ, ਅਮਨਪ੍ਰੀਤ ਰਾਜੂ, ਗੁਰਦਰਸ਼ਨ ਕੌਰ, ਸੁਰੇਸ਼ ਕੁਮਾਰ, ਪਰਵਿੰਦਰ ਕੌਰ, ਅਨਿਲ ਕੁਮਾਰ, ਸੰਜੀਵ ਰਤਨ, ਜਗਦੀਪ ਕੌਰ, ਮੰਜੂ ਅਰੋੜਾ, ਵਨੀਤਾ ਰਾਣੀ, ਰਵਿੰਦਰ ਕੁਮਾਰ, ਵੀਨਾ ਕੁਮਾਰੀ, ਰਵਿੰਦਰ ਕੁਮਾਰ, ਵਿਸ਼ਾਲ, ਬਲਜੀਤ ਸਿੰਘ ਅਤੇ ਮਨਿੰਦਰ ਸਿੰਘ ਯੋਗਦਾਨ ਪਾਉਣ ਵਾਲੇ ਅਧਿਆਪਕ ਹਾਜ਼ਰ ਸਨ।



**ਮੈਂ ਮਨੂੰਸ੍ਰਿਮਤੀ ਸਾੜ ਕੇ ਅਜਿਹੇ ਸੰਵਿਧਾਨ ਦਾ ਨਿਰਮਾਣ ਕੀਤਾ ਹੈ, ਜਿਸ ਵਿਚ ਸਾਰਿਆਂ ਨੂੰ ਬਰਾਬਰ ਅਧਿਕਾਰ ਹਨ, ਤੁਹਾਨੂੰ ਗੁਲਾਮੀ ਤੋਂ ਆਜ਼ਾਦ ਕਰ ਦਿੱਤਾ ਹੈ ਹੁਣ ਤੁਸੀਂ ਪੜ੍ਹਨਾ ਹੈ, ਇਕੱਠੇ ਹੋਣਾ ਹੈ ਅਤੇ ਸੰਘਰਸ਼ ਕਰਦੇ ਰਹਿਣਾ ਹੈ। ਤੁਹਾਨੂੰ ਇਸ ਦੇਸ਼ ਦਾ ਸ਼ਾਸਕ ਬਣਾਉਣਾ ਹੈ, ਰਸਤਾ ਖੁੱਲ੍ਹਾ ਕਰ ਦਿੱਤਾ ਹੈ, ਮੰਜ਼ਿਲ ਤੁਸੀਂ ਤਹਿ ਕਰਨੀ ਹੈ।**



**ਤੁਸੀਂ ਇਹਨਾਂ ਨੂੰ ਆਜ਼ਾਦ ਜ਼ਰੂਰ ਕਰ ਦਿੱਤਾ ਹੈ ਪਰ ਅਸੀਂ ਇਹਨਾਂ ਨੂੰ ਅਜਿਹੀ ਆਦਤ ਪਾ ਦਿਆਂਗੇ ਕਿ ਇਹ ਪੜ੍ਹਨ ਦੀ ਬਜਾਏ ਸਾਡੇ ਕਥਿਤ ਬਾਬਾ ਬੂਵਾ ਦੇ ਚਰਨਾਂ ਵਿਚ ਹੀ ਝੁਕਦੇ ਰਹਿਣਗੇ ਅਤੇ ਉਹਨਾਂ ਦੀ ਹੀ ਸੇਵਾ ਕਰਨ ਵਿਚ ਹੀ ਵੱਡੀ ਅਹਿਮੀਅਤ ਮੰਨਣਗੇ ਅਤੇ ਦਿਨ ਰਾਤ ਉਹਨਾਂ ਦਾ ਹੀ ਜਾਪ ਕਰਨਗੇ, ਇਹਨਾਂ ਨੂੰ ਅਸੀਂ ਆਪਣੇ ਦਿਮਾਗ ਦੀ ਵਰਤੋਂ ਕਰਨ ਹੀ ਨਹੀਂ ਦਿਆਂਗੇ।**

# ਮੁਫਤ ਸਿਲਾਈ ਸਿੱਖਿਆ ਸੈਂਟਰ ਦਾ ਉਦਘਾਟਨ ਕੀਤਾ



**ਨਵਾਂ ਸ਼ਹਿਰ (ਸੱਤਪਾਲ ਸਾਹਲੋਂ)** ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਰਜਿ. ਨਵਾਂ ਸ਼ਹਿਰ ਵੱਲੋਂ 50ਵਾਂ ਮੁਫਤ ਸਿਲਾਈ ਸਿੱਖਿਆ ਸੈਂਟਰ ਸ੍ਰੀ ਗੁਰੂ ਰਵਿਦਾਸ ਮੰਦਰ ਨਵਾਂ ਸ਼ਹਿਰ ਵਿਖੇ ਖੋਲ੍ਹਿਆ ਗਿਆ, ਜਿਸ ਦਾ ਉਦਘਾਟਨ ਟਰੱਸਟ ਦੇ ਪ੍ਰਧਾਨ ਸ੍ਰੀ ਸਤਪਾਲ ਸਾਹਲੋਂ ਨੇ ਕੀਤਾ। ਇਸ ਮੌਕੇ ਤੇ ਬੋਲਦਿਆਂ ਉਹਨਾਂ ਕਿਹਾ ਕਿ ਟਰੱਸਟ ਵੱਲੋਂ ਵੱਖ-ਵੱਖ ਥਾਵਾਂ ਤੇ ਜਾ ਕੇ ਮੁਫਤ ਸਿਲਾਈ ਸੈਂਟਰ ਖੋਲ੍ਹਣ ਦਾ ਇਕੋ ਇਕ ਮਕਸਦ ਲੜਕੀਆਂ/ ਔਰਤਾਂ ਨੂੰ ਕਿੱਤਾ ਮੁਖੀ ਕਾਰਜਾਂ ਨਾਲ ਜੋੜ ਕੇ ਸਵੈ-ਨਿਰਭਰ ਬਣਾਉਣਾ ਹੈ। ਔਰਤ ਆਪਣੇ ਪੈਰਾਂ ਤੇ ਖੜੋ ਕੇ ਆਪਣੇ ਪਰਿਵਾਰ ਅਤੇ ਸਮਾਜ ਦੀ ਤਰੱਕੀ ਵਿਚ ਵੱਡਾ ਯੋਗਦਾਨ ਪਾ ਸਕਦੀ ਹੈ। ਇਹ ਸੈਂਟਰ ਟਰੱਸਟ ਵੱਲੋ. ਸਾਹਿਬ ਸ੍ਰੀ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਰਜਿ: ਨਵਾਂ ਸ਼ਹਿਰ ਅਤੇ ਸ੍ਰੀ ਗੁਰੂ ਰਵਿਦਾਸ ਮੰਦਰ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਖੋਲ੍ਹਿਆ ਗਿਆ ਹੈ। ਇਸ ਮੌਕੇ ਤੇ ਸਰਵ ਸ੍ਰੀ ਪਰਮਜੀਤ ਮਹਾਲੋਂ, ਸਤਨਾਮ ਸਿੰਘ ਫੌਜੀ, ਹਰਮੇਸ਼ ਥਾਂਦੀਆ, ਕੁਲਵਿੰਦਰ ਕਾਹਮਾ, ਪਿਆਰਾ ਲਾਲ ਮਹਿਰਮਪੁਰ, ਰਮਨਦੀਪ ਲਾਲੀ, ਨਿੱਕੂ ਰਾਮ, ਸੰਤੋਖ ਸਿੰਘ ਚੇਅਰਮੈਨ, ਹਰਮੇਸ਼ ਲਾਲ, ਸਤਪਾਲ ਬਾਲੀ, ਕ੍ਰਿਸ਼ਨ ਕੁਮਾਰ, ਬੰਸੀ ਲਾਲ, ਰਵਿੰਦਰ ਲਾਲੀ, ਮਨਜੀਤ ਰਾਜੂ, ਪ੍ਰਿਥਵੀ ਸਿੰਘ, ਸੂਰਜ ਸਿੰਘ, ਚਮਨ ਲਾਲ, ਨਿਰੰਜਣ ਕੌਰ, ਸੱਤਿਆ ਬਾਲੀ, ਪ੍ਰਗਾਸੋ, ਸਰਬਜੀਤ ਕੌਰ, ਟੀਚਰ ਮੀਨਾ ਕੁਮਾਰੀ ਅਤੇ ਸੁਪਰਵਾਈਜ਼ਰ ਕੁਲਜੀਤ ਕੌਰ ਆਦਿ ਵੀ ਹਾਜ਼ਰ ਸਨ।

# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532



# INDIA MARKET
SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Plate Only for $2.99

Chaat Papdi. Samosa Chaat. Pani Puri. Dahi Vada. Bhel Puri Chaat

Music, Fabric, Artificial Jewelry, Sweets, Fresh Vegetables & more



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

We have the largest collection for Indian, Fijian & Pakistani Grocery



The Threading queen
threading & HEENA TATTOOS

We accept EBT cards

Call for appointment
(916) 297-0150, (916) 316-8199

Eyebrow Threading & Henna Tattoo (each hand)
Only for $ 5.00
(Regular $ 8.00)
Walk In Welcome
Mon-Sat 10am to 7 pm

1265 Pleasant Grove Blvd. # 100 Roseville, CA 95747 916-786-7666

5203 Elkhorn Blvd.Sacramento, CA 95842 916-338-5511








# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜ੍ਹੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com

Phone: 510-538-1138

# PCS SACRAMENTO

**Presents** (USA)

Non Profit — Since 1990

## 26ਵਾਂ ਵਿਸਾਖੀ ਮੇਲਾ

# Visakhi Mela




**Featuring : Songs, Gidha & Bhangra, Dances, Skits and Much More**

**Celebration On Saturday 18th April 2015 at 3:00 P.M.**

## S.E.S. Hall

**10427 E. STOCKTON BLVD. ELK GROVE, CA 95624**

*Spcl. Appearance*

**Bhangra & Gidda**



ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

**ਪ੍ਰਬੰਧਕੀ ਕਮੇਟੀ:** ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੋਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਛੋਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਪਾਲ ਸਿੰਘ, ਮਨੋਹਰ ਲਾਲ ਰੱਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਦਲਜੀਤ ਸਿੰਘ ਲੋਪੋਂ, ਭੋਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਜਤਿੰਦਰ ਸਿੰਘ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

**ਸਪੋਂਸਰ ਕਰਤਾ:** ਹਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਇੰਦਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ ਫਲੋਰੀਨ), ਬੱਗਾ ਪੈਲੇਸ, ਇੰਡੀਆ ਹਾਊਸ ਆਫ਼ ਗਰੋਸਰੀ, ਦੇਸੀ ਬਾਜ਼ਾਰ, ਇੰਡੀਆ ਸਪਾਈਸਜ਼ ਐਂਡ ਮਿਊਜ਼ਿਕ ਇਨ ਐਲਕਗ੍ਰੋਵ, ਰਾਜਿੰਦਰ ਸਿੰਘ, ਗੁਰਨੇਕ ਸਿੰਘ, ਜਸਵਿੰਦਰ ਸੰਧੂ, ਅਵਤਾਰ ਅਟਵਾਲ, ਚਰਨ ਬੜਵਾਲ, ਪਿਆਰਾ ਸਿੰਘ ਪਰਹਾਰ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਢਿਲੋਂ (ਮੋਡੇਸਟੋ), ਮਨਪ੍ਰੀਤ ਸਿੰਘ, ਪਰਮਿੰਦਰਜੀਤ ਸਿੰਘ, ਜਸਵੰਤ ਸਿੰਘ, ਗੁਰਚੇਤਨ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਬੋਬੀ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਜਸਵਿੰਦਰ ਬੋਪਾਰਾਏ, ਜਸਵੀਰ ਥਾਂਦੀ (World Financial Group), ਸਾਬੀ Cargo Transit, ਅਕਲੇਸ਼ ਸਿੰਘ (ਕੁਆਲਿਟੀ ਵੈਡਿੰਗ), ਅਟਵਾਲ ਬ੍ਰਦਰਜ਼ (ਮਰਸਿੱਦ) Shaheed Baba Deep Singh Ji Sports Club ਸੁਖਚੈਨ ਸਿੰਘ ਅਤੇ ਕਿਰਨਜੀਤ ਢੱਡਾ।

*For More Information Please Contact :* *Participation:* **Rashpal Pharwala (916) 880-0531,** *Stalls:* **Tirath Sahota (916) 271-8382, Amrik Parhar (916) 502-0064,** *Host by:* **Jaswant S. Shad (209) 992-7185**

**ADMISSION FREE** Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

**Website : www.sacpcs.com**

Printer : Barapind Printing Press (E-mail: barapindpress@gmail.com)






# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ 317ਵੇਂ ਪ੍ਰਗਟ ਦਿਹਾੜੇ, ਸਟਾਕਟਨ ਦੇ 17ਵੇਂ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਾਰੀ ਦੁਨੀਆਂ ਵਿਚ ਵੱਸਦੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ ਲੱਖ ਲੱਖ ਵਧਾਈਆਂ

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com
Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com